ਸੋਮਵਾਰ, 4 ਦਸੰਬਰ, 2023

19 ਮੱਘਰ { ਨਾਨਕਸ਼ਾਹੀ 555 / ਬਿਕਰਮੀ 2080 }

ਜਿਲਦ/VOL. : 72

ਅੰਕ/NO. : 184

# ਨਵਾਂ ਜ਼ਮਾਨਾ

DAILY NAWAN ZAMANA • MONDAY, 4 DECEMBER, 2023

ਜਲੰਧਰ

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12



SSR2024

# ਕੀ ਦੇਸ਼ ਦਾ ਫਾਰਮ ਭਰਿਆ ?

ਵੋਟਰ ਬਣੋ ਜਾਂ ਫਿਰ ਵੋਟਰ ਲਿਸਟ ’ਚ ਆਪਣੀ ਜਾਣਕਾਰੀ ਅਪਡੇਟ ਕਰੋ

ਵਧੇਰੇ ਜਾਣਕਾਰੀ ਲਈ 8929441950 ’ਤੇ ਮਿਸਡ ਕਾਲ ਦਿਓ

ਫਾਲੋ ਕਰੋ
/ecisveep /eci
/ECIVoterEducation
/Election Commission of India

voters.eci.gov.in ’ਤੇ ਲਾਗਆਨ ਕਰੋ

ਵੋਟਰ ਸੁਵਿਧਾ ਕੇਂਦਰ ਦੇ ਮਾਧਿਅਮ ਰਾਹੀਂ ਅਰਜ਼ੀ ਦਿਓ ਜਾਂ ਆਪਣੇ BLO ਨਾਲ ਸੰਪਰਕ ਕਰੋ

ਵੋਟਰ ਹੈਲਪਲਾਈਨ ਐਪ ਡਾਊਨਲੋਡ ਕਰੋ

Play Store Apple Store



ਸ੍ਰੀ ਰਾਜਕੁਮਾਰ ਰਾਓ
ਨੈਸ਼ਨਲ ਆਇਕਾਨ ਆਫ਼ ਈ ਸੀ ਆਈ

CBC 52101/13/0010/2324


# ਕਾਂਗਰਸ ਨੂੰ ਹੰਕਾਰ ਲੈ ਬੈਠਾ

## ਰਾਜਸਥਾਨ ਤੇ ਛੱਤੀਸਗੜ੍ਹ ਗੁਆਏ, ਮੱਧ ਪ੍ਰਦੇਸ਼ ’ਚ ਭਾਜਪਾ ਦੀ ਧੜੱਲੇਦਾਰ ਜਿੱਤ, ਤਿਲੰਗਾਨਾ ’ਚ ਸੱਤਾ ਵਿਰੋਧੀ ਗੁੱਸੇ ਦਾ ਕਾਂਗਰਸ ਨੂੰ ਫਾਇਦਾ

**ਨਵੀਂ ਦਿੱਲੀ** : ਨਿੱਕੀਆਂ ਪਾਰਟੀਆਂ ਨੂੰ ਨਾਲ ਨਾ ਲੈ ਕੇ ਚੱਲਣ ਦੀ ਨੀਤੀ ਦਾ ਖਮਿਆਜ਼ਾ ਕਾਂਗਰਸ ਨੇ ਐਤਵਾਰ ਰਾਜਸਥਾਨ ਤੇ ਛੱਤੀਸਗੜ੍ਹ ਵਿਚ ਸੱਤਾ ਗੁਆ ਕੇ ਭੁਗਤਿਆ ਅਤੇ ਮੱਧ ਪ੍ਰਦੇਸ਼ ਵਿਚ ਵੀ ਭਾਜਪਾ ਨੂੰ ਟੱਕਰ ਦੇਣ ਵਿਚ ਨਾਕਾਮ ਰਹੀ। ਤਿਲੰਗਾਨਾ ਵਿਚ ਸੱਤਾਧਾਰੀ ਭਾਰਤ ਰਾਸ਼ਟਰ ਸਮਿਤੀ ਖਿਲਾਫ ਲੋਕਾਂ ਦੇ ਗੁੱਸੇ ਦੇ ਸਦਕੇ ਕਾਂਗਰਸ ਨੂੰ ਸੱਤਾ ਨਸੀਬ ਹੋ ਗਈ। ਅਸੰਬਲੀ ਚੋਣਾਂ ਦੇ ਨਤੀਜਿਆਂ ਨੇ ਇਹ ਵੀ ਦਿਖਾਇਆ ਕਿ ਕਾਂਗਰਸੀ ਆਗੂ ਮੰਦਰਾਂ ਦੇ ਜਿੰਨੇ ਮਰਜ਼ੀ ਚੱਕਰ ਲਾ ਲੈਣ, ਧਰਮ ਦਾ ਸਹਾਰਾ ਲੈ ਕੇ ਉਹ ਭਾਜਪਾ ਨੂੰ ਹਰਾ ਨਹੀਂ ਸਕਦੇ, ਉਨ੍ਹਾਂ ਨੂੰ ਸੈਕੂਲਰਿਜ਼ਮ ਵੱਲ ਪਰਤਣਾ ਹੀ ਪੈਣਾ ਹੈ।

ਕਾਂਗਰਸ ਦਾ ਹੰਕਾਰ ਏਨਾ ਸੀ ਕਿ ਉਸ ਨੇ ਰਾਜਸਥਾਨ, ਛੱਤੀਸਗੜ੍ਹ ਤੇ ਮੱਧ ਪ੍ਰਦੇਸ਼ ਵਿਚ ਨਿੱਕੀਆਂ ਪਾਰਟੀਆਂ ਨੂੰ ਮੂੰਹ ਨਹੀਂ ਲਾਇਆ। ਉਹ ਆਪਣੀਆਂ ਸੀਟਾਂ ਵਧਾ ਸਕਦੀ ਸੀ, ਜੇ ਨਿੱਕੀਆਂ ਪਾਰਟੀਆਂ ਨਾਲ ਗੱਠਜੋੜ ਕੀਤਾ ਹੁੰਦਾ। ਨਤੀਜਿਆਂ ਦੇ ਸ਼ਾਮ ਤੱਕ ਦੇ ਰੁਝਾਨਾਂ ਮੁਤਾਬਕ ਭਾਜਪਾ ਮੱਧ ਪ੍ਰਦੇਸ਼ ਵਿਚ 230 ਵਿੱਚੋਂ 165 ਸੀਟਾਂ ’ਤੇ ਅੱਗੇ ਚਲਦਿਆਂ ਧੜੱਲੇ ਨਾਲ ਮੁੜ ਸੱਤਾ ਵਿਚ ਆ ਰਹੀ ਸੀ। ਰਾਜਸਥਾਨ ਵਿਚ ਵੀ ਉਸ ਨੇ 199 ਵਿੱਚੋਂ 115 ’ਤੇ ਅੱਗੇ ਚਲਦਿਆਂ ਕਾਂਗਰਸ ਨੂੰ ਸੱਤਾ ਤੋਂ ਬੇਦਖਲ ਕਰ ਦਿੱਤਾ ਸੀ। ਸੂਬੇ ਵਿਚ ਨਿੱਕੀਆਂ ਪਾਰਟੀਆਂ ਦੇ ਉਮੀਦਵਾਰ ਤੇ ਬਾਗੀ 6 ਸੀਟਾਂ ਜਿੱਤ ਚੁੱਕੇ ਸਨ ਤੇ 9 ਸੀਟਾਂ ’ਤੇ ਅੱਗੇ ਚੱਲ ਰਹੇ ਸਨ। ਇਨ੍ਹਾਂ ਨਾਲ ਗੱਠਜੋੜ ਕਾਂਗਰਸ ਨੂੰ ਕਾਫੀ ਫਾਇਦਾ ਪਹੁੰਚਾ ਸਕਦਾ ਸੀ। ਕਾਂਗਰਸ ਨੂੰ ਛੱਤੀਸਗੜ੍ਹ ਤੋਂ ਬਹੁਤ ਆਸਾਂ ਸਨ, ਪਰ ਉਥੇ ਵੀ 90 ਸੀਟਾਂ ਵਿੱਚੋਂ 54 ’ਤੇ ਭਾਜਪਾ ਅੱਗੇ ਸੀ, ਜਦਕਿ ਕਾਂਗਰਸ ਨੂੰ 34 ਸੀਟਾਂ ਮਿਲਦੀਆਂ ਨਜ਼ਰ ਆ ਰਹੀਆਂ ਸਨ। ਤਿਲੰਗਾਨਾ ਵਿਚ 119 ਵਿੱਚੋਂ ਕਾਂਗਰਸ 64 ਸੀਟਾਂ ਨਾਲ ਸੱਤਾ ਵਿਚ ਆ ਰਹੀ ਸੀ। ਤਿਲੰਗਾਨਾ ਨੂੰ ਕਾਂਗਰਸ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਵੱਖਰਾ ਰਾਜ ਬਣਾਇਆ ਸੀ, ਪਰ ਉੱਥੇ ਸੱਤਾ ਉਸ ਨੂੰ ਪਹਿਲੀ ਵਾਰ ਨਸੀਬ ਹੋ ਰਹੀ ਹੈ। ਤਾਜ਼ਾ ਚੋਣ ਨਤੀਜਿਆਂ ਤੋਂ ਬਾਅਦ 12 ਰਾਜਾਂ ਵਿਚ ਭਾਜਪਾ ਦੀਆਂ ਸਰਕਾਰਾਂ ਹੋ ਜਾਣਗੀਆਂ ਅਤੇ ਕਾਂਗਰਸ ਦੀਆਂ ਰਾਜਸਥਾਨ ਤੇ ਛੱਤੀਸਗੜ੍ਹ ਦੀ ਹਾਰ ਤੋਂ ਬਾਅਦ ਤਿੰਨ ਰਹਿ ਜਾਣਗੀਆਂ। ਇਸ ਵੇਲੇ ਕਾਂਗਰਸ ਦੀਆਂ ਹਿਮਾਚਲ ਤੇ ਕਰਨਾਟਕ ਵਿਚ ਸਰਕਾਰਾਂ ਹਨ ਤੇ ਤਿਲੰਗਾਨਾ ਦੀ ਜਿੱਤ ਨਾਲ ਇਕ ਹੋਰ ਬਣ ਜਾਵੇਗੀ। ਤੀਜੇ ਨੰਬਰ ’ਤੇ ‘ਆਪ’ ਹੈ, ਜਿਸ ਦੀਆਂ ਦਿੱਲੀ ਤੇ ਪੰਜਾਬ ਵਿਚ ਸਰਕਾਰਾਂ ਹਨ। ਭਾਜਪਾ ਉੱਤਰਾਖੰਡ, ਹਰਿਆਣਾ, ਯੂ ਪੀ, ਗੁਜਰਾਤ, ਗੋਆ, ਅਸਾਮ, ਤ੍ਰਿਪੁਰਾ, ਮਨੀਪੁਰ, ਅਰੁਣਾਚਲ ਵਿਚ ਪਹਿਲਾਂ ਹੀ ਸੱਤਾ ਵਿਚ ਸੀ ਅਤੇ ਹੁਣ ਉਸ ਨੇ ਮੱਧ ਪ੍ਰਦੇਸ਼ ਮੁੜ ਜਿੱਤ ਲਿਆ ਹੈ, ਜਦਕਿ ਰਾਜਸਥਾਨ ਤੇ ਛੱਤੀਸਗੜ੍ਹ ਕਾਂਗਰਸ ਤੋਂ ਖੋਹ ਲਏ ਹਨ। ਭਾਜਪਾ ਮਹਾਰਾਸ਼ਟਰ, ਨਾਗਾਲੈਂਡ, ਮੇਘਾਲਿਆ ਤੇ ਸਿੱਕਮ ਵਿਚ ਵੀ ਕੁਲੀਸ਼ਨ ਸਰਕਾਰਾਂ ਵਿਚ ਸ਼ਾਮਲ ਹੈ। ਕਾਂਗਰਸ ਬਿਹਾਰ ਤੇ ਝਾਰਖੰਡ ਵਿਚ ਕੁਲੀਸ਼ਨ ਸਰਕਾਰਾਂ ਵਿਚ ਹੈ। ਤਾਮਿਲਨਾਡੂ ਵਿਚ ਡੀ ਐੱਮ ਕੇ ਦੀ ਅਗਵਾਈ ਵਾਲੇ ਗੱਠਜੋੜ ਵਿਚ ਸ਼ਾਮਲ ਹੈ, ਪਰ ਸਰਕਾਰ ਵਿਚ ਸ਼ਾਮਲ ਨਹੀਂ।

ਦੇਸ਼ ਵਿਚ ਇਸ ਵੇਲੇ ਛੇ ਕੌਮੀ ਪਾਰਟੀਆਂ ਹਨ—ਭਾਜਪਾ, ਕਾਂਗਰਸ, ਬਸਪਾ, ਸੀ ਪੀ ਆਈ (ਐੱਮ), ਨੈਸ਼ਨਲ ਪੀਪਲਜ਼ ਪਾਰਟੀ ਤੇ ‘ਆਪ’।

2024 ਵਿਚ ਸਿੱਕਮ, ਅਰੁਣਾਚਲ, ਓਡੀਸ਼ਾ ਤੇ ਆਂਧਰਾ ਵਿਚ ਅਸੰਬਲੀ ਚੋਣਾਂ ਹੋਣੀਆਂ ਹਨ। ਜੰਮੂ-ਕਸ਼ਮੀਰ ਦੀਆਂ ਚੋਣਾਂ ਵੀ ਪੈਂਡਿੰਗ ਹਨ।

ਇਸੇ ਦੌਰਾਨ 2024 ਦੀਆਂ ਲੋਕ ਸਭਾ ਚੋਣਾਂ ਲਈ ਰਣਨੀਤੀ ਘੜਨ ਲਈ ਵਿਰੋਧੀ ਧਿਰ ਇੰਡੀਆ ਗੱਠਜੋੜ ਦੇ ਆਗੂ 6 ਦਸੰਬਰ ਨੂੰ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਦੀ ਦਿੱਲੀ ਸਥਿਤ ਰਿਹਾਇਸ਼ ’ਤੇ ਬੈਠਕ ਕਰਨਗੇ। ਕਾਂਗਰਸ ਆਮ ਚੋਣਾਂ ਲਈ ਵਿਰੋਧੀ ਧੜੇ ਦੀ ਰਣਨੀਤੀ ਅਤੇ ਸੀਟਾਂ ਵੰਡ ਨੂੰ ਅੰਤਮ ਰੂਪ ਦੇਣ ਤੋਂ ਪਹਿਲਾਂ ਪੰਜ ਰਾਜਾਂ ਦੀਆਂ ਅਸੰਬਲੀ ਚੋਣਾਂ ਦੇ ਨਤੀਜਿਆਂ ਦੀ ਉਡੀਕ ਕਰ ਰਹੀ ਸੀ।

## ਰਾਜੋਆਣਾ ਦੀ ਸਜ਼ਾ ਮੁਆਫੀ ਲਈ ਦਾਇਰ ਪਟੀਸ਼ਨ ਵਾਪਸ ਨਾ ਲੈਣ ਦਾ ਫੈਸਲਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਥਕ ਨੁਮਾਇੰਦਿਆਂ ਨਾਲ ਮੀਟਿੰਗ ਤੋਂ ਬਾਅਦ ਐਤਵਾਰ ਅੰਤਰਿੰਗ ਕਮੇਟੀ ਦੀ ਮੀਟਿੰਗ ’ਚ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫੀ ਸੰਬੰਧੀ ਦਾਇਰ ਪਟੀਸ਼ਨ ਨੂੰ ਵਾਪਸ ਨਾ ਲੈਣ ਫੈਸਲਾ ਕੀਤਾ। ਉਸ ਨੇ ਰਾਜੋਆਣਾ ਨੂੰ ਅਪੀਲ ਕੀਤੀ ਹੈ ਕਿ ਉਹ ਪੰਜ ਦਸੰਬਰ ਨੂੰ ਭੁੱਖ ਹੜਤਾਲ ਕਰਨ ਦਾ ਫੈਸਲਾ ਵਾਪਸ ਲੈਣ। ਮੀਡੀਆ ਨਾਲ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦਾ ਇੱਕ ਵਫਦ ਰਾਜੋਆਣਾ ਨੂੰ ਮਿਲੇਗਾ।

ਸ਼੍ਰੋਮਣੀ ਕਮੇਟੀ ਦੀ ਅਗਵਾਈ ਹੇਠ 20 ਦਸੰਬਰ ਨੂੰ ਦਿੱਲੀ ’ਚ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਇਕੱਠ ਕੀਤਾ ਜਾਵੇਗਾ ਅਤੇ ਮਗਰੋਂ ਰੋਸ ਮਾਰਚ ਕਰਦਿਆਂ ਰਾਸ਼ਟਰਪਤੀ ਭਵਨ ਨੂੰ 26 ਲੱਖ ਲੋਕਾਂ ਵੱਲੋਂ ਭਰੇ ਗਏ ਪ੍ਰਫਾਰਮੇ ਸੌਂਪੇ ਜਾਣਗੇ। ਰੋਸ ਮਾਰਚ ’ਚ ਸਮੂਹ ਸਿੱਖ ਜਥੇਬੰਦੀਆਂ, ਸਿਆਸੀ ਜਥੇਬੰਦੀਆਂ ਤੇ ਹੋਰ ਧਾਰਮਕ ਜਥੇਬੰਦੀਆਂ ਤੋਂ ਇਲਾਵਾ ਵੱਖ-ਵੱਖ ਸੂਬਿਆਂ ਤੋਂ ਸਿੱਖ ਨੁਮਾਇੰਦੇ ਵੀ ਸ਼ਾਮਲ ਹੋਣਗੇ।

## ਕਾਮਰੇਡ ਭਗਵਾਨ ਸਿੰਘ ਅਣਖੀ ਦੀ 32ਵੀਂ ਬਰਸੀ ਦੀਆਂ ਤਿਆਰੀਆਂ ਸ਼ੁਰੂ : ਗੰਡੀਵਿੰਡ



**ਪਟਿਆਲਾ** : ਬਿਜਲੀ ਕਾਮਿਆਂ ਦੀ ਸਿਰਮੌਰ ਜਥੇਬੰਦੀ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦੇ ਸਾਬਕਾ ਸੂਬਾ ਪ੍ਰਧਾਨ ਮਰਹੂਮ ਕਾਮਰੇਡ ਭਗਵਾਨ ਸਿੰਘ ਅਣਖੀ ਦੀ 32ਵੀਂ ਬਰਸੀ ਜੋ ਹਰੇਕ ਸਾਲ ਦੀ ਤਰ੍ਹਾਂ 6 ਦਸੰਬਰ (ਬੁੱਧਵਾਰ) ਨੂੰ ਅਣਖੀ ਯਾਦਗਾਰੀ ਭਵਨ ਫੈਕਟਰੀ ਏਰੀਆ, ਪਟਿਆਲਾ ਵਿੱਚ ਪੂਰੇ ਜੋਸ਼ੋ-ਖਰੋਸ਼ ਨਾਲ ਮਨਾਈ ਜਾ ਰਹੀ ਹੈ, ਦੀਆਂ ਜ਼ੋਰਦਾਰ ਤਿਆਰੀਆਂ ਚੱਲ ਰਹੀਆਂ ਹਨ। ਇਸ ਸੰਬੰਧੀ ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਤੇ ਜਨਰਲ ਸਕੱਤਰ ਸਰਿੰਦਰਪਾਲ ਲਹੌਰੀਆ, ਵਰਕਿੰਗ ਪ੍ਰਧਾਨ ਗੁਰਵਿੰਦਰ ਸਿੰਘ, ਡਿਪਟੀ ਜਨਰਲ ਸਕੱਤਰ ਰਛਪਾਲ ਸਿੰਘ ਪਾਲੀ ਅਤੇ ਦਰਸ਼ਨ ਲਾਲ ਨੇ ਸਾਂਝੇ ਬਿਆਨ ਰਾਹੀਂ ਜਾਣਕਾਰੀ ਦਿੰਦਿਆ ਦੱਸਿਆ ਕਿ ਕਾਮਰੇਡ ਅਣਖੀ ਦੀ ਬਰਸੀ ਮਨਾਉਣ ਲਈ ਜਥੇਬੰਦੀ ਦੇ ਸਾਬਕਾ ਸੂਬਾ ਪ੍ਰਧਾਨ ਅਤੇ ਕੁੱਲ ਹਿੰਦ ਬਿਜਲੀ ਫੈਡਰੇਸ਼ਨ ਦੇ ਆਗੂ ਹਰਭਜਨ ਸਿੰਘ ਪਿਲਖਣੀ ਅਤੇ ਸੂਬਾ ਖਜ਼ਾਨਚੀ ਬਲਜੀਤ ਕੁਮਾਰ ਦੀ ਅਗਵਾਈ ਹੇਠ ਪਟਿਆਲਾ ਸਰਕਲ ਦੀ ਸਮੁੱਚੀ ਲੀਡਰਸ਼ਿਪ ਵੱਲੋਂ ਅਣਖੀ ਯਾਦਗਾਰੀ ਭਵਨ ਸਮੇਤ ਸਮੁੱਚੇ ਫੈਕਟਰੀ ਏਰੀਆ ਨੂੰ ਲਾਲ ਝੰਡੀਆਂ ਨਾਲ ਸਜਾਇਆ ਜਾ ਰਿਹਾ ਹੈ। ਬਰਸੀ ਸਮਾਗਮ ਵਿੱਚ ਪਹੁੰਚਣ ਵਾਲੇ ਆਗੂਆਂ ਅਤੇ ਵਰਕਰਾਂ ਲਈ ਚਾਹ ਅਤੇ ਲੰਗਰ ਦਾ ਪ੍ਰਬੰਧ ਸਰਕਲ ਪ੍ਰਧਾਨ ਗੁਰਦਿਆਲ ਸਿੰਘ ਬੱਬੂ ਅਤੇ ਸਕੱਤਰ ਅਰਸ਼ਦੀਪ ਸਿੰਘ , ਬਲਬੀਰ ਸਿੰਘ ਨਾਭਾ, ਕੁਲਦੀਪ ਸਿੰਘ , ਰਾਮ ਰਤਨ, ਸ਼ਾਮ ਸੁੰਦਰ ਦੀ ਦੇਖ- ਰੇਖ ਹੇਠ ਸਰਕਲ ਕਮੇਟੀ ਅਤੇ ਡਵੀਜ਼ਨਾਂ ਦੇ ਪ੍ਰਧਾਨ/ਸਕੱਤਰਾਂ ਸਮੇਤ ਸਮੁੱਚੀ ਟੀਮ ਸ਼ਾਨਦਾਰ ਪ੍ਰਬੰਧ ਕਰਨ ਦੀ ਵਿਉਂਤਬੰਦੀ ਕਰ ਰਹੀ ਹੈ । ਗੰਡੀਵਿੰਡ ਨੇ ਕਿਹਾ ਕਿ ਬਰਸੀ ਸਮਾਗਮ ਨੂੰ ਸੰਬੋਧਨ ਕਰਨ ਲਈ ਪੰਜਾਬ ਏਟਕ ਦੇ ਪ੍ਰਧਾਨ ਬੰਤ ਸਿੰਘ ਬਰਾੜ , ਵਰਕਿੰਗ ਪ੍ਰਧਾਨ ਸੁਖਦੇਵ ਸ਼ਰਮਾ, ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ, ਰੁਜ਼ਗਾਰ

● ਬਾਕੀ ਸਫ਼ਾ 2 ’ਤੇ


# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਾਲਾ ਸੰਘਿਆਂ (ਕਪੂਰਥਲਾ) ਵਿਸ਼ੇਸ਼ ਸਪਲੀਮੈਂਟ

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਪ੍ਰਕਾਸ਼ ਪੁਰਬ ਦੀਆਂ ਸਮੂਹ ਸਾਧ ਸੰਗਤ ਨੂੰ ਲੱਖ ਲੱਖ ਵਧਾਈਆਂ

ਗੁਰਦੁਆਰਾ ਸੰਤ ਬਾਬਾ ਕਾਹਨ ਦਾਸ ਜੀ, ਕਾਲਾ ਸੰਘਿਆਂ









ਨੋਟ : ਗਰੀਬ ਲੋਕਾਂ ਲਈ ਸਸਤਾ ਇਲਾਜ ਜੋ ਪ੍ਰਬੰਧਕ ਕਮੇਟੀ ਦੀ ਦੇਖ-ਰੇਖ ਹੇਠ ਚੱਲ ਰਿਹਾ ਹੈ।

ਬਾਬਾ ਕਾਹਨ ਦਾਸ ਪਾਰਕ ਨੂੰ ਨਵੀਂ ਤਕਨੀਕ ਨਾਲ ਤਿਆਰ ਕੀਤਾ ਜਾ ਰਿਹਾ ਹੈ।

ਹਸਪਤਾਲ ਬਾਬਾ ਕਾਹਨ ਦਾਸ
ਡਾ. ਤਰਲੋਚਨ ਸਿੰਘ ਐਮ ਐਸ



ਧੰਨ ਧੰਨ ਸੰਤ ਬਾਬਾ ਕਾਹਨ ਦਾਸ ਜੀ ਦੀ ਸਾਲਾਨਾ ਬਰਸੀ 21 ਮੱਘਰ 6 ਦਸੰਬਰ, 2023 ਨੂੰ ਕਰਵਾਈ ਜਾ ਰਹੀ ਹੈ। ਇਸ ਮੌਕੇ ਹਲਟ ਦੌੜਾਂ ਵੀ ਕਰਵਾਈਆਂ ਜਾਣਗਾਰੀਆਂ

ਪ੍ਰਮਜੀਤ ਸਿੰਘ ਬੱਸਣ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ
ਫੋਨ : 98150-40743

ਸੰਤ ਹੀਰਾ ਦਾਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਕਾਲਾ ਸੰਘਿਆਂ

ਦੇ ਸਮੂਹ ਕਮੇਟੀ ਮੈਂਬਰਾਨ, ਪ੍ਰਿੰਸੀਪਲ, ਸਟਾਫ਼ ਅਤੇ ਵਿਦਿਆਰਥੀਆਂ ਵੱਲੋਂ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ

- ਪੇਂਡੂ ਇਲਾਕੇ ਦੀ ਮਾਣ ਮੱਤੀ ਅਤੇ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਵਾਲੀ ਸੰਸਥਾ
- ਨਰਸਰੀ ਤੋਂ ਲੈ ਕੇ 10+2 ਤੱਕ ਆਰਟਸ, ਕਾਮਰਸ ਅਤੇ ਸਾਇੰਸ ਦੀਆਂ ਸਾਰੀਆਂ ਕਲਾਸਾਂ ਚੱਲ ਰਹੀਆਂ ਹਨ।
- ਤਜ਼ਰਬੇਕਾਰ ਸਟਾਫ਼ ਦੀ ਮਿਹਨਤ ਸਦਕਾ 2022-23 ਦੇ ਸ਼ਾਨਦਾਰ ਨਤੀਜੇ।



ਬਲਜਿੰਦਰ ਕੌਰ ਸੇਖੋਂ
ਪ੍ਰਿੰਸੀਪਲ
99153-49846

.ਗਦਰੀ ਬਾਬਾ ਹਰਨਾਮ ਸਿੰਘ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਲਾ ਸੰਘਿਆਂ, ਕਪੂਰਥਲਾ

ਦਾਖਲਾ ਸ਼ੁਰੂ Admission Open

6th to 12th Class

ਆਓ, ਆਪਣੇ ਬੱਚੇ ਨੂੰ ਸਰਕਾਰੀ ਸਕੂਲ ਵਿੱਚ ਦਾਖ਼ਲ ਕਰਵਾਓ ਅਤੇ ਉਸ ਦੇ ਭਵਿੱਖ ਉਜਵੱਲ ਬਣਾਓ

ਮੈਡੀਕਲ | ਆਰਟਸ | ਨਾਨ ਮੈਡੀਕਲ | ਵੋਕੇਸ਼ਨ ਵਿਸ਼ੇਸ | ਤਜ਼ਰਬੇਕਾਰ ਅਧਿਆਪਕ | ਸਕਾਲਰਸ਼ਿਪ ਸੁਵਿਧਾ | ਕੈਰੀਅਰ ਗਾਈਡੈਂਸ | ਸਪੋਰਟਸ ਸੁਵਿਧਾਵਾਂ | ਸਮਾਰਟ ਕਲਾਸਰੂਮ | ਆਧੁਨਿਕ ਕੰਪਿਊਟਰ ਲੈਬ | ਲਾਇਬਰੇਰੀ | NSQF | ਐਨ ਸੀ ਸੀ | ਮੁਫ਼ਤ ਕਿਤਾਬਾਂ, ਦੁਪਹਿਰ ਦਾ ਖਾਣਾ ਅਤੇ ਵਜ਼ੀਫ਼ਾ





ਗੁਰਚਰਨ ਸਿੰਘ ਚਾਹਲ
ਪ੍ਰਿੰਸੀਪਲ

ਘਰ-ਘਰ ਜਾਣਾ ਹੈ ਮਾਪਿਆਂ ਨੂੰ ਸਮਝਾਉਣ ਹੈ, ਹਰ ਬੱਚਾ ਸਰਕਾਰੀ ਸਕੂਲ ਵਿੱਚ ਦਾਖ਼ਲ ਕਰਵਾਉਣਾ ਹੈ।

ਮੁੱਖ ਮੰਗ ਸਕੂਲ ਵਿੱਚ ਕਾਮਰਸ ਗਰੁੱਪ ਦੀ ਮਨਜ਼ੂਰੀ ਅਤੇ ਪੋਸਟਾਂ ਜਾਰੀ ਕੀਤੀਆਂ ਜਾਣ।

ਮੋਬਾ. 78892-08532, 01822-294809

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ

ਸੰਤ ਹੀਰਾ ਦਾਸ ਕੰਨਿਆ ਮਹਾਂ ਵਿਦਿਆਲਿਆ, ਕਾਲਾ ਸੰਘਿਆਂ। ਮੋ. 70090-45984, 94172-59858



ਬਲਜਿੰਦਰ ਕੌਰ ਸਚਦੇਵਾ
ਪ੍ਰਿੰਸੀਪਲ

ਚੱਲ ਰਹੇ ਕੋਰਸ

- B.A., B.Com
- B.Sc. (Computer Sci.)
- B.C.A, B.Sc-(N. M)
- D.C/A (Computer Science)
- DCA, PGDCA, PGDD & T
- Course in Dress Designing Under Palahi
- Polytecnic Institute MA (Pbi), M.Sc-IT.
- Add on Course in Cosmetology

SANT HIRA DASS KANYA MAHA VIDYALAYA KALA SANGHIAN

Vocational Subjects
Functional Punjabi
Fashion Designing & Garment Construction
Computer Science
Computer Application

ਸਰਕਾਰੀ ਸੀਨੀ. ਸੈਕੰ. ਸਕੂਲ ਉੱਗੀ, ਜਲੰਧਰ

ਸੁਵਿਧਾਵਾਂ : ਸਮਾਰਟ ਕਲਾਸਰੂਮ, ਉਚ ਸਿੱਖਿਅਤ ਤਜ਼ਰਬੇਕਾਰ ਅਤੇ ਮਿਹਨਤੀ ਸਟਾਫ, ਵਧੀਆ ਬੁਨਿਆਦੀ ਢਾਂਚਾ, ਵਿਸ਼ਾਲ ਖੇਡ ਦਾ ਮੈਦਾਨ, ਸਾਲਾਨਾ ਨਤੀਜੇ 100 ਫੀਸਦੀ, ਆਧੁਨਿਕ ਆਡੀਓ ਵਿਜ਼ੂਅਲ ਢੰਗ ਰਾਹੀਂ ਉਤਮ ਅਧਿਆਪਨ, ਲੋੜਵੰਦ ਵਿਦਿਆਰਥੀਆਂ ਦੀ ਪੂਰੀ ਫੀਸ ਮੁਆਫ਼ ਕੀਤੀ ਜਾਂਦੀ ਹੈ।



ਸੀਮਾ ਚੋਪੜਾ
ਪ੍ਰਿੰਸੀਪਲ

ਨੋਟ : ਸਕੂਲ ਵਿੱਚ ਛੇਵੀਂ ਤੋਂ ਬਾਰ੍ਹਵੀਂ ਤੱਕ ਦਾ ਨਵਾਂ ਦਾਖਲਾ ਸੈਸ਼ਨ 2024-25 ਸ਼ੁਰੂ ਹੈ।

ਸਕੂਲ ਵਿੱਚ ਪਿੰਡ ਦੀਆਂ ਲੜਕੀਆਂ ਲਈ ਸਿਲਾਈ ਅਤੇ ਬਿਊਟੀ ਪਾਰਲਰ ਦਾ ਵਿਸ਼ੇਸ਼ ਪ੍ਰਬੰਧ।

ਸੰਪਰਕ : 98766-06356

ਸਰਕਾਰੀ ਸੀਨੀ. ਸੈਕੰ. ਸਮਾਰਟ ਸਕੂਲ
ਮੱਲ੍ਹੀਆ ਕਲਾ ਤਹਿਸੀਲ ਨਕੋਦਰ, ਜਲੰਧਰ



ਕਮਲ ਗੁਪਤਾ
ਪ੍ਰਿੰਸੀਪਲ

ਪ੍ਰਿੰਸੀਪਲ ਕਮਲ ਗੁਪਤਾ ਅਤੇ ਇਲਾਕਾ ਨਿਵਾਸੀਆਂ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀਆਂ ਲੱਖ-ਲੱਖ ਵਧਾਈਆਂ

ਆਮ ਆਦਮੀ ਪਾਰਟੀ ਕਾਲਾ ਸੰਘਿਆਂ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ





ਸਤਨਾਮ ਸਿੰਘ ਸੰਘਾ
ਸੀਨੀ. ਬਲਾਕ ਪ੍ਰਧਾਨ



ਦਲਵੀਰ ਸਿੰਘ ਰਾਣਾ ਸੁੰਨੜਵਾਲ
ਬਲਾਕ ਪ੍ਰਧਾਨ



ਸੁਲੱਖਣ ਸਿੰਘ ਸ਼ਹਿਰੀਆਂ
ਦਫ਼ਤਰ ਇੰਚਾਰਜ



ਗੁਰਦਾਵਰ ਸਿੰਘ ਖਾਲਸਾ
ਜੱਲੋਵਾਲ



ਡਾ. ਭਗਵਾਨ ਦਾਸ ਲਾਲਕਾ
ਆਪ ਆਗੂ



ਵਿਜੈ ਅਰੋੜਾ
ਆਪ ਆਗੂ



ਮੇਜਰ ਸਿੰਘ ਜੱਲੋਵਾਲ
ਆਪ ਆਗੂ

## ਦਹੀਆ ਵੱਲੋਂ ਪੇਂਡੂ ਤੇ ਦਿਹਾਤੀ ਡਾਕਟਰਾਂ ਦੇ ਹੱਕ 'ਚ ਆਵਾਜ਼ ਚੁੱਕਣਾ ਸ਼ਲਾਘਾਯੋਗ : ਡਾਕਟਰ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਹਲਕਾ ਫਿਰੋਜ਼ਪੁਰ ਦਿਹਾਤੀ ਤੋਂ ਵਿਧਾਇਕ ਐਡਵੋਕੇਟ ਰਜਨੀਸ਼ ਕੁਮਾਰ ਦਹੀਆ ਵੱਲੋਂ ਪਿੰਡਾਂ ਅਤੇ ਦਿਹਾਤੀ ਖੇਤਰ 'ਚ ਸੇਵਾਵਾਂ ਦੇ ਰਹੇ ਆਰ ਐਮ ਪੀ ਡਾਕਟਰਾਂ ਦੇ ਹੱਕ ਵਿੱਚ ਆਵਾਜ਼ ਚੁੱਕਣ ਦੇ ਕਦਮ ਸਦਕਾ ਆਰ ਐਮ ਪੀ ਡਾਕਟਰਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਸ ਮੌਕੇ ਡਾਕਟਰ ਦਲਜੀਤ ਸਿੰਘ ਜੋਸਨ ਰਹੀਮੇ ਕੇ ਅਤੇ ਡਾ. ਗੁਰਪ੍ਰੀਤ ਸਿੰਘ ਸੋਢੀ ਨੇ ਐਡਵੋਕੇਟ ਦਹੀਆ ਵੱਲੋਂ ਡਾਕਟਰਾਂ ਦੇ ਹੱਕਾਂ ਲਈ ਉਠਾਈ ਗਈ ਇਸ ਆਵਾਜ਼ ਦੀ ਸ਼ਲਾਘਾ ਕਰਦੇ ਹੋਏ ਇਸ ਕੰਮ ਲਈ ਵਿਧਾਇਕ ਦਾ ਧੰਨਵਾਦ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਬੇਨਤੀ ਕੀਤੀ ਹੈ ਕਿ ਪਿੰਡਾਂ 'ਚ ਸੇਵਾਵਾਂ ਦੇ ਰਹੇ ਆਰ ਐੱਮ ਪੀ ਡਾਕਟਰਾਂ ਦੀਆਂ ਮੰਗਾਂ ਜਲਦ ਪੂਰੀਆਂ ਕੀਤੀਆਂ ਜਾਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾਕਟਰ ਜੋਗਿੰਦਰ ਸਿੰਘ, ਡਾਕਟਰ ਸੁਬੇਗ ਸਿੰਘ ਸੋਢੀ ਰਹੀਮੇ ਕੇ, ਡਾਕਟਰ ਸੁਖਬੀਰ ਪਾਲ ਰਹੀਮੇ ਕੇ, ਡਾ. ਨਿਰਮਲ ਸਿੰਘ , ਡਾ. ਸੁਰਿੰਦਰ ਅਹੂਜਾ, ਡਾ. ਸੱਤਪਾਲ ਕੰਬੋਜ ਅਤੇ ਹੋਰ ਬਹੁਤ ਸਾਰੇ ਡਾਕਟਰੀ ਕਿੱਤੇ ਨਾਲ ਸਬੰਧਤ ਲੋਕ ਹਾਜ਼ਰ ਸਨ।

## ਬਿਰਧ ਆਸ਼ਰਮ 'ਚ ਅੱਖਾਂ ਦਾ ਮੁਫ਼ਤ ਕੈਂਪ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਬਿਰਧ ਆਸ਼ਰਮ ਸੇਵਾ ਸੁਸਾਇਟੀ ਮਹਿਲ ਕਲਾਂ ਦੇ ਪ੍ਰਧਾਨ ਭਾਈ ਲਖਵੀਰ ਸਿੰਘ ਗੰਗੋਹਰ ਦੇ ਉੱਦਮ ਸਦਕਾ ਬਾਠ ਚੈਰੀਟੇਬਲ ਅੱਖਾਂ ਦਾ ਹਸਪਤਾਲ ਜਲਾਲਦੀਵਾਲ ਵਲੋਂ ਅੱਖਾਂ ਦੀ ਮੁਫ਼ਤ ਜਾਂਚ, ਅਪ੍ਰੇਸ਼ਨ ਕੈਂਪ ਬਿਰਧ ਆਸ਼ਰਮ ਮਹਿਲ ਕਲਾਂ ਵਿਖੇ ਲਗਾਇਆ ਗਿਆ। ਇਸ ਮੌਕੇ ਬਾਠ ਚੈਰੀਟੇਬਲ ਹਸਪਤਾਲ ਜਲਾਲਦੀਵਾਲ ਤੋਂ ਅੱਖਾਂ ਦੇ ਮਾਹਿਰ ਡਾ. ਬਲਵਿੰਦਰ ਸਿੰਘ, ਡਾ. ਜੋਤੀ ਲਵਪ੍ਰੀਤ ਕੌਰ, ਡਾ. ਗੁਰਨੈਬ ਸਿੰਘ ਭਾਈ ਰੂਪਾ, ਤੇਜਵੰਤ ਸਿੰਘ ਬਿੱਟੂ ਅਲਬੇਲਾ ਦੀ ਅਗਵਾਈ ਹੇਠ ਸਹਿਯੋਗੀ ਟੀਮ ਵਲੋਂ 200 ਮਰੀਜ਼ਾਂ ਦੀ ਜਾਂਚ ਕਰਕੇ ਮੁਫ਼ਤ ਦਵਾਈਆਂ ਵੰਡੀਆਂ ਅਤੇ ਲੋੜਵੰਦ 50 ਮਰੀਜ਼ਾਂ ਨੂੰ ਲੈਂਜ਼ ਪਾਉਣ ਲਈ ਰੈਫਰ ਕੀਤਾ ਗਿਆ। ਇਸ ਮੌਕੇ ਡੀ ਐਸ ਪੀ ਕੰਵਲਪਾਲ ਸਿੰਘ ਬਾਜਵਾ, ਸੰਤ ਬਾਬਾ ਕੇਹਰ ਸਿੰਘ ਮੁੱਖ ਸੇਵਾਦਾਰ ਠਾਠ ਨਾਨਕਸਰ, ਭਾਈ ਜਗਸੀਰ ਸਿੰਘ ਖਾਲਸਾ, ਹਲਕਾ ਇੰਚਾਰਜ ਜਥੇ: ਨਾਥ ਸਿੰਘ ਹਮੀਦੀ, ਬਾਬਾ ਸ਼ੇਰ ਸਿੰਘ ਨੇ ਸਮੂਹ ਪ੍ਰਬੰਧਕਾਂ, ਬਾਠ ਚੈਰੀਟੇਬਲ ਹਸਪਤਾਲ ਦੀ ਸਮੂਹ ਟੀਮ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਮੁੱਖ ਪ੍ਰਬੰਧਕ ਭਾਈ ਲਖਵੀਰ ਸਿੰਘ ਗੰਗੋਹਰ, ਸੇਵਾਦਾਰ ਭਾਈ ਸੁਖਚੈਨ ਸਿੰਘ, ਬੂਟਾ ਸਿੰਘ ਪਾਲ, ਅਜੀਤ ਸਿੰਘ ਹਰਦਾਸਪੁਰਾ, ਜੋਗਿੰਦਰ ਸਿੰਘ ਢਿੱਲੋਂ, ਡਾ. ਨਾਹਰ ਸਿੰਘ, ਹਰੀਪਾਲ ਸਿੰਘ ਮਹਿਲ ਖੁਰਦ, ਭਾਈ ਰਾਜਵਿੰਦਰ ਸਿੰਘ ਖਾਲਸਾ, ਸਵਰਨ ਸਿੰਘ, ਨਰਿੰਦਰ ਸ਼ਰਮਾ ਆਦਿ ਆਗੂਆਂ ਦੀ ਅਗਵਾਈ ਹੇਠ ਡਾਕਟਰ ਸਾਹਿਬਾਨ, ਵੱਖ ਵੱਖ ਸ਼ਖਸੀਅਤਾਂ ਨੂੰ ਸਨਮਾਨਤ ਕੀਤਾ ਗਿਆ।

## ਜ਼ਿਲ੍ਹਾ ਪੁਲਸ ਮੁਖੀ ਵੱਲੋਂ ਪੰਨੀਵਾਲਾ ਨਾਕਾ ਤੇ ਥਾਣਾ ਲੱਖੇਵਾਲੀ ਦੀ ਅਚਨਚੇਤ ਚੈਕਿੰਗ



**ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ)**-ਸ਼ਨੀਵਾਰ ਭਾਗੀਰਥ ਸਿੰਘ ਮੀਨਾ ਐਸ ਐਸ ਪੀ ਸ੍ਰੀ ਮੁਕਤਸਰ ਸਾਹਿਬ ਵੱਲੋਂ ਸੁਰੱਖਿਆ ਦਾ ਜਾਇਜ਼ਾ ਲੈਣ ਲਈ ਪੰਨੀਵਾਲਾ ਨਾਕਾ ਅਤੇ ਥਾਣਾ ਲੱਖੇਵਾਲੀ ਵਿਖੇ ਅਚਨਚੇਤ ਚੈਕਿੰਗ ਕੀਤੀ ਗਈ ਅਤੇ ਪੁਲਸ ਮੁਲਾਜ਼ਮਾਂ ਨੂੰ ਡਿਊਟੀ ਪ੍ਰਤੀ ਹਦਾਇਤਾਂ ਜਾਰੀ ਕੀਤੀਆਂ ਗਈਆਂ। ਐਸ.ਐਸ.ਪੀ ਨੇ ਜਾਣਕਾਰੀ ਦਿੰਦੇ ਦੱਸਿਆ ਕੇ ਜ਼ਿਲ੍ਹੇ ਅੰਦਰ ਅਮਨ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਅਤੇ ਸ਼ਰਾਰਤੀ ਅਨਸਰਾਂ 'ਤੇ ਨਕੇਲ ਕੱਸਣ ਲਈ ਪੁਲਸ ਦੀਆਂ ਵੱਖ ਵੱਖ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਇਸ ਤਹਿਤ ਹੀ ਅੱਜ ਥਾਣਾ ਲੱਖੇਵਾਲੀ ਅਤੇ ਪੰਨੀਵਾਲੇ ਨਾਕੇ 'ਤੇ ਅਚਨਚੇਤ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ ਪੁਲਸ ਮੁਲਾਜ਼ਮਾਂ ਵੱਲੋਂ ਕੀਤੀ ਜਾ ਰਹੀ ਡਿਊਟੀ ਪ੍ਰਤੀ ਜਾਣਕਾਰੀ ਹਾਸਲ ਕੀਤੀ ਗਈ ਅਤੇ ਉਨ੍ਹਾਂ ਨੂੰ ਡਿਊਟੀ ਪ੍ਰਤੀ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ। ਉਨ੍ਹਾਂ ਪੁਲਸ ਮੁਲਾਜ਼ਮਾਂ ਨੂੰ ਕਿਹਾ ਕਿ ਥਾਣੇ ਵਿੱਚ ਆਪਣੀਆਂ ਸ਼ਿਕਾਇਤਾਂ ਲੈ ਕੇ ਆ ਰਹੇ ਲੋਕਾਂ ਨੂੰ ਪਹਿਲ ਦੇ ਅਧਾਰ 'ਤੇ ਸੁਣਿਆ ਜਾਵੇ ਅਤੇ ਉਨ੍ਹਾਂ ਵੱਲੋਂ ਦਿੱਤੀ ਗਈ ਦਰਖਾਸਤ ਦਾ ਛੇਤੀ ਤੋਂ ਛੇਤੀ ਨਿਪਟਾਰਾ ਕੀਤਾ ਜਾਵੇ। ਥਾਣਿਆਂ ਅੰਦਰ ਅਸਲਾ, ਥਾਣੇ ਵਿੱਚ ਲੱਗੇ ਸੀ.ਸੀ.ਟੀ.ਵੀ. ਕੈਮਰੇ, ਬੋਡੀ ਪ੍ਰੋਟੈਕਟਰ, ਕੈਨਸੀਲਡਾਂ, ਥਾਣੇ ਵਿੱਚ ਪੁਲਸ ਦੀ ਨਫਰੀ ਅਤੇ ਸੀਨੀਅਰ ਅਫਸਰਾਂ ਨਾਲ ਤਾਲ ਮੇਲ ਕਰਨ ਲਈ ਵਾਇਰਲ ਸੈੱਟ ਦਾ ਜਾਇਜ਼ਾ ਲਿਆ ਗਿਆ । ਉਨ੍ਹਾ ਕਿਹਾ ਕਿ ਜੇ ਕੋਈ ਵਿਅਕਤੀ ਸਾਨੂੰ ਜਾਣਕਾਰੀ ਦੇਣਾ ਚਹੁੰਦਾ ਹੈ ਤਾਂ ਉਹ ਸਾਡੇ ਹੈਲਪ ਲਾਈਨ ਨੰਬਰ 80549-42100 'ਤੇ ਫੋਨ ਕਾਲ ਜਾਂ ਵਟਸਐਪ 'ਤੇ ਮੈਸਿਜ ਰਾਹੀਂ ਦੇ ਸਕਦੇ ਹੋ। ਜਾਣਕਾਰੀ ਦੇਣ ਵਾਲੇ ਦਾ ਨਾਮ ਗੁਪਤ ਰੱਖਿਆ ਜਾਵੇਗਾ।

## ਕੈਡਿਟਾਂ ਨੂੰ ਅੱਗ ਬੁਝਾਉਣ ਬਾਰੇ ਜਾਣਕਾਰੀ



**ਨਾਭਾ (ਵਰਿੰਦਰ ਵਰਮਾ)**-14 ਪੰਜਾਬ ਬਟਾਲੀਅਨ ਐਨ.ਸੀ.ਸੀ. ਨਾਭਾ ਵੱਲੋਂ ਐਨ.ਸੀ.ਸੀ ਦਾ 10 ਰੋਜ਼ਾ ਸਲਾਨਾ ਟਰੇਨਿੰਗ ਕੈਂਪ 25 ਨਵੰਬਰ ਤੋਂ 04 ਦਸੰਬਰ ਤੱਕ ਕਮਾਂਡਿੰਗ ਅਫਸਰ ਕਰਨਲ ਅਰਵਿੰਦ ਸੂਦ ਦੀ ਅਗਵਾਈ ਵਿੱਚ ਦਿਆਨੰਦ ਪਬਲਿਕ ਸਕੂਲ, ਬੂਹੀ ਰੋਡ ਨਾਭਾ ਵਿੱਖੇ ਚੱਲ ਰਿਹਾ ਹੈ ਜਿਸ ਵਿੱਚ ਵੱਖ-ਵੱਖ ਸਕੂਲਾਂ/ਕਾਲਜਾਂ ਦੇ ਲਗਭਗ 350 ਕੈਡਿਟ (ਲੜਕੇ/ਲੜਕਿਆਂ) ਹਿੱਸਾ ਲੈ ਕੇ ਸਿਖਲਾਈ ਪ੍ਰਾਪਤ ਕਰ ਰਹੇ ਹਨ। ਇਸ ਕੈਂਪ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਕੈਡਿਟਾਂ ਨੂੰ ਅਲਫਾ, ਬਰੈਵੋ, ਚਾਰਲੀ, ਡੈਲਟਾਂ ਤੇ ਇੱਕੋ ਕੰਪਨੀਆਂ ਵਿਚ ਵੰਡ ਕੇ ਸਿਖਲਾਈ ਦਿੱਤੀ ਜਾ ਰਹੀ ਹੈ। ਅੱਜ 7 ਬਟਾਲੀਅਨ ਐਨ.ਡੀ.ਆਰ.ਐਫ, ਬਠਿੰਡਾ ਵੱਲੋਂ ਆਈ ਟੀਮ ਨੇ ਕੈਡਿਟਾਂ ਨੂੰ ਅੱਗ ਬੁਝਾਉਣ ਬਾਰੇ ਜਾਣਕਾਰੀ ਦਿੱਤੀ ਗਈ ਕਿ ਜੇਕਰ ਅਜਿਹੀ ਦੁਰਘਟਨਾ ਵਾਪਰਦੀ ਹੈ ਤਾਂ ਉਸ ਨੂੰ ਕਿਸ ਤਰ੍ਹਾਂ ਨਾਲ ਨਜਿੱਠਿਆ ਜਾ ਸਕਦਾ ਹੈ ਅਤੇ ਅੱਗ ਉਪਰ ਕਾਬੂ ਪਾਉਣ ਲਈ, ਅੱਗ ਬੁਝਾਊ ਯੰਤਰਾਂ ਨੂੰ ਚਲਾਉਣਾ ਸਿਖਾਇਆ ਗਿਆ ਤਾਂ ਜੋ ਅੱਗ ਉਪਰ ਜਲਦ ਤੋਂ ਜਲਦ ਕਾਬੂ ਪਾ ਕੇ ਆਪਣੀ ਅਤੇ ਆਪਣੇ ਨਾਲ ਦੇ ਨਾਗਰਿਕਾਂ ਦੀ ਜਾਨ ਅਤੇ ਮਾਲ ਦੀ ਰਾਖੀ ਕੀਤੀ ਜਾ ਸਕੇ। ਇਸ ਦੇ ਨਾਲ ਨਾਲ ਬਾਕੀ ਗਤੀਵਿਧੀਆਂ ਕਰਵਾਈਆਂ ਗਈਆਂ ਜਿਸ ਵਿੱਚ ਵੈਪਨਾ ਦੀ ਟ੍ਰੇਨਿੰਗ, ਵੈਪਨਾ ਨੂੰ ਖੋਲ੍ਹਣਾ, ਜੋੜਨਾ, ਮੈਪ ਰੀਡਿੰਗ ਦੀ ਜਾਣਕਾਰੀ, ਪੀਟੀ, ਟੰਗ ਆਫ ਵਾਰ, ਗਰੁੱਪ ਡਾਂਸ ਮੁਕਾਬਲੇ ਅਤੇ ਹੋਰ ਸਰੀਰਕ ਗਤੀਵਿਧੀਆਂ ਕਰਵਾਈਆਂ ਗਈਆਂ।

## ਟਰੈਫਿਕ ਪੁਲਸ ਨੇ ਚਲਾਨ ਕੱਟੇ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਟ੍ਰੈਫਿਕ ਪੁਲਸ ਪਾਤੜਾਂ ਵੱਲੋਂ ਦਿੱਲੀ ਸੰਗਰੂਰ ਕੌਮੀ ਮੁੱਖ ਮਾਰਗ ਉੱਤੇ ਸ਼ਹਿਰ ਦੇ ਸ਼ਹੀਦ ਉਧਮ ਸਿੰਘ ਚੌਂਕ (ਸੰਗਰੂਰ ਪਟਿਆਲਾ ਕੈਂਚੀਆਂ) 'ਚ ਨਾਕਾਬੰਦੀ ਕਰਕੇ ਜਿਥੇ ਵਹੀਕਲਾਂ ਦੀ ਚੈਕਿੰਗ ਕਰਕੇ ਬਿਨਾਂ ਨੰਬਰੀ, ਬਿਨਾਂ ਕਾਗਜ਼ਾਤ ਅਤੇ ਕਾਲੀਆਂ ਜਾਲੀਆਂ ਲਾ ਕੇ ਵਾਹਨ ਚਲਾਉਣ ਵਾਲਿਆਂ ਦੇ ਖਿਲਾਫ ਕਾਰਵਾਈ ਕਰਦਿਆਂ ਦਰਜਨ ਦੇ ਕਰੀਬ ਵਾਹਨ ਚਾਲਕਾਂ ਦੇ ਚਾਲਾਨ ਕੀਤੇ ਗਏ। ਟ੍ਰੈਫਿਕ ਪੁਲਸ ਪਾਤੜਾਂ ਦੇ ਇੰਚਾਰਜ ਹਰਦੇਵ ਸਿੰਘ ਨੇ ਦੱਸਿਆ ਕਿ ਧੁੰਦ ਦੇ ਮੌਸਮ ਦੇ ਮੱਦੇਨਜ਼ਰ ਹੋਣ ਵਾਲੇ ਹਾਦਸਿਆਂ ਨੂੰ ਰੋਕਣ ਲਈ ਉਚ ਅਧਿਕਾਰੀਆਂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਟ੍ਰੈਫਿਕ ਨਿਯਮਾਂ ਦੀ ਪਾਲਣਾ ਨਾ ਕਰਨ ਵਾਲਿਆਂ ਦੇ ਚਾਲਾਨ ਕੱਟੇ ਜਾ ਰਹੇ ਹਨ। ਉਨ੍ਹਾਂ ਵਾਹਨ ਚਾਲਕਾਂ ਨੂੰ ਅਪੀਲ ਕੀਤੀ ਕਿ ਸਰਦੀ ਦੇ ਮੌਸਮ 'ਚ ਧੁੰਦ ਸਮੇਂ ਆਪਣੇ ਵਾਹਨਾਂ ਦੀ ਸਪੀਡ ਘੱਟ ਰੱਖਣ ਤਾਂ ਜੋ ਹੋਣ ਵਾਲੇ ਕਿਸੇ ਤਰ੍ਹਾਂ ਦੇ ਹਾਦਸੇ ਤੋਂ ਬਚਿਆ ਜਾ ਸਕੇ।

## ਪ੍ਰੋ. ਸਤਨਾਮ ਸਿੰਘ ਵਾਹਿਦ ਦੇ ਗ਼ਜ਼ਲ ਸੰਗ੍ਰਹਿ 'ਵਰਤਮਾਨ 'ਤੇ ਪਿਆ ਪੇਪਰ ਵੇਟ' ਨੂੰ ਸਰਬੋਤਮ ਕਾਵਿ ਪੁਰਸਕਾਰ ਪ੍ਰਦਾਨ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਭਾਸ਼ਾ ਵਿਭਾਗ ਪੰਜਾਬ ਵੱਲੋਂ 30 ਨਵੰਬਰ ਨੂੰ ਇੱਕ ਸਮਾਰੋਹ ਦੌਰਾਨ ਇਸ ਸਾਲ ਦਾ ਸਰਬਉੱਤਮ ਕਾਵਿ ਪੁਸਤਕ ਪੁਰਸਕਾਰ ਸਤਨਾਮ ਸਿੰਘ ਵਾਹਿਦ ਨੂੰ ਉਨ੍ਹਾਂ ਦੇ ਗਜ਼ਲ ਸੰਗ੍ਰਹਿ 'ਵਰਤਮਾਨ ਤੇ ਪਿਆ ਪੇਪਰ ਵੇਟ' ਨੂੰ ਦਿੱਤਾ ਗਿਆ। ਵਾਹਿਦ, ਭਾਸ਼ਾਵਾਂ ਵਿਭਾਗ, ਪੰਜਾਬੀ ਯੂਨੀਵਰਸਿਟੀ ਕੈਂਪਸ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਸਹਾਇਕ ਪ੍ਰੋਫੈਸਰ ਵਜੋਂ ਸੇਵਾਵਾਂ ਨਿਭਾ ਰਹੇ ਹਨ ਅਤੇ ਉਨ੍ਹਾਂ ਦਾ ਨਾਂ ਪੰਜਾਬੀ ਦੀ ਅਜੋਕੀ ਪੀੜ੍ਹੀ ਦੇ ਉਤਕ੍ਰਿਸ਼ਟ ਕਵੀਆਂ ਵਿੱਚੋਂ ਆਹਲਾ ਮੁਕਾਮ ਰੱਖਦਾ ਹੈ। ਇਸ ਤੋਂ ਪਹਿਲਾਂ ਉਹਨਾਂ ਨੇ ਪੰਜਾਬੀ ਸਾਹਿਤ ਜਗਤ ਨੂੰ 'ਪ੍ਰਿਯਮ ਵਿੱਚੋਂ ਲੰਘਦਾ ਸ਼ਹਿਰ' ਤੇ 'ਰੰਗ ਜੋ ਰੇਨਬੋ ਨਹੀਂ' ਵਰਗੀਆਂ ਕਾਵਿ ਰਚਨਾਵਾਂ ਵੀ ਦਿੱਤੀਆਂ ਹਨ। ਇਸ ਮੌਕੇ ਕੈਂਪਸ ਡਾਇਰੈਕਟਰ ਪ੍ਰੋ. ਕਮਲਜੀਤ ਸਿੰਘ, ਮੁਖੀ ਭਾਸ਼ਾਵਾਂ ਵਿਭਾਗ ਡਾ. ਸੁਸ਼ੀਲ ਕੁਮਾਰ, ਮੁਖੀ ਸੋਸ਼ਲ ਸਾਇੰਸ ਵਿਭਾਗ ਡਾ. ਬਲਦੇਵ ਸਿੰਘ ਅਤੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੇ ਪ੍ਰੋ. ਸਤਨਾਮ ਸਿੰਘ ਵਾਹਿਦ ਨੂੰ ਮਿਲੇ ਪੁਰਸਕਾਰ 'ਤੇ ਅਥਾਹ ਖੁਸ਼ੀ ਪ੍ਰਗਟ ਕਰਦਿਆਂ ਉਨ੍ਹਾਂ ਨੂੰ ਵਧਾਈ ਦਿੱਤੀ।

## ਚੋਰੀ ਤੇ ਲੁੱਟ-ਖੋਹ ਦੀਆਂ ਵਾਰਦਾਤਾਂ 'ਚ ਸ਼ਾਮਲ ਗਰੋਹ ਦੇ ਚਾਰ ਮੈਂਬਰ ਪੁਲਸ ਅੜਿੱਕੇ



ਜਾਣਕਾਰੀ ਦਿੰਦੇ ਡੀ.ਐੱਸ ਪੀ ਧੂਰੀ ਤਲਵਿੰਦਰ ਸਿੰਘ ਗਿੱਲ ਤੇ ਅਵਤਾਰ ਸਿੰਘ ਥਾਣਾ ਮੁਖੀ ਸ਼ੇਰਪੁਰ।

**ਧੂਰੀ (ਬਿੰਨੀ ਗਰਗ)**-ਡੀ.ਐਸ.ਪੀ ਤਲਵਿੰਦਰ ਸਿੰਘ ਗਿੱਲ ਨੇ ਥਾਣਾ ਸ਼ੇਰਪੁਰ ਦੇ ਮੁਖੀ ਅਵਤਾਰ ਸਿੰਘ ਦੀ ਹਾਜ਼ਰੀ ਵਿੱਚ ਸੱਦੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਸਰਤਾਜ ਸਿੰਘ ਚਹਿਲ ਦੇ ਦਿਸ਼ਾ-ਨਿਰਦੇਸ਼ਾਂ ਤੇ ਯੋਗੇਸ਼ ਸ਼ਰਮਾ ਕਪਤਾਨ ਪੁਲਸ ਦੀ ਰਹਿਨੁਮਾਈ ਹੇਠ ਮਾੜੇ ਅਨਸਰਾਂ ਖਿਲਾਫ਼ ਵਿੱਢੀ ਮੁਹਿੰਮ ਦੌਰਾਨ ਥਾਣਾ ਸ਼ੇਰਪੁਰ ਦੀ ਪੁਲਿਸ ਨੇ ਲੁੱਟ ਖੋਹ ਅਤੇ ਚੋਰੀ ਦੀਆਂ ਵਾਰਦਾਤਾਂ ਕਰਨ ਵਾਲੇ ਮੁਲਾਜ਼ਮਾਂ ਨੂੰ ਚੋਰੀ ਦੇ ਸਾਮਾਨ ਸਮੇਤ ਕਾਬੂ ਕਰਨ ਵਿੱਚ ਸਫ਼ਲਤਾ ਪ੍ਰਾਪਤ ਕੀਤੀ ਹੈ। ਡੀ.ਐੱਸ ਪੀ ਗਿੱਲ ਨੇ ਅੱਗੇ ਦੱਸਿਆ ਕਿ ਮੁਖਬਰ ਖਾਸ ਵੱਲੋਂ ਦਿੱਤੀ ਜਾਣਕਾਰੀ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਸੂਰਜ ਉਰਫ਼ ਨੇਪਾਲੀ, ਰਾਹੁਲ, ਹਾਸਿਬ ਅਲੀ ਤੇ ਪ੍ਰਦੀਪ ਕੁਮਾਰ ਸੋਨੀ ਨੂੰ ਗ੍ਰਿਫ਼ਤਾਰ ਕਰਕੇ ਇਨ੍ਹਾਂ ਕੋਲੋਂ ਇੱਕ ਮੋਟਰਸਾਈਕਲ, ਦੋ ਦਾਹਾ, ਇੱਕ ਰਾਡ, ਗਿਆਰਾਂ ਤੋਲੇ ਸੋਨਾ, ਦੋ ਕਿਲੋ ਚਾਂਦੀ ਅਤੇ ਇਕ ਲੱਖ ਰੁਪਏ ਨਕਦੀ ਬਰਾਮਦ ਕੀਤੀ ਗਈ ਹੈ, ਜਦਕਿ ਇਨ੍ਹਾ ਦੇ ਸਾਥੀ ਰਵੀ, ਗਾਂਧੀ, ਸ਼ਮੀਲ ਰਸਤੋਗੀ ਦੀ ਤਲਾਸ਼ ਜਾਰੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਫੜੇ ਗਏ ਮੁਲਜ਼ਮ ਸੂਰਜ ਦੇ ਖਿਲਾਫ ਗਿਆਰਾਂ ਮੁਕੱਦਮੇ ਤੇ ਰਾਹੁਲ ਦੇ ਖਿਲਾਫ਼ ਦੋ ਮੁਕੱਦਮੇ ਦਰਜ ਹਨ। ਉਨ੍ਹਾਂ ਦੱਸਿਆ ਕਿ ਫੜੇ ਗਏ ਮੁਲਜ਼ਮਾਂ ਪਾਸੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਕਈ ਹੋਰ ਅਹਿਮ ਸੁਰਾਗ ਲੱਗਣ ਦੀ ਸੰਭਾਵਨਾ ਹੈ।

## ਲੱਡੇ 'ਚ ਚੱਲ ਰਹੇ ਵਿਕਾਸ ਕੰਮਾਂ ਦਾ ਲਿਆ ਜਾਇਜ਼ਾ



**ਧੂਰੀ (ਸੁਖਦੇਵ ਧੂਰੀ)**-ਸੀ. ਐੱਮ. ਸਿਟੀ ਧੂਰੀ ਦਫਤਰ ਦੀ ਟੀਮ ਮੁੱਖ ਮੰਤਰੀ ਦੇ ਓਐਸਡੀ ਪ੍ਰੋ. ਓਂਕਾਰ ਸਿੰਘ ਸਿੱਧੂ ਦੀ ਅਗਵਾਈ ਵਿੱਚ ਪਿੰਡ ਲੱਡਾ ਪਹੁੰਚੀ। ਇਸ ਟੀਮ ਵਿੱਚ ਅੰਮ੍ਰਿਤ ਸਿੰਘ ਬਰਾੜ ਦਫਤਰ ਇੰਚਾਰਜ ਧੂਰੀ, ਹਮੀਰ ਸਿੰਘ, ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ, ਅਮਰਦੀਪ ਸਿੰਘ ਧਾਂਦਰਾ ਸੀਨੀਅਰ ਆਗੂ ਆਮ ਆਦਮੀ ਪਾਰਟੀ, ਕਾਲਾ ਬੇਨੜਾ ਬਲਾਕ ਪ੍ਰਧਾਨ, ਬਿੱਲਾ ਸਾਹੀਵਾਲ, ਭਿੰਦਾ ਵਿਰਕ ਤੇ ਹੋਰ ਕਈ ਆਗੂਆਂ ਨੇ ਪਿੰਡ ਲੱਡਾ ਵਿੱਚ ਸੀਵਰੇਜ, ਇੰਟਰਲੌਕ ਗਲੀਆਂ, ਡਿਸਪੈਂਸਰੀ, ਡਿਜੀਟਲ ਲਾਇਬਰੇਰੀ, ਦਾਣਾ ਮੰਡੀ ਵਿੱਚ ਬਣ ਰਹੇ ਸ਼ੈੱਡ, ਪ੍ਰਾਇਮਰੀ ਅਤੇ ਹਾਈ ਸਕੂਲ ਵਿੱਚ ਪੂਰੇ ਹੋ ਚੁੱਕੇ ਕਾਰਜਾਂ ਦਾ ਜਾਇਜ਼ਾ ਲਿਆ। ਇਸ ਮੌਕੇ ਗ੍ਰਾਮ ਪੰਚਾਇਤ ਲੱਡਾ ਦੇ ਪੰਚਾਇਤ ਮੈਂਬਰ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸਰਦਾਰ ਸੇਵਕ ਸਿੰਘ ਲੱਡਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਪਿੰਡ ਲੱਡਾ ਨਿਵਾਸੀ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੇ ਬਹੁਤ ਰਿਣੀ ਹਾਂ, ਜਿਨ੍ਹਾਂ ਨੇ ਸਾਡੇ ਪਿੰਡ ਦੇ ਵਿਕਾਸ ਲਈ ਖੁੱਲ੍ਹੇ ਦਿਲ ਨਾਲ ਕਰੋੜਾਂ ਰੁਪਏ ਦੀਆਂ ਗਰਾਂਟਾਂ ਦੇ ਕੇ ਸਾਡੇ ਪਿੰਡ ਦੀ ਨੁਹਾਰ ਬਦਲੀ ਹੈ ਅਤੇ ਪਿੰਡ ਦੇ ਹੋਰ ਰਹਿੰਦੇ ਅਧੂਰੇ ਕਾਰਜਾਂ ਨੂੰ ਵੀ ਪੂਰਾ ਕਰਨ ਲਈ ਪਿੰਡ ਨੂੰ ਹੋਰ ਗਰਾਂਟ ਜਲਦ ਹੀ ਦੇਣ ਦਾ ਭਰੋਸਾ ਮਿਲਿਆ ਹੈ। ਇਸ ਮੌਕੇ ਸੇਵਕ ਸਿੰਘ ਤੋਂ ਇਲਾਵਾ ਮਿੱਕੀ ਸਿੰਘ, ਚਰਨਾ ਸਿੰਘ, ਲੱਕੀ ਬਾਬਾ, ਜਗਸੀਰ ਸਿੰਘ, ਗਗਨ, ਜੇਜੀ ਸਿੰਘ, ਲੱਖੀ ਸਿੰਘ, ਰਾਮ ਸਿੰਘ, ਸੁੱਖਾ ਡਾਕਟਰ, ਗੁਵਿੰਦਰ ਸਿੰਘ ਫੌਜੀ, ਮਨਪ੍ਰੀਤ ਸਿੰਘ, ਰਾਣਾ ਸਿੰਘ, ਨੰਦੀ ਭਗਤ, ਜਿੰਦਰ ਕਲਾਕਾਰ, ਬਲਦੇਵ ਸਿੰਘ, ਕਾਮਰੇਡ ਫੱਲਣ ਸਿੰਘ, ਅਜੈਬ ਸਿੰਘ, ਮੱਖਣ ਸਿੰਘ ਅਤੇ ਸਮੂਹ ਵਲੰਟੀਅਰ ਹਾਜ਼ਰ ਸਨ।

## ਅੱਜ-ਨਾਮਾ

ਚਹੁੰਆਂ ਰਾਜਾਂ ਦੇ ਚੋਣ ਰਿਜ਼ਲਟ ਆ ਗਏ,
ਕਾਂਗਰਸ ਪਾਰਟੀ ਨੂੰ ਪਈ ਆ ਸੱਟ ਬੇਲੀ।
ਪਾਰਟੀ ਆਪ ਨਾ ਕਿਤੇ ਕੁਝ ਨਜ਼ਰ ਆਈ,
ਪੀੜ ਉਹ ਪੀਊ ਕਸੀਸ ਜਿਹੀ ਵੱਟ ਬੇਲੀ।
ਭਾਜਪਾ ਜਿੱਤ ਗਈ ਜਿੱਤ ਹੈ ਬਹੁਤ ਵੱਡੀ,
ਖੱਟੀ ਅਨੁਮਾਨ ਤੋਂ ਵੱਧ ਗਈ ਖੱਟ ਬੇਲੀ।
ਹੋਏ ਆ ਭਾਰਤ ਦੀ ਚੋਣ ਲਈ ਪੈਰ ਪੱਕੇ,
ਥਾਂ-ਥਾਂ ਲਾਊਗੀ ਇਹਦੀ ਉਹ ਰੱਟ ਬੇਲੀ।
ਕਿਸੇ ਦੀ ਹਾਰ ਜਾਂ ਕਿਸੇ ਦੀ ਜਿੱਤ ਕਹੀਏ,
ਪਬਲਿਕ ਦੇਂਦੀ ਪਈ ਸੋਚ ਕੇ ਰਾਏ ਬੇਲੀ।
ਹੰਝੂ ਕਿਸੇ ਦੇ ਨਿਕਲਣ ਦਾ ਜ਼ੋਰ ਪਾਉਂਦੇ,
ਜੈਕਾਰੇ ਜਸ਼ਨ ਦੇ ਹੋਰ ਕੋਈ ਲਾਏ ਬੇਲੀ।

-ਤੀਸ ਮਾਰ ਖਾਂ

## ਵੋਟਰ ਸੂਚੀਆਂ ਦੀ ਸੁਧਾਈ ਲਈ ਪੋਲਿੰਗ ਸਟੇਸ਼ਨਾਂ 'ਤੇ ਲਗਾਏ ਵਿਸ਼ੇਸ਼ ਕੈਂਪ

**ਧੂਰੀ (ਬਿੰਨੀ ਗਰਗ)**-ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਯੋਗਤਾ ਮਿਤੀ 01.01.2024 ਦੇ ਅਧਾਰ 'ਤੇ ਜ਼ਿਲ੍ਹਾ ਸੰਗਰੂਰ ਵਿੱਚ ਆਉਂਦੇ ਕੁਲ 05 ਵਿਧਾਨ ਸਭਾ ਚੋਣ ਹਲਕਿਆਂ (99-ਲਹਿਰਾ, 100-ਦਿੜਬਾ (ਐੱਸਸੀ), 101-ਸੁਨਾਮ, 107-ਧੂਰੀ ਅਤੇ 108-ਸੰਗਰੂਰ) ਦੇ ਪੋਲਿੰਗ ਸਟੇਸ਼ਨਾਂ ਉਤੇ ਬੂਥ ਲੈਵਲ ਅਫ਼ਸਰਾਂ ਵਲੋਂ ਵਿਸ਼ੇਸ਼ ਕੈਂਪ ਲਗਾਏ ਗਏ। ਜ਼ਿਲ੍ਹਾ ਚੋਣ ਅਫਸਰ ਜਤਿੰਦਰ ਜੋਰਵਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਵਧੀਕ ਜ਼ਿਲ੍ਹਾ ਚੋਣ ਅਫਸਰ ਅਨਮੋਲ ਸਿੰਘ ਧਾਲੀਵਾਲ ਨੇ ਇਨ੍ਹਾਂ ਵਿਸ਼ੇਸ ਕੈਂਪਾਂ ਦਾ ਅਚਨਚੇਤ ਦੌਰਾ ਕਰਦਿਆਂ ਬੂਥ ਲੈਵਲ ਅਫਸਰਾਂ ਦੀ ਮੌਜੂਦਗੀ ਦਾ ਜਾਇਜ਼ਾ ਲਿਆ ਅਤੇ ਕੈਂਪ ਸਬੰਧੀ ਕੀਤੇ ਪ੍ਰਬੰਧਾਂ ਦਾ ਨਿਰੀਖਣ ਕੀਤਾ। ਉਨ੍ਹਾਂ ਨੇ ਦੱਸਿਆ ਕਿ ਮਿਤੀ 3 ਦਸੰਬਰ (ਦਿਨ ਐਤਵਾਰ) ਨੂੰ ਵੀ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਵਿਸ਼ੇਸ ਕੈਂਪ ਲਗਾਏ ਜਾਣਗੇ। ਉਨ੍ਹਾਂ ਦੱਸਿਆ ਕਿ ਕੋਈ ਵੀ ਯੋਗ ਵਿਅਕਤੀ ਜਿਸ ਦੀ ਉਮਰ 01 ਜਨਵਰੀ 2024 ਨੂੰ 18 ਸਾਲ ਪੂਰੀ ਹੋ ਜਾਂਦੀ ਹੈ ਅਤੇ ਉਸਦਾ ਨਾਮ ਭਾਰਤ ਦੇਸ਼ ਦੇ ਕਿਸੇ ਵੀ ਚੋਣ ਹਲਕੇ ਦੀ ਵੋਟਰ ਸੂਚੀ ਵਿੱਚ ਸ਼ਾਮਲ ਨਹੀਂ ਹੈ, ਤਾਂ ਉਹ ਆਪਣਾ ਨਾਮ ਵੋਟਰ ਸੂਚੀ ਵਿੱਚ ਸ਼ਾਮਲ ਕਰਵਾਉਣ ਲਈ ਫਾਰਮ ਨੰ. 6 ਭਰਕੇ ਬਤੌਰ ਵੋਟਰ ਰਜਿਸਟਰ ਹੋ ਸਕਦਾ ਹੈ। ਉਨ੍ਹਾਂ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਵਲੋਂ ਇਸ ਸਾਲ 17 ਸਾਲ ਦੀ ਉਮਰ ਪੂਰੀ ਕਰਨ ਵਾਲੇ ਨੌਜਵਾਨ ਵਰਗ ਦੇ ਬੱਚਿਆਂ ਜਿਨ੍ਹਾਂ ਦੀ ਸਾਲ 2024 ਦੌਰਾਨ ਕਿਸੇ ਵੀ ਮਿਤੀ ਨੂੰ 18 ਸਾਲ ਦੀ ਉਮਰ ਪੂਰੀ ਹੋ ਜਾਵੇਗੀ, ਪਾਸੋਂ ਉਨ੍ਹਾਂ ਦੀ 18 ਸਾਲ ਉਮਰ ਪੂਰੀ ਹੋਣ ਦੀ ਮਿਤੀ 'ਤੇ ਬਤੌਰ ਵੋਟਰ ਰਜਿਸਟ੍ਰੇਸ਼ਨ ਕਰਨ ਸਬੰਧੀ ਐਡਵਾਂਸ ਤੌਰ 'ਤੇ ਫਾਰਮ ਨੰ. 6 ਪ੍ਰਾਪਤ ਕਰਨ ਦਾ ਵਿਸ਼ੇਸ਼ ਉਪਰਾਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਹੁਣ ਸਾਲ 2024 ਵਿੱਚ ਪੈਂਦੀਆਂ ਕੁਲ ਚਾਰ ਤਿਮਾਹੀਆ ਯੋਗਤਾ ਮਿਤੀ 01 ਜਨਵਰੀ 2024 , 01 ਅਪ੍ਰੈਲ 2024, 01 ਜੁਲਾਈ 2024, ਅਤੇ 01 ਅਕਤੂਬਰ 2024 ਅਨੁਸਾਰ ਕਿਸੇ ਵੀ ਯੋਗਤਾ ਮਿਤੀ ਨੂੰ ਬਿਨੈਕਾਰ ਦੀ ਉਮਰ 18 ਸਾਲ ਪੂਰੀ ਹੋ ਜਾਂਦੀ ਹੈ (ਭਾਵ ਜਿਸਦੀ ਉਮਰ ਮਿਤੀ 01 ਜਨਵਰੀ 2024 ਨੂੰ 18 ਸਾਲ ਦੀ ਪੂਰੀ ਨਹੀਂ ਹੁੰਦੀ, ਪਰੰਤੂ ਉਸਦੀ ਉਮਰ ਸਾਲ ਦੀ ਅਗਲੀ ਤਿੰਨ ਯੋਗਤਾ ਮਿਤੀ ਅਨੁਸਾਰ 18 ਸਾਲ ਪੂਰੀ ਹੋ ਜਾਂਦੀ ਹੈ) ਤਾਂ ਅਜਿਹੇ ਬਿਨੈਕਾਰ ਆਪਣੀ ਵੋਟ ਬਣਾਉਣ ਲਈ ਐਡਵਾਂਸ ਵਿੱਚ ਫ਼ਾਰਮ ਨੰ. 6 ਭਰਕੇ ਦੇ ਸਕਣਗੇ। ਉਨ੍ਹਾਂ ਦੱਸਿਆ ਕਿ ਮਿਤੀ 01.01.2024 ਦੇ ਆਧਾਰ ਤੇ 18 ਸਾਲ ਪੂਰੀ ਕਰਨ ਵਾਲੇ ਬਿਨੈ ਪੱਤਰਾਂ ਦਾ ਨਿਪਟਾਰਾ ਵਿਧਾਨ ਸਭਾ ਚੋਣ ਹਲਕੇ ਦੇ ਸਬੰਧਤ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰਾਂ ਵਲੋਂ ਨਾਲ ਦੀ ਨਾਲ ਕਰ ਦਿੱਤਾ ਜਾਵੇਗਾ ਅਤੇ ਸਾਲ ਦੀਆ ਅਗਲੀਆਂ ਤਿੰਨ ਤਿਮਾਹੀਆਂ ਦੌਰਾਨ 18 ਸਾਲ ਦੀ ਉਮਰ ਪੂਰੀ ਕਰਨ ਵਾਲੇ ਬਿਨੈ ਪੱਤਰਾਂ ਦਾ ਨਿਪਟਾਰਾ ਯੋਗਤਾ ਮਿਤੀ ਦੇ ਪਹਿਲੇ ਮਹੀਨੇ ਦੌਰਾਨ ਕੀਤਾ ਜਾਵੇਗਾ।

### ਵਧੀਕ ਜ਼ਿਲ੍ਹਾ ਚੋਣ ਅਫਸਰ ਵੱਲੋਂ ਅਚਨਚੇਤ ਚੈਕਿੰਗ

## ਪਾਰਲੀਮਾਨੀ ਚੋਣਾਂ ਦੀ ਤਿਆਰੀ ਸੰਬੰਧੀ ਅਕਾਲੀ ਦਲ (ਅੰਮ੍ਰਿਤਸਰ) ਦੀ ਮੀਟਿੰਗ ਹੋਈ



**ਮੂਨਕ (ਰਾਜਪਾਲ ਸਿੰਗਲਾ)**

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਆਪਣੇ ਡੇਢ ਕੁ ਸਾਲ ਦੇ ਐਮ.ਪੀ. ਕਾਰਜਕਾਲ ਦੌਰਾਨ ਜਿੱਥੇ ਅਨੇਕਾਂ ਪ੍ਰੋਜੈਕਟ ਕੇਂਦਰ ਸਰਕਾਰ ਤੋਂ ਮਨਜ਼ੂਰ ਕਰਾਏ, ਉੱਥੇ ਬਿਨਾਂ ਪੱਖਪਾਤ ਤੋਂ ਹਲਕੇ ਦੀ ਬਿਹਤਰੀ ਲਈ ਗ੍ਰਾਂਟਾਂ ਵੰਡ ਕੇ ਸਾਰੇ ਵਰਗਾਂ ਦਾ ਮਨ ਜਿੱਤ ਲਿਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ (ਅ) ਦੇ ਪੀਏਸੀ ਮੈਂਬਰ ਅਤੇ ਹਲਕਾ ਲਹਿਰਾ ਦੇ ਇੰਚਾਰਜ ਬਹਾਦਰ ਸਿੰਘ ਭਸੌੜ ਨੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਮੂਨਕ ਵਿਖੇ ਪਾਰਟੀ ਦੀ ਐਮ.ਪੀ. ਚੋਣਾਂ ਦੀ ਤਿਆਰੀ ਸੰਬੰਧੀ ਰੱਖੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਭਸੌੜ ਨੇ ਕਿਹਾ ਕਿ ਮਾਨ ਦੀ ਐਮ.ਪੀ. ਹੋਣ ਦੇ ਨਾਤੇ ਵਧੀਆ ਕਾਰਗੁਜ਼ਾਰੀ ਦਾ ਹੀ ਨਤੀਜਾ ਹੈ ਕਿ ਸੰਗਰੂਰ ਹਲਕੇ ਨੂੰ ਵਿਕਾਸ ਕਾਰਜਾਂ ਲਈ ਕਰੀਬ ਸਵਾ ਦੋ ਕਰੋੜ ਰੁਪਏ ਵੱਧ ਮਿਲ ਸਕੇ, ਜਦੋਂਕਿ ਅਜਿਹੇ ਵੀ ਐਮ.ਪੀ. ਹਨ, ਜੋ ਆਪਣੇ ਕੋਟੇ ਦੀ ਪੂਰੀ ਗ੍ਰਾਂਟ ਵੀ ਨਿਰਧਾਰਤ ਸਮੇਂ ਵਿੱਚ ਨਹੀਂ ਵੰਡ ਸਕੇ ਅਤੇ ਉਨ੍ਹਾਂ ਦੀਆਂ ਗ੍ਰਾਂਟਾਂ ਉਪਯੋਗ ਨਾ ਹੋਣ ਕਰਕੇ ਵਾਪਸ ਚਲੀਆਂ ਗਈਆਂ। ਉਨ੍ਹਾਂ ਦੱਸਿਆ ਕਿ ਮਾਨ ਦੀ ਸੋਚ ਹੈ ਕਿ ਹਲਕੇ ਦਾ ਕੋਈ ਵੀ ਲੋੜਵੰਦ ਪਰਵਾਰ ਐਮ.ਪੀ. ਕੋਟੇ ਅਧੀਨ ਮਿਲਣ ਵਾਲੀਆਂ ਸਰਕਾਰੀ ਯੋਜਨਾਵਾਂ ਦਾ ਲਾਭ ਲੈਣ ਤੋਂ ਵਾਂਝਾ ਨਾ ਰਹੇ। ਉਨ੍ਹਾਂ ਦੱਸਿਆ ਕਿ ਐਮ.ਪੀ. ਚੋਣਾਂ ਦੀਆਂ ਤਿਆਰੀਆਂ ਆਰੰਭ ਕਰ ਦਿੱਤੀਆਂ ਗਈਆਂ ਹਨ। ਹਲਕਾ ਲਹਿਰਾ ਨੂੰ ਚਾਰ ਜ਼ਿਲ੍ਹਾ ਪ੍ਰੀਸ਼ਦ ਜ਼ੋਨਾਂ ਭਾਈ ਕੀ ਪਿਸ਼ੌਰ, ਹਲਕਾ ਸ਼ਾਦੀਹਰੀ, ਹਲਕਾ ਭੁਟਾਲ ਕਲਾਂ ਅਤੇ ਅਨਦਾਨਾ ਵਿੱਚ ਵੰਡਿਆ ਗਿਆ ਹੈ।

ਪਾਰਟੀ ਦੀਆਂ ਨੀਤੀਆਂ ਤੇ ਲੋਕ ਪੱਖੀ ਸੋਚ ਨੂੰ ਘਰ ਘਰ ਪੁਚਾਉਣ ਲਈ ਵਰਕਰਾਂ ਦੀਆਂ ਡਿਊਟੀਆਂ ਲਾ ਦਿੱਤੀਆਂ ਗਈਆਂ ਹਨ। ਉਨ੍ਹਾਂ ਉਮੀਦ ਪ੍ਰਗਟਾਈ ਕਿ ਇਸ ਵਾਰ ਮਾਨ ਪਿਛਲੀ ਵਾਰ ਨਾਲੋਂ ਵੀ ਵੱਧ ਬਹੁਮਤ ਹਾਸਲ ਕਰਕੇ ਜਿੱਤ ਦਰਜ ਕਰਨਗੇ।

## ਸ੍ਰੀ ਗੁਰੂ ਰਾਮਰਾਇ ਪਬਲਿਕ ਸਕੂਲ ਅਲਾਵਲਪੁਰ ਦਾ ਸਲਾਨਾ ਸਮਾਗਮ ਯਾਦਗਾਰੀ ਹੋ ਨਿੱਬੜਿਆ



**ਕਾਲਾ ਸੰਘਿਆਂ (ਮਨਜੀਤ ਮਾਨ)**-ਸ੍ਰੀ ਗੁਰੂ ਰਾਮਰਾਇ ਪਬਲਿਕ ਸਕੂਲ ਅਲਾਵਲਪੁਰ ਜ਼ਿਲ੍ਹਾ ਜਲੰਧਰ ਵਿਖੇ ਪ੍ਰਿੰਸੀਪਲ ਜੀਤ ਪਾਲ ਰਾਣਾ ਦੀ ਯੋਗ ਅਗਵਾਈ 'ਚ ਸਕੂਲ ਦਾ ਸਾਲਾਨਾ ਸਮਾਗਮ ਬੜੀ ਸ਼ਾਨੋ ਸ਼ੌਕਤ ਨਾਲ ਕਰਵਾਇਆ ਗਿਆ। ਉੱਘੇ ਸਮਾਜ ਸੇਵਕ ਤੇ ਦੂਰਦਰਸ਼ਨ ਜਲੰਧਰ ਦੇ ਇੰਜ. ਨਰਿੰਦਰ ਬੰਗਾ ਨੇ ਸਮਾਗਮ 'ਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਪ੍ਰਿੰਸੀਪਲ ਜੀਤ ਪਾਲ ਰਾਣਾ ਨੇ ਮੁੱਖ ਮਹਿਮਾਨ ਇੰਜ. ਨਰਿੰਦਰ ਬੰਗਾ ਤੇ ਹੋਰਨਾਂ ਨੂੰ ਜੀ ਆਇਆਂ ਆਖਦਿਆਂ ਸਕੂਲ ਤੇ ਵਿਦਿਆਰਥੀਆਂ ਦੀਆਂ ਉਪਲਬਧੀਆਂ 'ਤੇ ਚਾਨਣਾ ਪਾਇਆ। ਇੰਜ. ਬੰਗਾ ਨੇ ਸ੍ਰੀ ਗੁਰੂ ਰਾਮਰਾਇ ਦਰਬਾਰ ਸਾਹਿਬ ਦੇਹਰਾਦੂਨ ਦੇ ਬ੍ਰਹਮਲੀਨ ਕਰਮਯੋਗੀ ਮਹਾਂਵਿੱਦਿਆ ਦਾਨੀ ਮਹੰਤ ਇੰਦਰੇਸ਼ ਚਰਨ ਦਾਸ ਮਹਾਰਾਜ ਦੀਆਂ ਸਿੱਖਿਆਵਾਂ ਸਮੇਤ ਉਨ੍ਹਾਂ ਵਲੋਂ ਕੀਤੇ ਧਾਰਮਿਕ ਤੇ ਸਮਾਜਿਕ ਕਾਰਜਾਂ ਪ੍ਰਤੀ ਵਿਸਥਾਰ ਸਹਿਤ ਚਾਨਣਾ ਪਾਇਆ। ਇੰਜ. ਬੰਗਾ ਨੇ ਅੱਗੇ ਦੱਸਿਆ ਕਿ ਕਿਵੇਂ ਗੁਰੂ ਜੀ ਨੇ ਸੰਨ 1952 'ਚ ਸ੍ਰੀ ਗੁਰੂ ਰਾਮਰਾਇ ਐਜੂਕੇਸ਼ਨ ਮਿਸ਼ਨ ਦੀ ਸਥਾਪਨਾ ਕਰ ਆਪਣੇ ਜੀਵਨ ਕਾਲ 'ਚ 103 ਸਕੂਲ ਬਣਾ ਉੱਤਰ ਭਾਰਤ 'ਚ ਬਹੁਤ ਘੱਟ ਰੇਟਾਂ 'ਤੇ ਸੀ ਬੀ ਐਸ ਸੀ ਪੈਟਰਨ ਦੀ ਵਿੱਦਿਆ ਦਾ ਪ੍ਰਸਾਰ ਕੀਤਾ। ਉਨ੍ਹਾਂ ਅੱਗੇ ਦੱਸਿਆ ਕਿ ਸਤਿਗੁਰੂ ਇੰਦਰੇਸ ਚਰਨ ਦਾਸ ਦੇ ਉਤਰਾਧਿਕਾਰੀ ਮਹੰਤ ਦੇਵੇਂਦਰ ਦਾਸ ਮਹਾਰਾਜ ਹੋਰਾਂ ਆਪਣੇ ਗੁਰੂ ਜੀ ਦੇ ਨਕਸ਼ੇ ਕਦਮਾਂ 'ਤੇ ਚਲਦਿਆਂ 103 ਸਕੂਲਾਂ ਤੋਂ ਵਧਾ126 ਕੀਤੇ। ਮਹੰਤ ਇੰਦਰੇਸ਼ ਹਸਪਤਾਲ 1200 ਬਿਸਤਰੇ ਵਾਲਾ ਬਣਾਉਣ ਉਪਰੰਤ ਸ੍ਰੀ ਗੁਰੂ ਰਾਮਰਾਇ ਯੂਨੀਵਰਸਿਟੀ ਦੇਹਰਾਦੂਨ ਦੀ ਸਥਾਪਨਾ ਕੀਤੀ। ਇੰਜ. ਬੰਗਾ ਨੇ ਅੱਗੇ ਕਿਹਾ ਕਿ ਮਾਨਵਤਾ ਦੀ ਸੇਵਾ ਕਰਨਾ ਹੀ ਅਤੀ ਉੱਤਮ ਸੇਵਾ ਹੈ। ਉਹ1990 ਤੋਂ ਅੱਖਾਂ ਦੇ ਕੈਂਪ, ਮੈਡੀਕਲ ਕੈਂਪ, ਬਲੱਡ ਡੋਨੇਸ਼ਨ ਕੈਂਪ, ਪੇਂਡੂ ਵਿਕਾਸ ਕੈਂਪ, ਐਨ ਐਸ ਐਸ ਕੈਂਪ, ਵੱਖ ਵੱਖ ਵਿਸ਼ਿਆਂ ਤੇ ਸੈਮੀਨਾਰਾਂ ਸਮੇਤ ਸੱਭਿਆਚਾਰਕ ਮੇਲੇ ਆਦਿ ਕਰਵਾਉਂਦੇ ਆ ਰਹੇ ਹਨ। ਇਸ ਮੌਕੇ ਇੰਜ. ਬੰਗਾ ਦੀ ਪ੍ਰਵਾਸੀ ਭਾਰਤੀ ਸਪੁੱਤਰੀ ਦਿਵਿਆ ਬੰਗਾ ਨੇ 11000 ਰੁਪਏ ਸਕੂਲ ਨੂੰ ਭੇਟ ਕੀਤੇ। ਸਮਾਗਮ 'ਚ ਵਿਦਿਆਰਥੀਆਂ ਵਲੋਂ ਸ਼ਾਨਦਾਰ ਵੱਖ ਵੱਖ ਸੱਭਿਆਚਾਰਕ, ਰੰਗਾਰੰਗ ਵੰਨਗੀਆਂ ਤੇ ਕਲਾਕ੍ਰਿਤਾਂ ਪੇਸ਼ ਕੀਤੀਆਂ ਗਈਆਂ। ਵਿਦਿਆਰਥੀਆਂ ਸਮੇਤ ਆਏ ਹੋਏ ਮਹਿਮਾਨਾਂ ਨੂੰ ਸਨਮਾਨਤ ਕੀਤਾ ਗਿਆ। ਸਮਾਗਮ 'ਚ ਸਕੂਲ ਸਟਾਫ ਤੋਂ ਇਲਾਵਾ ਤਮਾਮ ਇਲਾਕਾ ਨਿਵਾਸੀ, ਬਾਬਾ ਅਮਰਜੀਤ ਸਿੰਘ, ਪਰਵੇਜ਼ ਜੀ, ਸੁਖਦੇਵ ਚੋਢਾ, ਜਤਿੰਦਰ ਕੁਮਾਰ ਚੋਢਾ, ਬਲਕਾਰ ਸਿੰਘ ਸਹਾਇਕ ਕਮਿਸ਼ਨਰ, ਕੁਲਵੰਤ ਸਿੰਘ, ਮੁਨੀਸ਼ ਤੋਖੀ ਤੇ ਬਲਦੇਵ ਰਾਜ ਆਦਿ ਹਾਜ਼ਰ ਸਨ।

## ਐੱਸ ਐੱਸ ਪੀ ਵੱਲੋਂ ਥਾਣਾ ਦਿਆਲਪੁਰਾ ਦੀ ਅਚਨਚੇਤ ਚੈਕਿੰਗ



**ਭਗਤਾ ਭਾਈ ਕਾ (ਰਾਜੀਵ ਗੋ ਇਲ)**-ਐੱਸ.ਐੱਸ.ਪੀ ਬਠਿੰਡਾ ਥਾਣਾ ਦਿਆਲਪੁਰਾ ਦੀ ਅਚਨਚੇਤ ਚੈਕਿੰਗ ਕੀਤੀ ਗਈ। ਇਸ ਚੈਕਿੰਗ ਦੌਰਾਨ ਮੁੱਖ ਅਫਸਰ ਥਾਣਾ ਨੂੰ ਇਹ ਹਦਾਇਤ ਕੀਤੀ ਗਈ ਕਿ ਸੀਨੀਅਰ ਅਫਸਰਾਂ ਵੱਲੋਂ ਦਿੱਤੇ ਗਏ ਹੁਕਮ ਆਪਣੇ ਸਟਾਫ ਨੂੰ ਰੋਜ਼ਾਨਾ ਰੋਲ ਕਾਲ ਸਮੇਂ ਪੜ੍ਹ ਕੇ ਸੁਣਾਏ ਜਾਣ ਅਤੇ ਇਸ ਤੋਂ ਬਾਅਦ ਇਨ੍ਹਾਂ ਹੁਕਮਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ। ਇਸ ਤੋਂ ਇਲਾਵਾ 6 ਮਹੀਨਿਆਂ ਤੋਂ ਜ਼ਿਆਦਾ ਸਮਾਂ ਲੰਬਿਤ ਪਏ ਕੇਸਾਂ ਦਾ ਜਲਦੀ ਨਿਪਟਾਰਾ ਕਰਕੇ ਮਹੀਨਾਵਾਰੀ ਕਰਾਈਮ ਮੀਟਿੰਗ ਵਿੱਚ ਰਿਪੋਰਟ ਪੇਸ਼ ਕੀਤੀ ਜਾਵੇ। ਜ਼ੇਰ ਤਫਤੀਸ਼ ਦੇ ਮੁਕੱਦਮਿਆਂ ਦਾ ਨਿਪਟਾਰਾ 15 ਦਿਨਾਂ ਵਿੱਚ ਕੀਤਾ ਜਾਵੇ ਅਤੇ ਜਿਨ੍ਹਾਂ ਮੁਕੱਦਮਿਆਂ ਦੇ ਦੋਸ਼ੀ ਅਜੇ ਗ੍ਰਿਫ਼ਤਾਰ ਕਰਨੇ ਬਾਕੀ ਹਨ, ਉਨ੍ਹਾਂ ਨੂੰ 3 ਦਿਨਾਂ ਦੇ ਅੰਦਰ ਗ੍ਰਿਫ਼ਤਾਰ ਕੀਤਾ ਜਾਵੇ। ਜਿਨ੍ਹਾਂ ਮੁਕੱਦਮਿਆ ਦੀ ਤਫਤੀਸ਼ ਮੁਕੰਮਲ ਹੋ ਚੁੱਕੀ ਹੈ, ਉਨ੍ਹਾਂ ਦਾ ਚਲਾਣ ਤਿਆਰ ਕਰਕੇ 1 ਹਫਤੇ ਵਿੱਚ ਚਲਾਨ ਟੂ-ਕੋਰਟ ਕਰਵਾਏ ਜਾਣ। ਥਾਣੇ ਵਿੱਚ ਪੈਂਡਿੰਗ ਪਈਆਂ ਅਦਮਪਤਾ ਅਖਰਾਜ ਰਿਪੋਰਟਾਂ ਦੀ ਸਾਰੀ ਪ੍ਰੀਕ੍ਰਿਆ ਮੁਕੰਮਲ ਕਰਕੇ ਮਾਣਯੋਗ ਅਦਾਲਤ ਵਿੱਚ ਪੇਸ਼ ਕੀਤੀਆਂ ਜਾਣ। ਮਰਗ-ਇਤਫਾਕੀਆ ਵੀ ਪ੍ਰੀਕ੍ਰਿਆ ਕਰਕੇ ਐੱਸ.ਡੀ.ਐੱਮ ਹਲਕਾ ਪਾਸੋਂ ਮਨਜ਼ੂਰ ਕਰਵਾਈਆਂ ਜਾਣ। ਥਾਣੇ ਦੇ ਫੈਸਲਾਸ਼ੁਦਾ ਮਾਲ ਮੁਕੱਦਮਾ ਦਾ ਅਤੇ ਵਹੀਕਲਾਂ ਦਾ ਮਾਣਯੋਗ ਅਦਾਲਤ ਪਾਸੋਂ ਹੁਕਮ ਹਾਸਲ ਕਰਕੇ/ਜੱਜਮੈਂਟਾਂ ਵਾਚ ਕਰਕੇ ਨਿਪਟਾਰਾ ਕਰਵਾਇਆ ਜਾਵੇ। ਥਾਣੇ ਦੇ ਭਗੌੜੇ/ਬੇਲ ਜੰਪਰ ਨੂੰ ਵੱਧ ਤੋਂ ਵੱਧ ਗ੍ਰਿਫਤਾਰ ਕੀਤਾ ਜਾਵੇ ਅਤੇ ਉਨ੍ਹਾਂ ਦੀ ਚੱਲ/ਅਚੱਲ ਸੰਪਤੀ ਤਸਦੀਕ ਕਰਵਾ ਕੇ ਉਨ੍ਹਾਂ ਖਿਲਾਫ 83 ਸੀ.ਆਰ.ਪੀ.ਸੀ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਇਸ ਤੋਂ ਇਲਾਵਾ ਨਸ਼ੇ ਨਾਲ ਪ੍ਰਭਾਵਿਤ ਏਰੀਏ ਵਿੱਚ ਨਸ਼ਿਆਂ ਵਿਰੋਧੀ ਵੱਧ ਤੋਂ ਵੱਧ ਸੈਮੀਨਾਰ ਕਰਵਾ ਕੇ ਮੋਟੀਵੇਟ ਕੀਤਾ ਜਾਵੇ। ਮਾੜੇ ਅਨਸਰਾਂ/ਨਸ਼ਾ ਵੇਚਣ ਵਾਲੇ ਸਮੱਗਲਰਾਂ ਮੁਕੱਦਮੇ ਦਰਜ ਕੀਤੇ ਜਾਣ।

## ਸਪਰਿੰਗ ਡਿਊ ਪਬਲਿਕ ਸਕੂਲ 'ਚ ਸਾਲਾਨਾ ਖੇਡ ਮੇਲੇ ਦਾ ਆਯੋਜਨ



**ਜਗਰਾਉਂ (ਅਮਿਤ ਖੰਨਾ)**-ਸਪਰਿੰਗ ਡਿਊ ਪਬਲਿਕ ਸਕੂਲ ਵਿਖੇ ਦੋ ਦਿਨਾ ਸਲਾਨਾ ਖੇਡ ਮੇਲੇ ਦਾ ਆਯੋਜਨ ਕੀਤਾ ਗਿਆ। ਵਾਇਸ ਪ੍ਰਿੰਸੀਪਲ ਬੇਅੰਤ ਕੁਮਾਰ ਨੇ ਦੱਸਿਆ ਕਿ 21 ਨਵੰਬਰ ਅਤੇ 29 ਨਵੰਬਰ ਨੂੰ ਇਸ ਖੇਡ ਮੇਲੇ ਦੀ ਸ਼ੁਰੂਆਤ ਕੀਤੀ ਗਈ। ਪਹਿਲੇ ਦਿਨ ਨਰਸਰੀ ਤੋਂ ਪੰਜਵੀਂ ਕਲਾਸ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਉਨ੍ਹਾਂ ਲਈ ਐਪਲ ਰੇਸ, ਬਿਸਕੁਟ ਰੇਸ, ਜੰਪ ਰੇਸ ਅਤੇ ਫਰੋਗ ਰੇਸ, ਸਿੰਪਲ ਰੇਸ ਦੇ ਨਾਲ-ਨਾਲ 2 ਹੋਰ ਫਨੀ ਗੇਮਸ ਰੱਖੀਆ ਗਈਆਂ ਸਨ। ਖੇਡਾਂ ਦਾ ਆਗਾਜ਼ ਵਿਦਿਆਰਥੀਆਂ ਵਲੋਂ ਆਪਣੀ ਫਿਟਨਸ ਦਾ ਪ੍ਰਦਰਸ਼ਨ ਕਰਕੇ ਕੀਤਾ ਗਿਆ। ਵਿਦਿਆਰਥੀਆਂ ਵਲੋਂ ਸਪੋਰਟਸ ਟੀਚਰ ਲਖਵੀਰ ਸਿੰਘ ਉੱਪਲ, ਜਗਦੀਪ ਸਿੰਘ, ਮੈਡਮ ਕੁਲਦੀਪ ਕੌਰ ਅਤੇ ਮੈਡਮ ਕੁਲਜੀਤ ਕੌਰ ਦੀ ਅਗਵਾਈ ਵਿੱਚ ਖੂਬਸੂਰਤ ਤਰੀਕੇ ਨਾਲ ਮਾਰਚ ਪਾਸਟ ਕੀਤਾ ਗਿਆ। ਪੀ.ਟੀ ਸ਼ੋਅ ਮਗਰੋਂ ਪ੍ਰਧਾਨ ਮਨਜੋਤ ਕੁਮਾਰ ਵਲੋਂ ਝੰਡਾ ਲਹਿਰਾ ਕੇ ਖੇਡਾ ਦਾ ਆਯੋਜਨ ਕੀਤਾ ਗਿਆ। ਦੂਸਰੇ ਦਿਨ ਛੇਵੀਂ ਕਲਾਸ ਤੋਂ ਬਾਰ੍ਹਵੀਂ ਕਲਾਸ ਤੱਕ ਦੇ ਵਿਦਿਆਰਥੀਆਂ ਲਈ 100 ਮੀਟਰ, 200 ਮੀਟਰ, 400 ਮੀਟਰ, ਲਾਂਗ ਜੰਪ, ਰਿਲੇਅ ਦੌੜ, ਸੈਕ ਰੇਸ, ਹਰਡਲ ਰੇਸ, ਆਦਿ ਦਾ ਆਯੋਜਨ ਕੀਤਾ ਗਿਆ। ਸਕੂਲ ਦੇ ਚਾਰ ਹਾਊਸ ਟੈਰੇਸਾ ਹਾਊਸ, ਰਣਜੀਤ ਹਾਊਸ, ਅਸ਼ੋਕਾ ਹਾਊਸ ਅਤੇ ਅਕਬਰ ਹਾਊਸ ਵਿੱਚੋਂ ਟੈਰੇਸਾ ਹਾਊਸ ਨੇ ਸਭ ਤੋਂ ਵੱਧ ਮੈਡਲ ਲੈ ਕੇ ਜੇਤੂ ਹਾਊਸ ਦੀ ਟਰਾਫੀ ਹਾਸਲ ਕੀਤੀ। ਜੇਤੂ ਵਿਦਿਆਰਥੀਆਂ ਨੂੰ ਵਾਇਸ ਪ੍ਰਿੰਸੀਪਲ ਬੇਅੰਤ ਕੁਮਾਰ, ਮੈਨੇਜਰ ਮਨਦੀਪ ਚੌਹਾਨ, ਬਲਜੀਤ ਕੌਰ, ਸਤਿੰਦਰਜੀਤ ਕੌਰ, ਅੰਜੂ ਬਾਲਾ, ਜਗਸੀਰ ਸਿੰਘ ਆਦਿ ਵਲੋਂ ਮੈਡਲ ਪਾ ਕੇ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਨਵਨੀਤ ਚੌਹਾਨ ਵਲੋ ਵਿਦਿਆਰਥੀਆਂ ਅਤੇ ਡੀ.ਪੀ ਅਧਿਆਪਕ ਸਾਹਿਬਾਨ ਨੂੰ ਇਸ ਦੋ ਦਿਨਾ ਖੇਡ ਮੇਲੇ ਦੀ ਵਧਾਈ ਦਿੱਤੀ ਗਈ। ਵਿਦਿਆਰਥੀਆਂ ਵਲੋਂ ਸਕੂਲ ਦੇ ਝੰਡੇ ਨੂੰ ਸਲਾਮੀ ਦਿੰਦੇ ਹੋਏ ਉਤਾਰਿਆ ਗਿਆ। ਇਸ ਤਰ੍ਹਾਂ ਦੇ ਖੇਡ ਮੇਲੇ ਦਾ ਆਯੋਜਨ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਧਿਆਨ ਵਿੱਚ ਰੱਖਦੇ ਹੋਏ ਕੀਤਾ ਗਿਆ ਸੀ। ਪ੍ਰਬੰਧਕੀ ਕਮੇਟੀ ਵਲੋਂ ਚੇਅਰਮੈਨ ਬਲਦੇਵ ਬਾਵਾ, ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਸਿੰਘ ਵਲੋਂ ਸਕੂਲ ਨੂੰ ਇਸ ਲਈ ਮੁਬਾਰਕਬਾਦ ਅਤੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਗਈ।

## ਬਲੌਜ਼ਮਜ਼ ਕਾਨਵੈਂਟ ਸਕੂਲ ਵੱਲੋਂ ਗ੍ਰੀਨ ਮਿਸ਼ਨ ਪੰਜਾਬ ਪ੍ਰੋਗਰਾਮ



**ਜਗਰਾਉਂ (ਅਮਿਤ ਖੰਨਾ)**-ਬਲੌਜ਼ਮਜ਼ ਕਾਨਵੈਂਟ ਸਕੂਲ ਵੱਲੋਂ ਸਨਮਤੀ ਭਵਨ ਜਗਰਾਉਂ ਵਿਖੇ ਗਰੀਨ ਮਿਸ਼ਨ ਪੰਜਾਬ ਅਤੇ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਤ ਇੱਕ ਪ੍ਰੋਗਰਾਮ ਕਰਵਾਇਆ ਗਿਆ। ਜਿਸ ਵਿੱਚ ਆਪੋ ਆਪਣੇ ਐਕਟ ਲੈ ਕੇ ਬਹੁਤ ਸਾਰੇ ਸਕੂਲਾਂ ਨੇ ਹਿੱਸਾ ਲਿਆ। ਉਸੇ ਤਹਿਤ ਸਕੂਲ ਵੱਲੋਂ ਅੱਠਵੀਂ ਜਮਾਤ ਦੀਆਂ ਵਿਦਿਆਰਥਣਾਂ ਨੇ ਅੱਜ ਦੇ ਵਿਦਿਆਰਥੀਆਂ ਵਿੱਚ ਸੋਸ਼ਲ ਮੀਡੀਆ ਦੀ ਵੱਧ ਵਰਤੋਂ ਦੇ ਬੁਰੇ ਪ੍ਰਭਾਵ ਸਬੰਧੀ ਇੱਕ ਨਾਟਕ ਕੀਤਾ ਤੇ ਨਤੀਜੇ ਵਜੋਂ ਬੈਸਟ ਪਰਫਾਰਮੈਂਸ ਦਾ ਐਵਾਰਡ ਸਕੂਲ ਨੇ ਆਪਣੇ ਨਾਂ ਕਰਵਾਇਆ। ਇਸ ਮੌਕੇ ਸਕੂਲ ਪ੍ਰਿੰਸੀਪਲ ਡਾ. ਅਮਰਜੀਤ ਕੌਰ ਨਾਜ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਨੂੰ ਐਕਟ ਤਿਆਰ ਕਰਵਾਉਣ ਵਾਲੇ ਅਧਿਆਪਕ ਨਵਜੀਤ ਸਿੰਘ ਨੂੰ ਵਧਾਈ ਦਿੱਤੀ। ਇਸ ਮੌਕੇ ਸਕੂਲ ਦੇ ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ ਨੇ ਵੀ ਜੇਤੂ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ।

## ਅੰਤਰਰਾਸ਼ਟਰੀ ਦਿਵਿਆਂਗ ਦਿਵਸ ਮੌਕੇ ਸਨਮਾਨ ਸਮਾਰੋਹ



**ਮਾਨਸਾ (ਆਤਮਾ ਸਿੰਘ ਪਮਾਰ)**-ਸਰਕਾਰੀ ਪ੍ਰਾਇਮਰੀ ਸਕੂਲ ਰਾਮਦਿੱਤੇਵਾਲਾ ਵਿਖੇ ਸਕੂਲ ਮੁਖੀ ਗਗਨਦੀਪ ਸ਼ਰਮਾ ਦੀ ਸਮੁੱਚੀ ਅਗਵਾਈ ਵਿੱਚ ਵਿਸ਼ਵ ਦਿਵਿਆਂਗ ਦਿਵਸ ਮਨਾਇਆ ਗਿਆ। ਇਸ ਮੌਕੇ ਕ੍ਰਿਸ਼ਨ ਸਿੰਘ ਉੱਭਾ ਈ.ਟੀ.ਟੀ. ਅਧਿਆਪਕ ਅਤੇ ਕਾਲਾ ਸਿੰਘ ਉੱਭਾ ਮਿਊਜ਼ਿਕ ਟੀਚਰ ਦਾ ਸਨਮਾਨ ਕੀਤਾ ਗਿਆ। ਇਨ੍ਹਾਂ ਅਧਿਆਪਕਾਂ ਨੇ ਅਪੰਗ ਹੋਣ ਦੇ ਬਾਵਜੂਦ ਸਖ਼ਤ ਮਿਹਨਤ ਨਾਲ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਤੋਂ ਉੱਪਰ ਉੱਠ ਕੇ ਮੰਜ਼ਲ ਪ੍ਰਾਪਤ ਕੀਤੀ। ਇਨ੍ਹਾਂ ਅਧਿਆਪਕਾਂ ਤੋਂ ਵਿਦਿਆਰਥੀ ਬਹੁਤ ਪ੍ਰਭਾਵਿਤ ਹੋਏ। ਇਸ ਸਬੰਧੀ ਬਾਲ ਸਾਹਿਤਕਾਰ ਇਕਬਾਲ ਸੰਧੂ ਉੱਭਾ ਨੇ ਅਪੰਗਤਾ 'ਤੇ ਬੋਲਦੇ ਹੋਏ ਕਿਹਾ ਕਿ ਅਪੰਗਤਾ ਕੋਈ ਸ਼ਰਾਪ ਨਹੀਂ, ਅਨੇਕ ਅਪੰਗ ਮਨੁੱਖਾਂ ਨੇ ਮਿਹਨਤ ਨਾਲ ਸੰਸਾਰ ਵਿੱਚ ਆਪਣਾ ਨਾਂ ਕਮਾਇਆ ਹੈ। ਲੋੜ ਸਖ਼ਤ ਮਿਹਨਤ, ਪੱਕੇ ਅਤੇ ਸੱਚੇ ਇਰਾਦੇ ਦੀ ਹੁੰਦੀ ਹੈ। ਇਸ ਮੌਕੇ ਵੀਰਪਾਲ ਕੌਰ, ਸ਼ਰਨਜੀਤ ਕੌਰ, ਸਿਮਰਜੀਤ ਕੌਰ, ਰਿੰਕੂ ਰਾਣੀ, ਜਗਦੀਪ ਸਿੰਘ ਅਤੇ ਵਿਦਿਆਰਥੀ ਹਾਜ਼ਰ ਸਨ।

## ਦਵਿੰਦਰ ਸਿੰਘ ਗਿੱਲ ਨੂੰ ਵਿਦਾਇਗੀ ਪਾਰਟੀ



**ਜਗਰਾਉਂ (ਅਮਿਤ ਖੰਨਾ)**-ਸ੍ਰੀਮਤੀ ਸਤੀਸ਼ ਗੁਪਤਾ ਸਰਵਹਿੱਤਕਾਰੀ ਵਿੱਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ ਜਗਰਾਉਂ ਦੇ ਸਰੀਰਿਕ ਸਿੱਖਿਆ ਦੇ ਅਧਿਆਪਕ ਦਵਿੰਦਰ ਸਿੰਘ ਗਿੱਲ, ਜੋ ਕਿ ਸਕੂਲ ਵਿਖੇ 17 ਸਾਲਾਂ ਤੋਂ ਸੇਵਾ ਨਿਭਾ ਰਹੇ ਹਨ, ਨੂੰ ਵਿਦਾਇਗੀ ਪਾਰਟੀ ਦਿੱਤੀ ਗਈ। ਵਿਦਾਇਗੀ ਸਮਾਰੋਹ ਦੌਰਾਨ ਅਧਿਆਪਕ ਦਵਿੰਦਰ ਸਿੰਘ ਗਿੱਲ ਨੇ ਆਪਣੀਆਂ ਖੱਟੀਆਂ ਮਿੱਠੀਆਂ ਯਾਦਾਂ ਸਾਂਝੀਆਂ ਕੀਤੀਆਂ। ਸਕੂਲ ਦੇ ਪ੍ਰਧਾਨ ਰਵਿੰਦਰ ਗੁਪਤਾ ਅਤੇ ਪ੍ਰਬੰਧਕ ਐਡਵੋਕੇਟ ਵਿਵੇਕ ਭਾਰਦਵਾਜ ਨੇ ਦਵਿੰਦਰ ਸਿੰਘ ਤੋਂ ਇਹ ਆਸ਼ਾ ਕੀਤੀ ਕਿ ਜਦੋਂ ਵੀ ਸਾਨੂੰ ਸਕੂਲ ਪ੍ਰਤੀ ਲੋੜ ਪਈ ਤਾਂ ਸਾਨੂੰ ਆਪਣਾ ਪੂਰਾ ਸਹਿਯੋਗ ਦੇਣਗੇ ਤੇ ਨਾਲ ਹੀ ਉਨਾਂ ਨੂੰ ਆਪਣਾ ਆਸ਼ੀਰਵਾਦ ਦਿੰਦੇ ਹੋਏ ਕਿਹਾ ਕਿ ਉਹ ਖੂਬ ਖੁਸ਼ੀਆਂ ਮਾਨਣ, ਜਿੱਥੇ ਵੀ ਜਾਣ ਖੂਬ ਤਰੱਕੀਆਂ ਕਰਨ। ਸਮੂਹ ਸਟਾਫ ਨੂੰ ਰਿਫਰੈਸ਼ਮੈਂਟ ਪਾਰਟੀ ਦਿੱਤੀ ਗਈ। ਇਸ ਵਿਦਾਇਗੀ ਪਾਰਟੀ ਵਿੱਚ ਸਕੂਲ ਦੇ ਪ੍ਰਧਾਨ ਰਵਿੰਦਰ ਗੁਪਤਾ, ਪ੍ਰਬੰਧਕ ਐਡਵੋਕੇਟ ਵਿਵੇਕ ਭਾਰਦਵਾਜ, ਉਪ ਪ੍ਰਧਾਨ ਸ਼ਾਮ ਸੁੰਦਰ, ਪ੍ਰਿੰਸੀਪਲ ਨੀਲੂ ਨਰੂਲਾ ਅਤੇ ਸਮੂਹ ਸਟਾਫ ਸ਼ਾਮਲ ਸੀ।

...ਸਫ਼ਾ 1 ਦਾ ਬਾਕੀ

## ਕਾਮਰੇਡ ਭਗਵਾਨ ਸਿੰਘ...

ਪ੍ਰਾਪਤੀ ਮੁਹਿੰਮ ਦੇ ਮੁੱਖ ਸਲਾਹਕਾਰ ਜਗਰੂਪ ਸਿੰਘ ਤੋਂ ਇਲਾਵਾ ਪਾਵਰਕਾਮ/ ਟਰਾਂਸਕੋ ਪੈਨਸ਼ਨਰ ਯੂਨੀਅਨ ਦੇ ਸੂਬਾ ਪ੍ਰਧਾਨ ਰਾਧੇ ਸ਼ਿਆਮ ਸਮੇਤ ਭਰਾਤਰੀ ਜਥੇਬੰਦੀਆਂ ਦੇ ਆਗੂ ਪਹੁੰਚ ਰਹੇ ਹਨ। ਕੁੱਲ ਹਿੰਦ ਫੈਡਰੇਸ਼ਨ ਦੇ ਆਗੂ ਨਰਿੰਦਰ ਸੈਣੀ, ਜਸਵੀਰ ਸਿੰਘ, ਜਗਦੀਸ਼ ਸ਼ਰਮਾ ਤੇ ਨਰਿੰਦਰ ਬੱਲ ਨੇ ਕਾਮਰੇਡ ਭਗਵਾਨ ਅਣਖੀ ਦੇ ਵਾਰਿਸਾਂ ਸਮੇਤ ਜਥੇਬੰਦੀ ਦੇ ਸਾਬਕਾ ਸੂਬਾਈ ਅਤੇ ਸਰਕਲ ਅਹੁਦੇਦਾਰਾਂ ਨੂੰ ਕਾਮਰੇਡ ਅਣਖੀ, ਐੱਚ ਐੱਸ ਪਰਮਾਰ, ਸਤਨਾਮ ਸਿੰਘ ਛਲੇੜੀ, ਮਹਿੰਦਰ ਸਿੰਘ ਬਟਾਲਾ ਅਤੇ ਹੋਰ ਵਿੱਛੜ ਚੁੱਕੇ ਆਗੂਆਂ ਨੂੰ ਸ਼ਰਧਾਂਜਲੀਆਂ ਭੇਟ ਕਰਨ ਲਈ ਹਰੇਕ ਸਾਲ ਦੀ ਤਰਾਂ ਵਹੀਰਾਂ ਘੱਤ ਕੇ ਪਹੁੰਚਣ ਦਾ ਸੱਦਾ ਦਿੱਤਾ ਹੈ।

## ਪੈਰਿਸ 'ਚ ਰਾਹਗੀਰਾਂ 'ਤੇ ਹਮਲਾ, ਇਕ ਮੌਤ

**ਪੈਰਿਸ** : ਫਰਾਂਸ ਦੀ ਰਾਜਧਾਨੀ ਪੈਰਿਸ 'ਚ ਸ਼ਨੀਵਾਰ ਆਈਫਲ ਟਾਵਰ ਨੇੜੇ ਇਕ ਹਮਲਾਵਰ ਨੇ ਕੁਝ ਰਾਹਗੀਰਾਂ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ, ਜਿਸ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ ਦੋ ਹੋਰ ਜ਼ਖਮੀ ਹੋ ਗਏ। ਫਰਾਂਸ ਦੇ ਗ੍ਰਹਿ ਮੰਤਰੀ ਗੇਰਾਲਡ ਦਰਮਨਿਨ ਨੇ ਕਿਹਾ ਕਿ ਘਟਨਾ ਤੋਂ ਬਾਅਦ ਹਮਲਾਵਰ ਨੂੰ ਗ੍ਰਿਫਤਾਰ ਕਰ ਲਿਆ ਗਿਆ। ਹਮਲਾ ਕਰਨ ਵਾਲੇ ਨੇ ਅੱਲਾ ਹੂ ਅਕਬਰ ਦੇ ਨਾਹਰੇ ਲਾਏ। ਇੱਕ ਪੁਲਸ ਸੂਤਰ ਨੇ ਦੱਸਿਆ ਕਿ ਹਮਲਾਵਰ ਕੱਟੜਪੰਥੀ ਇਸਲਾਮ ਦਾ ਪੈਰੋਕਾਰ ਹੈ ਅਤੇ ਹਿਲਿਆ ਹੋਇਆ ਹੈ।

## ਬੱਸ 'ਤੇ ਫਾਇਰਿੰਗ, 10 ਮੌਤਾਂ

**ਰਾਵਲਪਿੰਡੀ** : ਪਾਕਿਸਤਾਨ ਦੇ ਗਿਲਗਿਤ-ਬਾਲਟਿਸਤਾਨ ਖੇਤਰ 'ਚ ਕਰਾਕੋਰਮ ਹਾਈਵੇ 'ਤੇ ਸ਼ਨੀਵਾਰ ਸ਼ਾਮ ਇਕ ਯਾਤਰੀ ਬੱਸ 'ਤੇ ਅਣਪਛਾਤੇ ਹਮਲਾਵਰਾਂ ਦੀ ਗੋਲੀਬਾਰੀ ਨਾਲ ਘੱਟੋ-ਘੱਟ 10 ਲੋਕਾਂ ਦੀ ਮੌਤ ਹੋ ਗਈ ਅਤੇ 25 ਹੋਰ ਜ਼ਖਮੀ ਹੋ ਗਏ। ਮਾਰੇ ਗਏ ਲੋਕਾਂ 'ਚ ਦੋ ਫੌਜੀ ਵੀ ਹਨ। ਪੁਲਸ ਨੇ ਐਤਵਾਰ ਛੇ ਸ਼ੱਕੀ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ।

## ਸੁਲਤਾਨਪੁਰ ਲੋਧੀ ਬੇਅਦਬੀ ਘਟਨਾ ਦੀ ਸੀ ਬੀ ਆਈ ਜਾਂਚ ਹੋਣੀ ਚਾਹੀਦੀ : ਡਿੰਪੀ ਢਿੱਲੋਂ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਤ ਹੋ ਰਹੀ ਹੈ। ਪੰਜਾਬ ਵਿੱਚ ਕਾਨੂੰਨ ਵਿਵਸਥਾ ਨਹੀਂ ਰਹੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਹਲਕਾ ਗਿੱਦੜਬਾਹਾ ਦੇ ਮੁੱਖ ਸੇਵਾਦਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਗਿੱਦੜਬਾਹਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਤੋਂ ਦੋ ਤਿੰਨ ਦਿਨ ਪਹਿਲਾਂ ਚਰਨ ਛੋਹ ਪ੍ਰਾਪਤ ਧਰਤੀ ਸੁਲਤਾਨਪੁਰ ਲੋਧੀ ਵਿਖੇ ਗੁਰਦੁਆਰਾ ਸਾਹਿਬ ਵਿਖੇ ਪੁਲਸ ਵੱਲੋਂ ਜੋੜੇ ਪਾ ਕੀਤੀ ਗਈ ਗੋਲੀਬਾਰੀ ਨਾਲ ਹੋਈ ਬੇਅਦਬੀ ਬੇਹੱਦ ਮੰਦਭਾਗੀ ਘਟਨਾ ਹੈ ਜਿਸ ਨਾਲ ਸਮੂਹ ਸਿੱਖ ਸੰਗਤ ਅਤੇ ਗੁਰੂ ਨਾਨਕ ਨਾਮ ਲੇਵਾ ਸੰਗਤ ਦੇ ਹਿਰਦੇ ਨੂੰ ਭਾਰੀ ਠੇਸ ਪੁੱਜੀ ਹੈ। ਉਨ੍ਹਾਂ ਕਿਹਾ ਕਿ ਬਹਿਬਲ ਕਾਂਡ ਅਤੇ ਬਰਗਾੜੀ ਗੋਲੀ ਕਾਂਡ ਵਿੱਚ ਧਰਮ ਦੇ ਠੇਕੇਦਾਰ ਅਖਵਾਉਣ ਵਾਲੇ ਆਗੂ ਤੇ ਭਗਵੰਤ ਮਾਨ ਸਮੇਤ ਵਿਰੋਧੀ ਸਾਰੇ ਅਕਾਲੀ ਦਲ ਦੀ ਸਰਕਾਰ ਨੂੰ ਜ਼ੁੰਮੇਵਾਰ ਠਹਿਰਾ ਰਹੇ ਸਨ ਪਰ ਹੁਣ ਸਰਕਾਰ ਭਗਵੰਤ ਮਾਨ ਦੀ ਹੈ ਤੇ ਨਾ ਕੋਈ ਕਾਂਗਰਸੀ ਤੇ ਨਾ ਧਰਮ ਦੇ ਠੇਕੇਦਾਰ ਅਖਵਾਉਣ ਵਾਲੇ ਕੋਈ ਵੀ ਨਹੀਂ ਬੋਲ ਰਿਹਾ ਕਿਉ ਕਿ ਇਸ ਬੇਅਦਬੀ ਦੇ ਖਿਲਾਫ ਕਿਸੇ ਦਾ ਨਾ ਬੋਲਣਾ ਸਾਬਤ ਕਰਦਾ ਹੈ ਕਿ ਅਖੌਤੀ ਪੰਥਕ ਆਗੂ ਤੇ ਅਕਾਲੀ ਦਲ ਵਿਰੋਧੀ ਸਿਰਫ ਸ਼੍ਰੋਮਣੀ ਅਕਾਲੀ ਦਲ ਨੂੰ ਬਦਨਾਮ ਕਰਨਾ ਚਾਹੁੰਦੇ ਸਨ ਪਰ ਹੁਣ ਸੱਚ ਲੋਕਾਂ ਸਾਹਮਣੇ ਆ ਰਿਹਾ ਹੈ ਸਿਰਫ ਸ਼੍ਰੋਮਣੀ ਅਕਾਲੀ ਦਲ ਪੰਥਕ ਪਾਰਟੀ ਹੀ ਪੰਜਾਬ ਪੰਜਾਬੀਅਤ ਅਤੇ ਪੰਜਾਬ ਦੇ ਲੋਕਾਂ ਦੀ ਸੱਚੀ ਹਮਦਰਦ ਪਾਰਟੀ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਘਟਨਾ ਦੀ ਸੀ ਬੀ ਆਈ ਤੋਂ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਅਸਲੀ ਦੋਸ਼ੀਆਂ ਖਿਲਾਫ ਬਣਦੀ ਕਾਰਵਾਈ ਕਰਕੇ ਸਜ਼ਾਵਾਂ ਦਿੱਤੀਆਂ ਜਾਣ।

## ਡੇਰਾ ਬਾਬਾ ਕਿਸ਼ਨ ਦਾਸ ਵਿਖੇ ਧਾਰਮਿਕ ਸਮਾਗਮ



**ਸੰਗਤ ਮੰਡੀ (ਰਾਜਦੀਪ ਜੋਸ਼ੀ)**-ਡੇਰਾ ਬਾਬਾ ਕਿਸ਼ਨ ਦਾਸ ਜੀ ਪਿੰਡ ਦੂਨੇਵਾਲਾ ਵਿਖੇ ਸਤਿਕਾਰਯੋਗ ਬਾਬਾ ਕਿਸ਼ਨ ਦਾਸ ਦੀ 48ਵੀਂ ਬਰਸੀ, ਪਹਿਲੀ ਬਰਸੀ ਅਤੇ ਸੰਤ ਬਾਬਾ ਰੁੱਖੜ ਦਾਸ ਦੀ ਪਹਿਲੀ ਬਰਸੀ ਅਤੇ ਸੰਤ ਬਾਬਾ ਪ੍ਰੀਤਮ ਦਾਸ ਦੀ ਦੂਸਰੀ ਬਰਸੀ ਨੂੰ ਸਮਰਪਤ ਚੰਦਰ ਸਿਧਾਂਤ ਸਾਗਰ ਦੇ ਅਖੰਡ ਪਾਠਾਂ ਦੀ ਲੜੀ ਦੇ ਭੋਗ ਪਾਏ ਗਏ। ਬਾਬਾ ਪਿਆਰਾ ਸਿੰਘ ਸਿਰਥਲੇ ਵਾਲਿਆਂ ਸਣੇ ਸੰਤਾਂ ਮਹਾਂਪੁਰਸ਼ਾਂ ਵੱਲੋਂ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਸਮਾਗਮ ਵਿੱਚ ਦੇਸ਼-ਵਿਦੇਸ਼ ਤੋਂ ਹਜ਼ਾਰਾਂ ਸੰਤ ਮਹਾਂਪੁਰਸ਼ਾਂ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਪੰਜਾਬ ਯੂਥ ਕਾਂਗਰਸ ਦੇ ਜਨਰਲ ਸਕੱਤਰ ਰਣਜੀਤ ਸਿੰਘ ਸੰਧੂ ਵੀ ਹਾਜ਼ਰੀ ਭਰਨ ਲਈ ਪਹੁੰਚੇ। ਵੱਖ-ਵੱਖ ਥਾਵਾਂ 'ਤੇ ਲੰਗਰ ਲਗਾਏ ਗਏ। ਇਸ ਮੌਕੇ ਡੇਰਾ ਮੁਖੀ ਸੰਤ ਜਮਨਾ ਦਾਸ ਨੇ ਸਮਾਗਮ ਵਿਚ ਸ਼ਾਮਲ ਹੋਣ ਲਈ ਆਏ ਸਾਰੇ ਸੰਤਾਂ ਮਹਾਂਪੁਰਸ਼ਾਂ ਦਾ ਧੰਨਵਾਦ ਕੀਤਾ ਅਤੇ ਸੰਗਤਾਂ ਨੂੰ ਧਰਮ ਦੇ ਮਾਰਗ 'ਤੇ ਚੱਲਣ ਅਤੇ ਬੁਰਾਈਆਂ ਦਾ ਤਿਆਗ ਕਰਕੇ ਆਪਣਾ ਜੀਵਨ ਸਫਲ ਕਰਨ ਦੀ ਸਿੱਖਿਆ ਦਿੱਤੀ। ਇਸ ਮੌਕੇ ਸੰਤ ਸਮਾਜ ਮੁਖੀ ਸੰਤ ਭਗਤ ਰਾਮ, ਮਹੰਤ ਆਕਾਸ਼ ਮੁਨੀ, ਮਹੰਤ ਸੋਹਣ ਦਾਸ, ਮਹੰਤ ਗੋਪਾਲ ਦਾਸ, ਮਹੰਤ ਗਿਆਨ ਦਾਸ ਜੱਜਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

4-DEC-PAGE-3.qxd 12/3/2023 10:10 PM Page 1



# ਨਰੇਗਾ ਕੰਮ ਸਾਲ 'ਚ 200 ਦਿਨ ਦਿੱਤਾ ਜਾਵੇ : ਮਾੜੀਮੇਘਾ



ਭਿੱਖੀਵਿੰਡ (ਨਜ਼ਸ)—ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਤੇ ਪੰਜਾਬ ਇਸਤਰੀ ਸਭਾ ਦੀ ਸਾਂਝੀ ਮੀਟਿੰਗ ਸੁਰਵਿੰਡ ਪਿੰਡ ਵਿਖੇ ਕਾਮਰੇਡ ਜਸਵੰਤ ਸਿੰਘ ਦੇ ਘਰ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀਪੀਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਨਰੇਗਾ ਕਾਨੂੰਨ ਬੜੀ ਜੱਦੋਜਹਿਦ ਤੋਂ ਬਾਅਦ 2005 'ਚ ਹੋਂਦ ਵਿੱਚ ਆਇਆ ਸੀ ਪਰ ਸਰਕਾਰਾਂ ਹੁਣ ਤੱਕ ਵੀ ਇਸ ਕਾਨੂੰਨ ਨੂੰ ਸੰਪੂਰਨ ਰੂਪ ਵਿੱਚ ਲਾਗੂ ਨਹੀਂ ਕਰ ਰਹੀਆਂ। ਹਕੀਕਤ ਇਹ ਹੈ ਕਿ ਇਹ ਕਾਨੂੰਨ ਰਿਸ਼ਵਤ ਦੇ ਭੇਟ ਚੜ੍ਹਿਆ ਹੋਇਆ ਹੈ। ਪਿੰਡਾਂ ਦੇ ਮੋਹਤਬਰ ਤੇ ਅਫਸਰਸ਼ਾਹੀ ਦੀ ਮਿਲੀਭੁਗਤ ਨਾਲ ਨਰੇਗਾ ਕਾਮਿਆਂ ਤੋਂ ਕੰਮ ਕਰਵਾ ਲਿਆ ਜਾਂਦਾ ਹੈ ਤੇ ਫਿਰ ਇਹ ਮੋਹਤਬਰ ਬੈਂਕਾਂ ਵਾਲਿਆਂ ਨਾਲ ਮਿਲ ਕੇ ਆਪ ਹੀ ਨਰੇਗਾ ਕਾਮਿਆਂ ਦੇ ਖਾਤਿਆਂ 'ਚੋਂ ਪੈਸੇ ਕੱਢਵਾ ਲੈਂਦੇ ਹਨ। ਇਸ ਵਿੱਚੋਂ ਕੁੱਝ ਕਾਮਿਆਂ ਨੂੰ ਦੇ ਦਿੰਦੇ ਹਨ ਤੇ ਕੁਝ ਅਫਸਰਸ਼ਾਹੀ ਤੱਕ ਪਹੁੰਚਾ ਦਿੰਦੇ ਹਨ ਤੇ ਬਾਕੀ ਮੋਹਤਬਰ ਹੜੱਪ ਲੈਂਦੇ ਹਨ। ਮਾੜੀਮੇਘਾ ਨੇ ਕਿਹਾ ਕਿ ਜਿਹੜੇ ਨਰੇਗਾ ਕਾਮੇ ਇਨ੍ਹਾਂ ਮੋਹਤਬਰਾਂ ਦੇ ਜਾਲ ਵਿੱਚ ਨਹੀਂ ਫਸਦੇ ਉਨ੍ਹਾਂ ਨੂੰ ਕੰਮ ਨਹੀਂ ਲੈਣ ਦਿੱਤਾ ਜਾਂਦਾ। ਪਿਛਲੇ ਦਿਨਾਂ ਵਿੱਚ ਨਰੇਗਾ ਕਾਮਿਆਂ ਨੇ ਕੰਮ ਕੀਤਾ ਹੈ ਪਰ ਉਨ੍ਹਾਂ ਦੇ ਖਾਤਿਆਂ ਵਿੱਚ ਪੈਸੇ ਨਹੀਂ ਪਾਏ ਜਾ ਰਹੇ। ਨਰੇਗਾ ਕਾਮੇ ਕੰਮ ਮੰਗਦੇ ਹਨ ਪਰ ਕੰਮ ਨਹੀਂ ਦਿੱਤਾ ਜਾ ਰਿਹਾ। ਨਰੇਗਾ ਕੰਮ ਸਾਲ ਵਿੱਚ 200 ਦਿਨ ਤੇ ਦਿਹਾੜੀ 700 ਰੁਪਏ ਕੀਤੀ ਜਾਵੇ। ਮੀਟਿੰਗ ਨੂੰ ਨਰੇਗਾ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਨਰਿੰਦਰ ਸਿੰਘ ਅਲਗੋਂ ਤੇ ਕਿਸਾਨ ਸਭਾ ਦੇ ਜ਼ਿਲ੍ਹਾ ਆਗੂ ਰਛਪਾਲ ਸਿੰਘ ਬਾਠ ਨੇ ਵੀ ਸੰਬੋਧਨ ਕੀਤਾ। ਪੰਜਾਬ ਇਸਤਰੀ ਸਭਾ ਦੀ ਚੋਣ ਕੀਤੀ ਗਈ ਜਿਸ ਵਿੱਚ ਪ੍ਰਧਾਨ ਸਰਬਜੀਤ ਕੌਰ ਪਤਨੀ ਜਸਵੰਤ ਸਿੰਘ, ਸਕੱਤਰ ਰਣਜੀਤ ਕੌਰ ਪਤਨੀ ਗੁਰਮੀਤ ਸਿੰਘ, ਕੈਸ਼ੀਅਰ ਦਲਬੀਰ ਕੌਰ ਪਤਨੀ ਸੁਰਜੀਤ ਸਿੰਘ, ਮੀਤ ਪ੍ਰਧਾਨ ਰਾਜ ਕੌਰ ਪਤਨੀ ਗੁਰਮੁਖ ਸਿੰਘ, ਮੀਤ ਸਕੱਤਰ ਅਮਰਜੀਤ ਕੌਰ ਪਤਨੀ ਜਸਬੀਰ ਸਿੰਘ ਆਦਿ ਨਾਂਅ ਸ਼ਾਮਲ ਹਨ।

# ਮਜ਼ਦੂਰ ਜਥੇਬੰਦੀਆਂ ਵੱਲੋਂ ਪੰਜਾਬ ਦੇ ਮੰਤਰੀਆਂ ਦੇ ਘਰਾਂ ਅੱਗੇ ਤਿੰਨ ਰੋਜ਼ਾ ਧਰਨਿਆਂ ਦੀਆਂ ਤਿਆਰੀਆਂ ਮੁਕੰਮਲ

ਸ਼ਾਹਕੋਟ (ਗਿਆਨ ਸੈਦਪੁਰੀ)-ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੀ ਸੂਬਾ ਪੱਧਰੀ ਮੀਟਿੰਗ ਮੋਰਚੇ ਦੇ ਆਗੂ ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ ਦੀ ਪ੍ਰਧਾਨਗੀ ਹੇਠ ਤਰਕਸ਼ੀਲ ਭਵਨ ਬਰਨਾਲਾ ਵਿਖੇ ਹੋਈ। ਮੀਟਿੰਗ ਵਿਚ 9, 10 ਅਤੇ 11 ਦਸੰਬਰ ਨੂੰ ਪੰਜਾਬ ਦੇ ਚਾਰ ਮੰਤਰੀਆਂ ਦੇ ਘਰਾਂ ਅੱਗੇ ਲੱਗਣ ਵਾਲੇ ਤਿੰਨ ਰੋਜ਼ਾ ਧਰਨਿਆਂ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਂਦਿਆਂ ਮਜ਼ਦੂਰ ਮੋਰਚੇ ਨੇ ਦਾਅਵਾ ਕੀਤਾ ਕਿ ਹਜ਼ਾਰਾਂ ਮਜ਼ਦੂਰ ਆਪਣੇ ਪਰਵਾਰਾਂ ਸਮੇਤ ਧਰਨਿਆਂ ਸ਼ਾਮਲ ਹੋਣਗੇ। ਸਾਂਝੇ ਮਜ਼ਦੂਰ ਮੋਰਚੇ 'ਚ ਸ਼ਾਮਲ ਅੱਠ ਜਥੇਬੰਦੀਆਂ ਦੇ ਸੂਬਾਈ ਆਗੂਆਂ ਨੇ ਮਾਨ ਸਰਕਾਰ ਦੀ ਜ਼ੋਰਦਾਰ ਨਿੰਦਾ ਕਰਦਿਆਂ ਕਿਹਾ ਕਿ ਬਦਲਾਅ ਦਾ ਨਾਹਰਾ ਦੇ ਕੇ ਰਾਜਗੱਦੀ 'ਤੇ ਬੈਠੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਮਜ਼ਦੂਰਾਂ ਦੀਆਂ ਹੱਕੀ ਤੇ ਵਾਜਬ ਮੰਗਾਂ ਵੱਲ ਪਿੱਠ ਕੀਤੀ ਹੋਈ ਹੈ। ਉਨ੍ਹਾਂ ਕਿਹਾ ਕਿ ਮਜ਼ਦੂਰ ਵਿਹੜਿਆਂ 'ਚ ਝੋਲੀਆਂ ਅੱਡ ਅੱਡ ਵੋਟਾਂ ਮੰਗਣ ਵਾਲੇ ਆਪ ਦੇ ਵਿਧਾਇਕਾਂ ਤੇ ਮੰਤਰੀਆਂ ਕੋਲ ਮਜ਼ਦੂਰਾਂ ਦਾ ਮੰਗ ਪੱਤਰ ਲੈਣ ਦਾ ਵੀ ਸਮਾਂ ਨਹੀਂ। ਪਿਛਲੇ ਦਿਨੀਂ ਦੋ ਦਰਜਨ ਤੋਂ ਵੱਧ ਥਾਵਾਂ 'ਤੇ ਜਦੋਂ ਮਜ਼ਦੂਰ ਵਿਧਾਇਕਾਂ ਦੇ ਘਰਾਂ 'ਚ ਮੰਗ ਪੱਤਰ ਦੇਣ ਪੁੱਜੇ ਤਾਂ ਅਗਾਊਂ ਸੂਚਨਾ ਦੇਣ ਦੇ ਬਾਵਜੂਦ ਬਹੁਤੇ ਥਾਈਂ ਵਿਧਾਇਕ ਗੈਰਹਾਜ਼ਰ ਸਨ। ਇਸ ਮੌਕੇ ਮਜ਼ਦੂਰ ਆਗੂਆਂ ਨੇ ਨਾਭਾ ਤੋਂ ਵਿਧਾਇਕ ਦੇਵ ਮਾਨ ਦੀ ਜ਼ੋਰਦਾਰ ਨਿੰਦਾ ਕਰਦਿਆਂ ਕਿਹਾ ਕਿ ਉਕਤ ਵਿਧਾਇਕ ਨੇ ਨਾ ਕਿ ਮੰਗ ਪੱਤਰ ਦੇਣ ਗਏ ਮਜ਼ਦੂਰਾਂ ਨਾਲ ਬਦਸਲੂਕੀ ਕੀਤੀ ਉਲਟਾ ਮਜ਼ਦੂਰਾਂ ਖਿਲਾਫ ਪੁਲਸ ਰਿਪੋਰਟ ਵੀ ਕੀਤੀ। ਉਨ੍ਹਾਂ ਦੱਸਿਆ ਕਿ ਮਜ਼ਦੂਰ ਮੋਰਚਾ ਪਿਛਲੇ ਲੰਮੇ ਸਮੇਂ ਤੋਂ ਮਜ਼ਦੂਰਾਂ ਨੂੰ ਰਿਹਾਇਸ਼ੀ ਪਲਾਟ ਦਿਵਾਉਣ, ਰੁਜ਼ਗਾਰ ਦੇ ਪੱਕੇ ਪ੍ਰਬੰਧ ਕਰਨ, ਘੱਟੋ ਘੱਟ ਦਿਹਾੜੀ 700 ਰੁਪਏ ਕਰਨ, ਮੁਕੰਮਲ ਕਰਜ਼ਾ ਮਾਫੀ, ਸਰਕਾਰ ਵੱਲੋਂ ਕੀਤੀਆਂ ਗਰੰਟੀਆਂ ਨੂੰ ਲਾਗੂ ਕਰਨ, ਵਿਧਵਾ ਬੁਢਾਪਾ ਅੰਗਹੀਣ ਪੈਨਸ਼ਨ 5000 ਰੁਪਏ ਕਰਨ ਅਤੇ ਤੀਜੇ ਹਿੱਸੇ ਦੀ ਜ਼ਮੀਨ ਕਿਰਤੀਆਂ ਨੂੰ ਦੇਣ ਆਦਿ ਵਰਗੀਆਂ ਮੰਗਾਂ 'ਤੇ ਸੰਘਰਸ਼ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਮੀਟਿੰਗਾਂ ਦਾ ਸਮਾਂ ਤੈਅ ਕਰਕੇ ਵੀ ਮਜ਼ਦੂਰਾਂ ਨਾਲ ਮੀਟਿੰਗ ਨਹੀਂ ਕੀਤੀ। ਮੁੱਖ ਮੰਤਰੀ ਦਾ ਇਹ ਰਵੱਈਆ ਦਲਿਤਾਂ/ਮਜ਼ਦੂਰਾਂ ਪ੍ਰਤੀ ਘੋਰ ਵਿਤਕਰੇ ਨੂੰ ਜ਼ਾਹਰ ਕਰਦਾ ਹੈ। ਉਨ੍ਹਾਂ ਦੱਸਿਆ ਕਿ ਸਾਂਝੇ ਮਜ਼ਦੂਰ ਵੱਲੋਂ ਇੱਕੋ ਸਮੇਂ 9 ਦਸੰਬਰ ਤੋਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਘਰ ਦਿੜ੍ਹਬਾ, ਮੰਤਰੀ ਗੁਰਮੀਤ ਸਿੰਘ ਦੇ ਪਿੰਡ ਖੁੱਡੀਆਂ ਜ਼ਿਲ੍ਹਾ ਮੁਕਤਸਰ, ਮੰਤਰੀ ਹਰਭਜਨ ਸਿੰਘ ਈ ਟੀ ਓ ਦੇ ਘਰ ਜੰਡਿਆਲਾ ਗੁਰੂ ਵਿਖੇ ਅਤੇ ਮੰਤਰੀ ਬਲਕਾਰ ਸਿੰਘ ਦੀ ਜਲੰਧਰ ਸਥਿਤ ਰਿਹਾਇਸ਼ ਅੱਗੇ ਧਰਨੇ ਲਾਏ ਜਾਣਗੇ। ਉਨ੍ਹਾਂ ਪੰਜਾਬ ਦੇ ਬੇਜ਼ਮੀਨੇ ਮਜ਼ਦੂਰਾਂ ਨੂੰ ਵੱਡੀ ਤਾਦਾਦ ਵਿੱਚ ਧਰਨਿਆਂ 'ਚ ਸ਼ਾਮਲ ਹੋਣ ਦੀ ਅਪੀਲ ਕਰਦਿਆਂ ਬੀਤੇ ਦਿਨ ਮੁਕੇਰੀਆਂ ਵਿਚ ਗੰਨਾ ਉਤਪਾਦਕ ਕਿਸਾਨਾਂ 'ਤੇ ਲਾਠੀਚਾਰਜ ਦੀ ਨਿੰਦਾ ਕਰਦਿਆਂ ਕਿਹਾ ਕਿ ਸਰਕਾਰ ਹੁਣ ਜਬਰ ਦੇ ਜ਼ੋਰ ਲੋਕਾਂ ਦੀ ਆਵਾਜ਼ ਨੂੰ ਦਬਾਉਣ ਦੇ ਰਾਹ ਪੈ ਗਈ ਹੈ। ਮੀਟਿੰਗ 'ਚ ਹੋਰਨਾਂ ਤੋਂ ਇਲਾਵਾ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਆਗੂ ਦਰਸ਼ਨ ਨਾਹਰ ਅਤੇ ਬਲਦੇਵ ਨੂਰਪੁਰੀ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਕਸ਼ਮੀਰ ਸਿੰਘ ਘੁਗਸ਼ੋਰ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜੋਰਾ ਸਿੰਘ ਨਸਰਾਲੀ ਅਤੇ ਲਛਮਣ ਸਿੰਘ ਸੇਵੇਵਾਲ, ਪੰਜਾਬ ਖੇਤ ਮਜ਼ਦੂਰ ਸਭਾ ਦੇ ਦੇਵੀ ਕੁਮਾਰੀ ਸਰਾਹਲੀ ਕਲਾਂ, ਮਜ਼ਦੂਰ ਮੁਕਤੀ ਮੋਰਚਾ ਦੇ ਮੱਖਣ ਸਿੰਘ ਰਾਮਗੜ੍ਹ ਅਤੇ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਲਖਵੀਰ ਸਿੰਘ ਲੱਖਾ ਸ਼ਾਮਲ ਹੋਏ।



ਬਰਸੀ 'ਤੇ ਵਿਸ਼ੇਸ਼

# ਸੰਤ ਬਾਬਾ ਗੁਰਬਖਸ਼ ਸਿੰਘ ਕੋਹਾਲਾ



ਰਾਜਾ ਹੋਵੇ ਭਾਵੇਂ ਰੰਕ, ਗਰੀਬ ਹੋਵੇ ਭਾਵੇਂ ਅਮੀਰ, ਬੁੱਢਾ ਹੋਵੇ ਜਾਂ ਬਾਲਕ, ਹਰ ਇਕ ਨੇ ਸੰਸਾਰ ਨੂੰ ਤਿਆਗ ਕੇ ਇਕ ਨਾ ਇਕ ਦਿਨ ਅਣਦਿਸੇ ਸੰਸਾਰ, ਪਰਲੋਕ ਨੂੰ ਗਮਨ ਕਰ ਜਾਣਾ ਹੁੰਦਾ ਹੈ, ਪਰ ਕੁਝ ਵਿਅਕਤੀ ਅਜਿਹੇ ਹੁੰਦੇ ਹਨ, ਜੋ ਸੰਸਾਰ ਯਾਤਰਾ ਦੌਰਾਨ ਅਜਿਹੀਆਂ ਪੈੜਾਂ ਛੱਡ ਜਾਂਦੇ ਹਨ, ਜੋ ਉਨ੍ਹਾਂ ਦੇ ਤੁਰ ਜਾਣ ਤੋਂ ਬਾਅਦ ਵੀ ਦੂਸਰਿਆਂ ਲਈ ਮਾਰਗ ਦਰਸ਼ਨ ਬਣ ਜਾਂਦੀਆਂ ਹਨ। ਉਨ੍ਹਾਂ ਦੀਆਂ ਅਮਿੱਟ ਯਾਦਾਂ ਸਦਾ ਹੀ ਕਾਇਮ ਰਹਿੰਦੀਆਂ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਆਪਣੀ ਜ਼ਿੰਦਗੀ ਗੁਜ਼ਾਰਦੀਆਂ ਹਨ। ਅਜਿਹੇ ਹੀ ਇਕ ਵਿਅਕਤੀ ਸਨ ਸੰਤ ਬਾਬਾ ਗੁਰਬਖ਼ਸ਼ ਸਿੰਘ ਜੀ, ਜਿਨ੍ਹਾਂ ਦਾ ਜਨਮ ਨਗਰ ਠੱਟਾ ਤਹਿਸੀਲ ਪੱਟੀ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਤਰਨਾ ਦਲ ਦੇ ਮੁਖੀ ਜਥੇਦਾਰ ਬਾਬਾ ਜਵੰਦ ਸਿੰਘ ਜੀ ਦੇ ਸਪੁੱਤਰ ਜਥੇਦਾਰ ਬਾਬਾ ਗੁਰਦਿੱਤ ਸਿੰਘ ਜੀ ਦੇ ਗ੍ਰਹਿ ਵਿਖੇ ਹੋਇਆ। 'ਹੋਨਹਾਰ ਬਿਰਵਾਨ ਕੇ ਚਿਕਨੇ ਚਿਕਨੇ ਪਾਤ' ਦੀ ਕਹਾਵਤ ਅਨੁਸਾਰ ਆਪ ਬਚਪਨ ਤੋਂ ਹੀ ਵਿਲੱਖਣ ਗੁਣਾਂ ਦੇ ਮਾਲਕ ਸਨ। ਆਪ ਜੀ ਦੀਆਂ ਬਚਪਨ ਵੇਲੇ ਦੀਆਂ ਵਿਲੱਖਣ ਖੇਡਾਂ ਅਤੇ ਰਹੱਸਮਈ ਗੱਲਾਂ ਕਰਕੇ ਇਕ ਦਿਨ ਬਾਬਾ ਜਵੰਦ ਸਿੰਘ ਜੀ ਨੇ ਭਵਿੱਖੀ ਬਚਨ ਕਰਦਿਆਂ ਕਿਹਾ ਕਿ ਬਾਲਕ ਇਕ ਦਿਨ ਆਪਣੇ ਨਗਰ ਅਤੇ ਇਲਾਕੇ ਦਾ ਨਾਂਅ ਰੋਸ਼ਨ ਕਰੇਗਾ। ਛੋਟੀ ਉਮਰੇ ਕੁਸ਼ਤੀ ਕਰਨੀ ਅਤੇ ਸਰੀਰ ਨਰੋਆ ਰੱਖਣ ਲਈ ਅਜੀਬ-ਗਰੀਬ ਕਸਰਤਾਂ ਵਿਚ ਜੇਤੂ ਪੁਜ਼ੀਸ਼ਨਾਂ ਹਾਸਲ ਕਰਕੇ ਇਲਾਕੇ ਵਿਚ ਚਰਚਾ ਦਾ ਵਿਸ਼ਾ ਬਣ ਜਾਣਾ ਬਾਬਾ ਗੁਰਬਖ਼ਸ਼ ਸਿੰਘ ਜੀ ਦਾ ਭਰ-ਜਵਾਨੀ ਵਿਚ ਨਿੱਤ ਦਾ ਕਰਮ ਬਣ ਗਿਆ। ਗੁਰਬਾਣੀ, ਕਥਾ ਅਤੇ ਕੀਰਤਨ ਸਿੱਖਣ ਦੇ ਨਾਲ-ਨਾਲ ਖਾਲਸਾ ਹਾਈ ਸਕੂਲ ਸਰਹਾਲੀ ਤੋਂ ਮੁੱਢਲੀ ਵਿੱਦਿਆ ਪ੍ਰਾਪਤ ਕਰਨ ਤੋਂ ਬਾਅਦ ਗੁਰਮਤਿ ਵਿੱਦਿਆ ਦੀ ਪ੍ਰਾਪਤੀ ਲਈ ਸ੍ਰੀ ਅੰਮ੍ਰਿਤਸਰ ਵਿਖੇ ਜਾ ਕੇ ਮਹੰਤ ਮੂਲ ਸਿੰਘ, ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਯੋਗ ਅਗਵਾਈ ਹੇਠ ਗੁਰਮਤਿ ਜੀਵਨ ਬਿਤਾਉਣਾ ਸ਼ੁਰੂ ਕਰ ਦਿੱਤਾ ਅਤੇ ਸ਼ੁੱਧ ਪਾਠ ਦੇ ਮੁਕਾਬਲਿਆਂ ਵਿਚ ਪਹਿਲਾ ਸਥਾਨ ਹਾਸਲ ਕਰਕੇ ਗੁਰਮਤਿ ਉਚਾਈਆਂ ਵੱਲ ਵਧਣਾ ਸ਼ੁਰੂ ਕਰ ਦਿੱਤਾ। ਕੁਝ ਅਰਸੇ ਬਾਅਦ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਆਪਣੇ ਕਮਰਕੱਸੇ ਕੱਸ ਕੇ ਮਾਝਾ, ਮਾਲਵਾ ਦੇ ਇਲਾਕੇ ਵਿਚ ਪ੍ਰਚਾਰ ਲਹਿਰ ਆਰੰਭ ਕਰਕੇ, ਗੁਰਬਾਣੀ ਸੰਥਿਆ ਅਤੇ ਕੀਰਤਨ ਸਿਖਾਉਣਾ ਵੀ ਆਰੰਭ ਕਰ ਦਿੱਤਾ।

ਪਿੰਡ ਕੋਹਾਲਾ ਜੋ ਕਿ ਮਾਝੇ ਤੋਂ ਸ੍ਰੀ ਮੁਕਤਸਰ ਸਾਹਿਬ ਮਾਘੀ ਸਮਾਗਮਾਂ 'ਤੇ ਜਾਂਦਿਆਂ ਰਸਤੇ ਵਿਚ ਪੈਂਦਾ ਸੀ, ਬਾਬਾ ਜਵੰਦ ਸਿੰਘ ਜੀ ਵੱਲੋਂ ਕੀਤੇ ਜਾ ਰਹੇ ਧਰਮ ਪ੍ਰਚਾਰ ਦੇ ਕੇਂਦਰ ਵਜੋਂ ਸਥਾਪਤ ਹੋ ਚੁੱਕਾ ਸੀ। ਪਿੰਡ ਕੋਹਾਲਾ ਦੇ ਇਲਾਕਾ ਨਿਵਾਸੀਆਂ ਨੇ ਬਾਬਾ ਜਵੰਦ ਸਿੰਘ ਜੀ ਪਾਸੋਂ ਅੰਮ੍ਰਿਤਪਾਨ ਕਰਕੇ ਆਪਣਾ ਜੀਵਨ ਗੁਰਸਿਖਾਂ ਵਜੋਂ ਜਿਊਣਾ ਆਰੰਭ ਕਰ ਦਿੱਤਾ ਸੀ। ਮਹਾਂਪੁਰਸ਼ ਜਥੇਦਾਰ ਬਾਬਾ ਜਵੰਦ ਸਿੰਘ ਜੀ ਦੇ ਗੁਰਪੁਰੀ ਪਿਆਨਾ ਕਰਨ ਤੋਂ ਬਾਅਦ ਵੀ ਸੰਗਤਾਂ ਗੁਰਦੁਆਰਾ ਬੇਗਮਪੁਰਾ ਸਾਹਿਬ ਠੱਟਾ ਨਾਲ ਜੁੜੀਆਂ ਹੋਣ ਕਰਕੇ ਉਨ੍ਹਾਂ ਵੱਲੋਂ ਬਾਬਾ ਗੁਰਬਖ਼ਸ਼ ਸਿੰਘ ਜੀ ਨੂੰ ਪੱਕੇ ਤੌਰ 'ਤੇ ਪਿੰਡ ਕੋਹਾਲਾ ਵਿਚ ਰਿਹਾਇਸ਼ ਕਰਕੇ ਗੁਰਮਤਿ ਕੇਂਦਰ ਗੁਰਦੁਆਰਾ ਸਾਹਿਬ ਸਥਾਪਤ ਕਰਨ ਦੀ ਬੇਨਤੀ ਪ੍ਰਵਾਨ ਕਰਕੇ ਪੰਜਾਹਵਿਆਂ ਵਿਚ ਪਿੰਡ ਠੱਟਾ ਜ਼ਿਲ੍ਹਾ ਅੰਮ੍ਰਿਤਸਰ ਤੋਂ ਨਗਰ ਕੋਹਾਲਾ ਵਿਖੇ ਪੱਕੇ ਤੌਰ 'ਤੇ ਆ ਕੇ ਗੁਰਦੁਆਰਾ ਸਾਹਿਬ ਸਥਾਪਤ ਕਰਕੇ ਸਰਗਰਮੀ ਨਾਲ ਗੁਰਮਤਿ ਪ੍ਰਚਾਰ ਆਰੰਭ ਕਰ ਦਿੱਤਾ। ਇਲਾਕੇ ਵਿਚ ਸਿੱਖੀ ਪ੍ਰਚਾਰ-ਪ੍ਰਸਾਰ ਨੂੰ ਪ੍ਰਚੰਡ ਕਰਨ ਲਈ ਸਿੱਖੀ ਪ੍ਰਚਾਰ ਲਹਿਰ ਸ਼ੁਰੂ ਕਰਕੇ ਗੁਰਬਾਣੀ ਕੀਰਤਨ ਅਤੇ ਗੁਰਬਾਣੀ ਸੰਥਿਆ ਸ਼ੁਰੂ ਕਰ ਦਿੱਤੀ, ਜਿਸ ਕਰਕੇ ਮਾਝੇ-ਮਾਲਵੇ 'ਚੋਂ ਸਿੱਖ ਸੰਗਤਾਂ ਗੁਰਬਾਣੀ ਸੰਥਿਆ ਲੈਣ ਅਤੇ ਕੀਰਤਨ ਸਿੱਖਣ ਲਈ ਨਗਰ ਕੋਹਾਲਾ ਵਿਖੇ ਆਉਣੀਆਂ ਸ਼ੁਰੂ ਹੋ ਗਈਆਂ। ਆਪ ਜੀ ਵੱਲੋਂ ਚਲਾਈ ਜਾ ਰਹੀ ਗੁਰਮਤਿ ਪ੍ਰਚਾਰ-ਪ੍ਰਸਾਰ ਲਹਿਰ ਦੀ ਇਲਾਕੇ ਵਿਚ ਸ਼ੋਭਾ ਹੋਣ ਲੱਗ ਪਈ ਅਤੇ ਵੱਡੀ ਗਿਣਤੀ ਵਿਚ ਸਿੱਖ ਸੰਗਤਾਂ ਅੰਮ੍ਰਿਤਪਾਨ ਕਰਕੇ ਗੁਰੂ ਦੇ ਲੜ ਲੱਗਣ ਲੱਗ ਪਈਆਂ।

4 ਦਸੰਬਰ 1975 ਨੂੰ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ, ਨਿਤਨੇਮ ਕਰਨ ਉਪਰੰਤ ਛੋਟੇ ਭਾਈ ਬਾਬਾ ਬਲੀ ਸਿੰਘ, ਭਾਣਜੇ ਬਾਬਾ ਗੁਰਮੁੱਖ ਸਿੰਘ ਠੱਟਾ ਤੇ ਕੁਝ ਹੋਰ ਗੁਰਮੁਖ ਜੋ ਕੋਲ ਹਾਜ਼ਰ ਸਨ, ਨੂੰ ਰਮਜ਼ਾਂ ਨਾਲ ਹੀ ਮਾਤਲੋਕ ਤੋਂ ਪਿਆਨਾ ਕਰ ਜਾਣ ਦੇ ਭਵਿੱਖੂ ਬਚਨ ਕਰਨ ਉਪਰੰਤ ਇਕ ਗੁਰਮੁੱਖ ਭਾਈ ਮਹੈਣ ਸਿੰਘ ਦੇ ਘਰ ਜਾ ਕੇ ਚੱਲ ਰਹੇ ਸਹਿਜ ਪਾਠ ਦੇ ਭੋਗ ਦੀ ਤਿਆਰੀ ਕਰਦਿਆਂ ਵਾਰਾਂ ਦੇ ਵਧੀਕ ਸਲੋਕ ਦਾ ਅੰਤਿਮ ਸਲੋਕ 'ਸਜਣੁ ਸਚਾ ਪਾਤਸ਼ਾਹ ਸਿਰੁ ਸਾਹਾ ਦੇ ਸਾਹ ਜਿਸ ਪਾਸਿ ਬੈਠਿਆ ਸੋਹੀਐ ਸਭਨਾ ਦਾ ਵੇਸਾਹੁ' ਦੀ ਸਮਾਪਤੀ ਕਰਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ 'ਕਰਨਾ ਕੁਚ ਰਹਿਣ ਥਿਰੁ ਨਾਹਿ ਸੰਗ ਚਲਤ ਹੈ ਹਮ ਭੀ ਚਲਨਾ' ਦੇ ਵਾਕਾਂ ਨੂੰ ਸੰਪੂਰਨ ਕਰਦੇ ਹੋਏ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ।

ਬਾਬਾ ਜੀ ਦੀ ਯਾਦ ਵਿਚ ਨਗਰ ਕੋਹਾਲਾ ਵਿਚ ਸ਼ਾਨਦਾਰ ਗੁਰਦੁਆਰਾ ਸਾਹਿਬ ਬਣਾਇਆ ਗਿਆ ਹੈ। ਹਰ ਸਾਲ ਨਗਰ ਕੋਹਾਲਾ ਵਿਚ 2 ਦਸੰਬਰ ਤੋਂ 4 ਦਸੰਬਰ ਤੱਕ ਬਾਬਾ ਜੀ ਦੀ ਯਾਦ ਵਿਚ ਮਹਾਨ ਗੁਰਮਤਿ ਸਮਾਗਮ ਕਰਵਾਇਆ ਜਾਂਦਾ ਹੈ, ਜਿਸ ਨੂੰ ਦੂਰ-ਦੁਰਾਡੇ ਤੋਂ ਆ ਕੇ ਸੰਗਤਾਂ ਸ਼ਰਧਾ-ਭਾਵਨਾ ਨਾਲ ਮਨਾਉਂਦੀਆਂ ਹਨ।

## ਰੂਹਾਨੀ ਸਤਿਸੰਗ 8 ਨੂੰ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)-ਸਾਹਿਬ ਸ਼ਕਤੀ ਦਲ ਵਲੋਂ ਵਿਸ਼ਾਲ ਰੂਹਾਨੀ ਸਤਸੰਗ 8 ਦਸੰਬਰ ਨੂੰ ਸਵੇਰੇ 11 ਵਜੇ ਤੋਂ ਲੈ ਕੇ ਸ਼ਾਮ 4 ਵਜੇ ਤੱਕ ਪਿੰਡ ਭੰਡਾਲ ਹਿੰਮਤ ਨਜ਼ਦੀਕ ਸਰੀਂਹ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਪ੍ਰਬੰਧਕ ਕਮੇਟੀ ਮੈਂਬਰ ਸੰਦੀਪ ਸੇਖਾਂ ਨੇ ਦੱਸਿਆ ਕਿ ਇਸ ਸਤਸੰਗ ਵਿੱਚ ਮਾਲਕ ਸਾਹਿਬ ਜੋਤ ਜੀ ਕਾਂਟੀਆ, ਹੁਸ਼ਿਆਰਪੁਰ ਵਾਲੇ ਸੰਗਤਾਂ ਨੂੰ ਸੰਬੋਧਨ ਕਰਨਗੇ ਅਤੇ ਧਾਰਮਿਕ ਸਿੱਖਿਆਵਾਂ ਰਾਹੀਂ ਗੁਰਬਾਣੀ ਦਾ ਪ੍ਰਚਾਰ ਕਰਨਗੇ। ਸੇਵਾਦਾਰ ਸੰਦੀਪ ਕੌਰ ਅਤੇ ਪ੍ਰਬੰਧਕ ਕਮੇਟੀ ਨੇ ਸਮੂਹ ਸੰਗਤਾਂ ਨੂੰ ਇਸ ਸਤਸੰਗ ਵਿੱਚ ਪਹੁੰਚਣ ਦੀ ਬੇਨਤੀ ਕੀਤੀ। ਇਸ ਮੌਕੇ ਗੁਰੂ ਜੀ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

## ਰੋਲ ਆਬਜ਼ਰਵਰ ਨੇ ਵੋਟਰ ਸੂਚੀਆਂ ਦੀ ਵਿਸ਼ੇਸ਼ ਸਰਸਰੀ ਸੁਧਾਈ ਮੁਹਿੰਮ ਦਾ ਲਿਆ ਜਾਇਜ਼ਾ



ਕਪੂਰਥਲਾ (ਪ੍ਰੀਤ ਸੰਗੋਜਲਾ)- ਰੋਲ ਆਬਜ਼ਰਵਰ ਨਵਨੀਤ ਕੌਰ ਬੱਲ ਵਲੋਂ ਅੱਜ ਕਪੂਰਥਲਾ ਜ਼ਿਲ੍ਹੇ ਵਿਚ ਵੱਖ-ਵੱਖ ਪੋਲਿੰਗ ਬੂਥਾਂ ਦਾ ਦੌਰਾ ਕਰਕੇ ਵੋਟਰ ਸੂਚੀਆਂ ਦੀ ਵਿਸ਼ੇਸ਼ ਸਰਸਰੀ ਸੁਧਾਈ ਦੇ ਕੰਮ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਵਲੋਂ ਸਰਕਾਰੀ ਹਾਈ ਸਕੂਲ ਮਨਸੂਰਵਾਲ ਦੋਨਾ, ਸਰਕਾਰੀ ਐਲੀਮੈਂਟਰੀ ਸਕੂਲ ਧਾਲੀਵਾਲ ਦੋਨਾ, ਲਾਇਲਪੁਰ ਖਾਲਸਾ ਕਾਲਜ ਅਤੇ ਸਰਕਾਰੀ ਮਿਡਲ ਸਕੂਲ ਕਾਦੂਪੁਰ ਵਿਖੇ ਪੋਲਿੰਗ ਬੂਥਾਂ ਦਾ ਦੌਰਾ ਕੀਤਾ ਗਿਆ। ਉਨ੍ਹਾਂ ਪੋਲਿੰਗ ਬੂਥਾਂ ਉੱਪਰ ਤਾਇਨਾਤ ਬੀ.ਐਲ.ਓਜ਼ ਨੂੰ ਕਿਹਾ ਕਿ ਉਹ ਵੋਟਰ ਸੂਚੀਆਂ ਦੀ ਸਰਸਰੀ ਸੁਧਾਈ ਮੁਹਿੰਮ ਤਹਿਤ ਨਵੀਆਂ ਵੋਟਾਂ ਬਣਵਾਉਣ ਦੇ ਨਾਲ-ਨਾਲ ਅਯੋਗ ਵੋਟਾਂ ਨੂੰ ਕੱਟਣ ਵੱਲ ਵੀ ਵਿਸ਼ੇਸ਼ ਧਿਆਨ ਦੇਣ ਅਤੇ ਨਾਲ ਹੀ ਨੌਜਵਾਨਾਂ ਨੂੰ ਵੋਟਰ ਵਜੋਂ ਰਜਿਸਟਰਡ ਕਰਨਾ ਵੀ ਯਕੀਨੀ ਬਣਾਉਣ ਤਾਂ ਜੋ ਕੋਈ ਵੀ ਯੋਗ ਵਿਅਕਤੀ ਵੋਟਰ ਵਜੋਂ ਰਜਿਸਟਰਡ ਹੋਣ ਤੋਂ ਵਾਂਝਾ ਨਾ ਰਹੇ। ਦੱਸਣਯੋਗ ਹੈ ਕਿ 2 ਤੇ 3 ਦਸੰਬਰ ਨੂੰ ਜ਼ਿਲ੍ਹੇ ਦੇ ਸਾਰੇ 791 ਪੋਲਿੰਗ ਬੂਥਾਂ ਉੱਪਰ ਬੀ.ਐਲ.ਓਜ਼ ਵਲੋਂ ਵੋਟਾਂ ਬਣਾਉਣ, ਦਾਅਵੇ ਅਤੇ ਇਤਰਾਜ਼ ਪ੍ਰਾਪਤ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ।

## ਮੰਗਾਂ/ਮਸਲਿਆਂ ਦੇ ਹੱਲ ਲਈ ਸੂਬਾਈ ਧਰਨਾ 7 ਨੂੰ : ਜਗਤਾਰ ਖੁੰਡਾ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਟੈਕਨੀਕਲ ਸਰਵਿਸਿਜ਼ ਯੂਨੀਅਨ ਰਜਿ. ਸਰਕਲ ਗੁਰਦਾਸਪੁਰ ਦੇ ਪ੍ਰਧਾਨ ਜਗਤਾਰ ਸਿੰਘ ਖੁੰਡਾ ਅਤੇ ਸਰਕਲ ਸਕੱਤਰ ਰਣਧੀਰ ਕੁਮਾਰ ਹਾਂਡਾ ਵੱਲੋਂ ਜਾਰੀ ਕੀਤੇ ਪ੍ਰੈੱਸ ਬਿਆਨ ਰਾਹੀਂ ਪਾਵਰਕੌਮ ਦੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਵੱਲੋਂ ਬਿਜਲੀ ਕਾਮਿਆਂ ਦੀਆਂ ਭਖਵੀਆਂ ਮੰਗਾਂ ਪ੍ਰਤੀ ਧਾਰਨ ਕੀਤੇ ਅੜੀਅਲ ਵਤੀਰੇ ਵਿਰੁੱਧ ਟੈਕਨੀਕਲ ਸਰਵਿਸਿਜ਼ ਯੂਨੀਅਨ ਵੱਲੋਂ ਦਿੱਤੇ ਗਏ ਸੰਘਰਸ਼ ਨੋਟਿਸ ਤਹਿਤ ਬਿਜਲੀ ਕਾਮਿਆਂ ਵੱਲੋਂ 5 ਦਸਬੰਰ ਨੂੰ ਇੱਕ ਰੋਜ਼ਾ ਹੜਤਾਲ ਕੀਤੀ ਜਾਵੇਗੀ। ਇਹ ਹੜਤਾਲ 4 ਦਸੰਬਰ ਨੂੰ ਰਾਤ 12 ਵਜੇ ਸ਼ੁਰੂ ਕਰਕੇ 5 ਦਸੰਬਰ ਰਾਤ 12 ਵਜੇ ਤੱਕ ਜਾਰੀ ਰਹੇਗੀ। ਹਰ ਤਰ੍ਹਾਂ ਦੀ ਵਿਕਟੇਮਾਈਜੇਸ਼ਨ ਹੱਲ ਕਰਾਉਣ ਲਈ, ਸੀਆਰਏ 295/19 ਤਹਿਤ ਭਰਤੀ ਹੋਏ ਕਰਮਚਾਰੀਆਂ ਨੂੰ ਤਿੰਨ ਸਾਲ ਦਾ ਪਰਖਕਾਲ ਸਮਾਂ ਪੂਰਾ ਹੋਣ ਤੇ ਰੈਗੂਲਰ ਕਰਕੇ ਪੂਰੀ ਤਨਖਾਹ ਜਾਰੀ ਕਰਾਉਣ ਲਈ, ਜਥੇਬੰਦੀ ਵੱਲੋਂ ਦਿੱਤੇ ਮੰਗ ਪੱਤਰ ਵਿੱਚ ਦਰਜ ਮੰਗਾਂ/ਮਸਲਿਆਂ ਨੂੰ ਹੱਲ ਕਰਾਉਣ ਲਈ 7 ਦਸੰਬਰ ਨੂੰ ਮੁੱਖ ਦਫਤਰ ਪਟਿਆਲਾ ਅੱਗੇ ਪਰਿਵਾਰਾਂ ਸਮੇਤ ਸੂਬਾਈ ਧਰਨਾ ਦਿੱਤਾ ਜਾਵੇਗਾ। ਉਨ੍ਹਾਂ ਸਮੁੱਚੇ ਬਿਜਲੀ ਕਾਮਿਆਂ ਨੂੰ ਸੰਘਰਸ਼ ਨੂੰ ਕਾਮਯਾਬ ਕਰਨ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ।

## ਅੰਤਰ-ਕਾਲਜ ਟੂਰਨਾਮੈਂਟ 'ਚ ਖਾਲਸਾ ਕਾਲਜ ਚਵਿੰਡਾ ਦੇਵੀ ਦੀ ਝੋਲੀ 'ਚ ਪਏ ਕਈ ਤਮਗੇ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)—ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਆਯੋਜਿਤ ਸਾਲਾਨਾ ਅੰਤਰ-ਕਾਲਜ ਮੁਕਾਬਲਿਆਂ ਵਿੱਚ ਖਾਲਸਾ ਕਾਲਜ ਚਵਿੰਡਾ ਦੇਵੀ ਦੇ ਵਿਦਿਆਰਥੀਆਂ ਨੇ ਡੀਕੈਥਲੋਨ ਅਤੇ ਅਥਲੈਟਿਕਸ ਦੇ ਵੱਖ-ਵੱਖ ਮੁਕਾਬਲਿਆਂ ਵਿਚ ਭਾਗ ਲਿਆ, ਜਿਸ ਵਿੱਚ ਕਾਲਜ ਦੇ ਬੀ. ਏ. ਸਮੈਸਟਰ ਪਹਿਲਾ ਦੇ ਵਿਦਿਆਰਥੀ ਹੁਸਨਪ੍ਰੀਤ ਸਿੰਘ ਨੇ ਡੀਕੈਥਲੋਨ ਦੀਆਂ ਵੱਖ-ਵੱਖ ਪ੍ਰਤੀਯੋਗਤਾਵਾਂ ਵਿੱਚ ਤਮਗੇ ਹਾਸਿਲ ਕਰਕੇ ਸੰਸਥਾ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਕਾਲਜ ਪ੍ਰਿੰ. ਗੁਰਦੇਵ ਸਿੰਘ ਨੇ ਦੱਸਿਆ ਕਿ ਸੰਸਥਾ ਵੱਲੋਂ ਲਗਾਤਾਰ ਇਹ ਯਤਨ ਕੀਤੇ ਜਾ ਰਹੇ ਹਨ ਕਿ ਵਿੱਦਿਆ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਖੇਡਾਂ ਪ੍ਰਤੀ ਵੀ ਉਤਸ਼ਾਹਿਤ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਖੇਡ ਗਤੀਵਿਧੀਆਂ ਕਾਲਜ ਵਿੱਚ ਜਲਦ ਸ਼ੁਰੂ ਕੀਤੀਆਂ ਜਾਣਗੀਆਂ। ਇਸ ਮੌਕੇ ਸਰੀਰਕ ਸਿੱਖਿਆ ਵਿਭਾਗ ਤੋਂ ਪ੍ਰੋ. ਮਨਪ੍ਰੀਤ ਕੌਰ ਨੇ ਆਪਣੀ ਮੈਨੇਜਮੈਂਟ ਕਾਲਜ ਪ੍ਰਿੰ. ਸਾਹਿਬ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਨ੍ਹਾਂ ਦੇ ਸਹਿਯੋਗ ਸਦਕਾ ਵੱਖ-ਵੱਖ ਖਿਡਾਰੀਆਂ ਨੇ ਅੰਤਰ-ਕਾਲਜ ਟੂਰਨਾਮੈਂਟ ਵਿੱਚ ਭਾਗ ਲਿਆ ਅਤੇ ਵੱਖ-ਵੱਖ ਪ੍ਰਤੀਯੋਗਤਾਵਾਂ ਵਿੱਚ ਭਾਗ ਲੈ ਕੇ ਤਮਗੇ ਸੰਸਥਾ ਦੇ ਨਾਂਅ ਕੀਤੇ।

## ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਨੇ ਵਿਧਾਇਕ ਨੂੰ ਦਿੱਤਾ ਮੰਗ ਪੱਤਰ



ਤਰਨ ਤਾਰਨ (ਪ੍ਰਿਤਪਾਲ ਸਿੰਘ)- ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਹਲਕਾ ਤਾਰਨ ਤਾਰਨ ਦੇ ਐਮਐੱਲਏ ਡਾ. ਕਸ਼ਮੀਰ ਸਿੰਘ ਸੋਹਲ ਨੂੰ ਦਫਤਰ ਸਕੱਤਰ ਰਾਜਵੰਤ ਸਿੰਘ ਢਿੱਲੋ ਰਾਹੀਂ ਮੰਗ ਪੱਤਰ ਦਿੱਤਾ ਗਿਆ ਜਿਸਦੀ ਅਗਵਾਈ ਦਿਹਾਤੀ ਮਜ਼ਦੂਰ ਸਭਾ ਦੇ ਤਹਿ ਸਕੱਤਰ ਜਰਨੈਲ ਸਿੰਘ ਰਸੂਲਪੁਰ, ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਹੀਰਾ ਸਿੰਘ ਖਡੂਰ ਸਾਹਿਬ ਨੇ ਕੀਤੀ। ਇਸ ਮੌਕੇ ਇਕੱਠੇ ਹੋਏ ਖੇਤ ਮਜ਼ਦੂਰਾਂ ਨੂੰ ਸਬੋਧਨ ਕਰਦਿਆ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਚਮਨ ਲਾਲ ਦਰਾਜਕੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ ਨੇ ਕਿਹਾ ਕਿ ਪੰਜਾਬ ਦੀ ਸਰਕਾਰ ਪੰਚਾਇਤੀ ਜ਼ਮੀਨਾਂ ਵਿੱਚੋਂ 10-10 ਮਰਲੇ ਦੇ ਪਲਾਟ ਅਲਾਟ ਕਰਕੇ ਦੇਵੇ। ਨਰੇਗਾ ਸਕੀਮ ਤਹਿਤ ਸਾਰੇ ਪਰਿਵਾਰ ਨੂੰ ਸਾਰਾ ਸਾਲ ਕੰਮ ਦਿੱਤਾ ਜਾਵੇ ਅਤੇ ਦਿਹਾੜੀ 700 ਦਿੱਤੀ ਜਾਵੇ। ਬੁਢਾਪਾ, ਵਿਧਵਾ, ਅੰਗਹੀਣ ਪੈਨਸ਼ਨ ਘੱਟੋ-ਘੱਟ 5000 ਰੁਪਏ ਦਿੱਤੀ ਜਾਵੇ ਅਤੇ ਵੱਧ ਰਹੀ ਮਹਿਗਾਈ ਨੂੰ ਨੱਥ ਪਾਈ ਜਾਵੇ। ਪੰਜਾਬ ਅੰਦਰੋਂ ਨਸ਼ਿਆਂ ਦਾ ਮੁਕੰਮਲ ਤੌਰ 'ਤੇ ਖਾਤਮਾ ਕੀਤਾ ਜਾਵੇ। ਜੇਕਰ ਸਾਡੀਆਂ ਇਨ੍ਹਾਂ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ 9, 10,11 ਦਸੰਬਰ ਨੂੰ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਦੇ ਘਰ ਅੱਗੇ ਜੰਡਿਆਲਾ ਗੁਰੂ ਵਿਖੇ 3 ਰੋਜ਼ਾ ਰਾਤ-ਦਿਨ ਦਾ ਧਰਨਾ ਦਿੱਤਾ ਜਾਵੇਗਾ ਜੋ ਇਨਸਾਫ ਲੈਣ ਤੱਕ ਜਾਰੀ ਰਹੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੋਰਚੇ ਦੇ ਸੀਨੀਅਰ ਆਗੂ ਸੁਖਵਿੰਦਰ ਸਿੰਘ ਚੱਕ ਮੀਨਾ, ਦਲਜੀਤ ਕੌਰ ਚੀਮਾ, ਸ਼ੀਲਾ ਕੌਰ ਚੀਮਾ, ਪਰਮਜੀਤ ਸਿੰਘ ਗੰਡੀਵਿੰਡ, ਬਲਵਿੰਦਰ ਸਿੰਘ ਭਰੋਵਾਲ, ਜਸਪਾਲ ਸਿੰਘ ਫਤਿਆਬਾਦ, ਬਲਵਿੰਦਰ ਸਿੰਘ ਕੋਟ, ਸੁਖਬੀਰ ਸਿੰਘ ਖਡੂਰ ਸਾਹਿਬ, ਡਾ. ਬਲਕਾਰ ਸਿੰਘ ਮਾੜੀ ਆਦਿ ਆਗੂ ਹਾਜ਼ਰ ਸਨ।

## ਕਿਸਾਨਾਂ ਨੂੰ ਗੰਨੇ ਦਾ ਨਿਗੂਣਾ ਭਾਅ ਦੇਣ ਦੀ ਸਖਤ ਨਿਖੇਧੀ

ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)-ਮੁੱਖ ਮੰਤਰੀ ਭਗਵੰਤ ਮਾਨ ਦੀ ਪੰਜਾਬ ਸਰਕਾਰ ਵੱਲੋਂ ਜਿਹੜਾ ਗੰਨੇ ਦੇ ਭਾਅ ਵਿੱਚ 11 ਰੁਪਏ ਨਿਗੂਣਾ ਵਾਧਾ ਕੀਤਾ ਉਸ ਵਿਰੁੱਧ ਪੰਜਾਬ ਦੇ ਗੰਨਾ ਉਤਪਾਦਕਾਂ ਵਿੱਚ ਭਾਰੀ ਗੁੱਸਾ ਪਾਇਆ ਜਾ ਰਿਹਾ ਹੈ! ਇਹ ਭਾਅ ਗੰਨੇ ਦੀ ਮੱਢਲੀ ਲਾਗਤ ਨੂੰ ਵੀ ਪੂਰਾ ਨਹੀਂ ਕਰਦਾ। ਸੰਯੁਕਤ ਕਿਸਾਨ ਮੋਰਚੇ ਦੇ ਪ੍ਰਮੁੱਖ ਆਗੂ ਖੇਤੀ ਮਾਹਰ ਡਾ. ਸਤਨਾਮ ਸਿੰਘ ਅਜਨਾਲਾ ਨੇ ਮਾਨ ਸਰਕਾਰ ਦੀ ਨਖੇਧੀ ਕਰਦਿਆਂ ਦੱਸਿਆ ਕਿ ਹੁਣ ਤੋਂ 2 ਸਾਲ ਪਹਿਲਾਂ ਪੰਜਾਬ ਸਰਕਾਰ ਦੇ ਕਹਿਣ ਤੇ ਗੰਨੇ ਦੀ ਲਾਗਤ ਕੀਮਤ ਕੱਢਣ ਲਈ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਗੰਨਾ ਮਾਹਰਾਂ, ਖੇਤੀਬਾੜੀ ਮਹਿਕਮੇ ਦੇ ਡਾਕਟਰਾਂ ਤੇ ਕਿਸਾਨਾਂ ਦੇ ਨੁਮਾਇੰਦਿਆਂ ਵੱਲੋਂ ਬੈਠ ਕੇ ਗੰਨੇ ਦੀ ਲਾਗਤ ਕੀਮਤ 470 ਰੁਪਏ ਪ੍ਰਤੀ ਕੁਇੰਟਲ ਕੱਢੀ ਗਈ ਸੀ। ਅੱਜ ਦਾ 391 ਰੁਪਏ ਭਾਅ ਉਸਦੇ ਲਾਗੇ ਬੰਨੇ ਵੀ ਨਹੀਂ ਢੁੱਕਦਾ। ਇਸੇ ਕਰਕੇ ਗੰਨੇ ਹੇਠ ਰਕਬਾ ਨਹੀਂ ਵੱਧ ਰਿਹਾ। ਡਾ. ਅਜਨਾਲਾ ਨੇ ਅੱਗੇ ਦੱਸਿਆ ਕਿ ਜੇਕਰ ਗੰਨੇ ਦੀਆਂ ਕੀਮਤਾਂ ਵਾਜਬ ਹੋਣ ਤਾਂ ਫਸਲੀ ਵਿਭਿੰਨਤਾ ਲਿਆਉਣ ਲਈ ਗੰਨੇ ਦਾ ਰਕਬਾ ਦੁੱਗਣਾ-ਤਿੱਗਣਾ ਕੀਤਾ ਜਾ ਸਕਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਜੇਕਰ ਖੰਡ ਤੋਂ ਇਲਾਵਾ ਗੰਨੇ ਤੋਂ ਹੋਰ ਬਾਈ ਪ੍ਰੋਡੈਕਟ ਈਥਾਨੋਲ, ਚੂਰੇ ਤੋਂ ਬਿਜਲੀ ਤੇ ਕਾਗਜ਼ ਅਤੇ ਮੈਡ ਤੋਂ ਖਾਦ ਤੇ ਡੰਗਰਾਂ ਦੀ ਖੁਰਾਕ ਬਣਾਈ ਜਾਵੇ ਤਾਂ ਖੰਡ ਮਿੱਲਾਂ ਨੂੰ ਲਾਹੇਵੰਦ ਬਣਾਇਆ ਜਾ ਸਕਦਾ ਹੈ! ਉਨ੍ਹਾਂ ਮਿਸਾਲ ਦੇ ਤੌਰ 'ਤੇ ਦੱਸਿਆ ਕਿ ਇੱਕ ਕੁਇੰਟਲ ਗੰਨੇ ਤੋਂ 7.2 ਲੀਟਰ ਈਥਾਨੋਲ ਬਣਦੀ ਹੈ ਜਿਹੜੀ ਮਾਰਕੀਟ 'ਚ 65 ਰੁਪਏ ਪ੍ਰਤੀ ਲੀਟਰ ਭਾਅ 'ਤੇ ਵਿਕਦੀ ਹੈ। ਇਸ ਈਥਾਨੋਲ ਨੂੰ ਪਟਰੋਲ ਵਿੱਚ 20 ਪਰਸੈਂਟ ਵਰਤਿਆ ਜਾ ਸਕਦਾ ਹੈ ਜਿਸ ਨਾਲ ਹਜ਼ਾਰਾਂ ਕਰੋੜਾ ਰੁਪਈਆਂ ਦੀ ਵਿਦੇਸ਼ੀ ਮੁਦਰਾ ਦੀ ਬੱਚਤ ਹੋਵੇਗੀ। ਖੇਤੀ ਮਾਹਰ ਡਾ. ਅਜਨਾਲਾ ਨੇ ਪੁਰਜ਼ੋਰ ਮੰਗ ਕੀਤੀ ਕਿ ਗੰਨਾ ਕਿਸਾਨਾਂ ਦੇ ਹਿੱਤ ਤੇ ਮਿੱਲਾਂ ਸੁਚਾਰੂ ਢੰਗ ਨਾਲ ਚਲਾਉਣ ਲਈ ਹਰੇਕ ਸਾਲ 15 ਅਕਤੂਬਰ ਤੋਂ 15 ਅਪ੍ਰੈਲ ਤੱਕ ਮਿੱਲਾਂ ਨੂੰ ਚਲਾਇਆ ਜਾਵੇ ਅਤੇ ਗੰਨੇ ਦੀ ਅਦਾਇਗੀ 2 ਹਫਤੇ ਬਾਅਦ ਲਾਜ਼ਮੀ ਕੀਤੀ ਜਾਵੇ।

## ਢਾਹਾਂ ਕਲੇਰਾਂ ਹਸਪਤਾਲ 'ਚ ਔਰਤਾਂ ਦੇ ਅਪਰੇਸ਼ਨਾਂ ਦਾ ਰਿਆਇਤੀ ਕੈਂਪ ਆਰੰਭ



ਬਹਿਰਾਮ (ਅਵਤਾਰ ਕਲੇਰ)- ਔਰਤਾਂ ਦੇ ਵਿਭਾਗ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਔਰਤਾਂ ਦਾ ਬਿਮਾਰੀਆਂ ਦਾ ਚੈੱਕਅਪ ਅਤੇ ਰਿਆਇਤੀ ਅਪਰੇਸ਼ਨ ਕੈਂਪ ਅੱਜ ਆਰੰਭ ਹੋ ਗਿਆ। ਡਾ. ਆਰ ਕੇ ਅਮਨਦੀਪ ਕੌਰ ਐਮ.ਡੀ. ਨੇ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਪ੍ਰਬੰਧਕਾਂ ਵੱਲੋਂ ਲੋਕਾਂ ਦੀ ਭਾਰੀ ਮੰਗ 'ਤੇ ਇਹ ਇਕ ਮਹੀਨੇ ਦਾ ਰਿਆਇਤੀ ਦਰਾਂ 'ਤੇ ਅਪਰੇਸ਼ਨ ਕੈਂਪ ਲਗਾਇਆ ਜਾ ਰਿਹਾ ਹੈ। ਜਿਸ ਵਿੱਚ ਰੋਜ਼ਾਨਾ ਸਵੇਰੇ 9 ਤੋਂ 2 ਵਜੇ ਦੁਪਹਿਰ ਤੱਕ ਮਰੀਜ਼ਾਂ ਦਾ ਚੈੱਕਅੱਪ ਕੀਤਾ ਜਾਵੇਗਾ। ਇੱਕ ਮਹੀਨੇ ਦੇ ਵਿਸ਼ੇਸ਼ ਕੈਂਪ ਦੌਰਾਨ ਬੱਚੇਦਾਨੀ ਦਾ ਵੱਡਾ ਅਪਰੇਸ਼ਨ (ਸਜੇਰੀਅਨ) ਅਤੇ ਦੂਰਬੀਨ ਰਾਹੀਂ ਬੱਚੇਦਾਨੀ ਦਾ ਅਪਰੇਸ਼ਨ, ਬੱਚੇਦਾਨੀ ਦੀਆਂ ਰਸੌਲੀਆਂ ਦਾ ਅਪਰੇਸ਼ਨ, ਨਾਰਮਲ ਡਲਿਵਰੀ, ਵੱਡੇ ਅਪਰੇਸ਼ਨ, ਬੱਚੇਦਾਨੀ ਦੀ ਝਿੱਲੀ ਦੇ ਕੈਂਸਰ ਦੀ ਜਾਂਚ ਤੇ ਅਪਰੇਸ਼ਨ, ਬੱਚੇਦਾਨੀ ਦੇ ਮੂੰਹ ਦੇ ਕੈਂਸਰ ਲਈ ਜਾਂਚ, ਅੰਡੇਦਾਨੀ ਦੀਆਂ ਰਸੌਲੀਆਂ ਦਾ ਵੱਡਾ ਅਪਰੇਸ਼ਨ ਅਤੇ ਦੂਰਬੀਨੀ ਅਪਰੇਸ਼ਨ, ਬੱਚੇਦਾਨੀ ਦੇ ਬਾਹਰ ਆਉਣ (ਭਾਰ ਪੈਣਾ) ਦਾ ਅਪਰੇਸ਼ਨ ਆਦਿ ਬਹੁਤ ਹੀ ਘੱਟ ਖਰਚੇ ਵਿਚ ਕੀਤੇ ਜਾਣਗੇ। ਹਸਪਤਾਲ ਪ੍ਰਬੰਧਕ ਟਰੱਸਟ ਦੇ ਜਨਰਲ ਸਕੱਤਰ ਕੁਲਵਿੰਦਰ ਸਿੰਘ ਢਾਹਾਂ ਨੇ ਇਲਾਕਾ ਨਿਵਾਸੀਆਂ ਨੂੰ ਔਰਤਾਂ ਦੀਆਂ ਬਿਮਾਰੀਆਂ ਦੇ ਇਸ ਵਿਸ਼ੇਸ਼ ਕੈਂਪ ਦਾ ਲਾਭ ਪ੍ਰਾਪਤ ਕਰਨ ਦੀ ਅਪੀਲ ਕੀਤੀ ਹੈ। ਇਸ ਮੌਕੇ ਅਮਰਜੀਤ ਸਿੰਘ ਕਲੇਰਾਂ, ਮਹਿੰਦਰਪਾਲ ਸਿੰਘ, ਡਾ. ਰਵਿੰਦਰ ਖਜ਼ੂਰੀਆ, ਡਾ. ਆਰ ਕੇ ਅਮਨਦੀਪ ਕੌਰ ਅਤੇ ਮੈਡਮ ਦਵਿੰਦਰ ਕੌਰ ਨਰਸਿੰਗ ਸੁਪਰਡੈਂਟ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ।

## ਸ਼ੈਰੀ ਕਲਸੀ ਵੱਲੋਂ ਕੂੜੇ ਦੀ ਸਮੱਸਿਆ ਦੇ ਨਿਪਟਾਰੇ ਲਈ 70 ਟਰਾਈ ਰਿਕਸ਼ੇ ਤੇ 15 ਛੋਟੇ ਹਾਥੀ ਰਵਾਨਾ

ਬਟਾਲਾ (ਮਲਵਿੰਦਰ ਸਿੰਘ)-ਬਟਾਲਾ ਦੇ ਨੌਜਵਾਨ ਤੇ ਅਗਾਂਹਵਧੂ ਸੋਚ ਦੇ ਧਾਰਨੀ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਸ਼ਹਿਰ ਵਿੱਚ ਕੂੜੇ ਦੀ ਸਮੱਸਿਆ ਹੱਲ ਕਰਨ ਲਈ 70 ਟਰਾਈ ਰਿਕਸ਼ੇ ਅਤੇ 15 ਛੋਟੇ ਹਾਥੀ ਰਵਾਨਾ ਕੀਤੇ ਗਏ। ਇਸ ਮੌਕੇ ਐੱਸਡੀਐੱਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਡਾ. ਸ਼ਾਇਰੀ ਭੰਡਾਰੀ, ਨਗਰ ਨਿਗਮ ਦੇ ਅਧਿਕਾਰੀ, ਕਰਮਚਾਰੀ ਅਤੇ ਆਪ ਪਾਰਟੀ ਦੇ ਆਗੂ, ਵਰਕਰ ਤੇ ਵਲੰਟੀਅਰ ਵੱਡੀ ਗਿਣਤੀ ਵਿੱਚ ਮੌਜੂਦ ਸਨ। ਇਸ ਮੌਕੇ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬਾ ਵਾਸੀਆਂ ਨੂੰ ਬੁਨਿਆਦੀ ਸਹੂਲਤਾਂ, ਸਾਫ-ਸੁਥਰਾ ਅਤੇ ਪ੍ਰਦੂਸ਼ਣ ਰਹਿਤ ਵਾਤਾਵਰਣ ਮੁਹੱਈਆ ਕਰਵਾਉਣ ਲਈ ਲਗਾਤਾਰ ਕੋਸ਼ਿਸ਼ ਕਰ ਰਹੀ ਹੈ। ਇਸੇ ਦਿਸ਼ਾ ਵਿੱਚ ਇਕ ਕਦਮ ਅੱਗੇ ਲਿਜਾਂਦਿਆਂ ਨਗਰ ਨਿਗਮ ਬਟਾਲਾ ਨੂੰ ਨਵੀਂ ਮਸ਼ਨੀਰੀ ਸਪੁਰਦ ਕੀਤੀ ਗਈ ਹੈ। ਇਸ ਮੌਕੇ ਉਨ੍ਹਾਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਦਾ ਵੀ ਧੰਨਵਾਦ ਕਰਦਿਆਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸ਼ਹਿਰ ਨੂੰ ਸਾਫ-ਸੁਥਰਾ ਰੱਖਣ ਵਿੱਚ ਸਹਿਯੋਗ ਕਰਨ। ਉਨ੍ਹਾਂ ਕਿਹਾ ਕਿ ਇਤਿਹਾਸਕ ਤੇ ਧਾਰਮਿਕ ਸ਼ਹਿਰ ਬਟਾਲਾ ਦੇ ਵਿਕਾਸ ਵਿੱਚ ਤੇਜ਼ੀ ਲਿਆਉਣ ਲਈ ਹਰ ਸੰਭਵ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਬਟਾਲਾ ਵਿਖੇ ਬੁਨਿਆਦੀ ਢਾਂਚੇ ਦੇ ਵਿਕਾਸ, ਰਹਿੰਦ ਖੂੰਹਦ ਪ੍ਰਬੰਧਨ, ਸੈਨੀਟੇਸ਼ਨ ਅਤੇ ਨਾਗਰਿਕ ਸਹੂਲਤਾਂ ਲਈ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ। ਇਸ ਮੌਕੇ ਗੱਲ ਕਰਦਿਆਂ ਡਾ. ਸ਼ਾਇਰੀ ਭੰਡਾਰੀ ਐੱਸਡੀਐੱਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਨੇ ਦੱਸਿਆ ਕਿ ਕਰੀਬ 1 ਕਰੋੜ 20 ਲੱਖ ਰੁਪਏ ਦੀ ਨਵੀਂ ਮਸ਼ੀਨਰੀ ਨਗਰ ਨਿਗਮ ਨੂੰ ਮੁਹੱਈਆ ਹੋਣ ਨਾਲ ਸ਼ਹਿਰ ਨੂੰ ਹੋਰ ਬਿਹਤਰ ਢੰਗ ਨਾਲ ਸਾਫ ਸੁਥਰਾ ਰੱਖਿਆ ਜਾ ਸਕੇਗਾ। ਉਨ੍ਹਾਂ ਇਸ ਲਈ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਦੇ ਯਤਨਾਂ ਨਾਲ ਸ਼ਹਿਰ ਵਾਸੀਆਂ ਨੂੰ ਵੱਡੀ ਸਹੂਲਤ ਮਿਲੀ ਹੈ। ਉਨ੍ਹਾਂ ਸ਼ਹਿਰ ਵਾਸੀਆਂ ਤੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਕੂੜਾ ਗਲੀਆਂ/ਸੜਕਾਂ ਵਿੱਚ ਨਾ ਸੁੱਟਣ।

# ਸਰਕਾਰੀ ਸਕੂਲ ਬਚਾਓ ਮੋਰਚਾ ਦੀ ਹੰਗਾਮੀ ਮੀਟਿੰਗ



ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)-ਸਰਕਾਰੀ ਸਕੂਲ ਬਚਾਓ ਮੋਰਚਾ ਦੀ ਇੱਕ ਹੰਗਾਮੀ ਮੀਟਿੰਗ ਬਲਵੀਰ ਸਿੰਘ ਚੀਮਾ ਪ੍ਰਧਾਨ ਸ਼੍ਰੋਮਣੀ ਰੰਗਰੇਟਾ ਦਲ ਪੰਜਾਬ ਦੀ ਪ੍ਰਧਾਨਗੀ ਹੇਠ ਕੀਤੀ ਗਈ। ਸਰਕਾਰੀ ਸਕੂਲ ਨੂਰਮਹਿਲ ਨੂੰ ਚਾਲੂ ਕਰਾਉਣ ਵਾਸਤੇ ਵਿੱਢੇ ਗਏ ਸੰਘਰਸ਼ ਸਬੰਧੀ ਗੰਭੀਰ ਵਿਚਾਰਾਂ ਕੀਤੀਆਂ ਗਈਆਂ ਅਤੇ ਫਿਕਰਮੰਦੀ ਜ਼ਾਹਰ ਕੀਤੀ ਗਈ ਕਿ ਮੌਜੂਦਾ ਸਰਕਾਰ ਵੀ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਹੀ ਸਰਕਾਰੀ ਅਦਾਰਿਆਂ ਦਾ ਭੋਗ ਪਾਈ ਜਾ ਰਹੀ ਹੈ। ਨੂਰਮਹਿਲ ਇਤਿਹਾਸਕ ਸਰਾਂ ਦੇ ਵਿੱਚੋਂ ਪੁਰਾਤਤਵ ਵਿਭਾਗ ਵੱਲੋਂ ਸਰਕਾਰੀ ਹਾਈ ਸਕੂਲ, ਨਗਰਪਾਲਿਕਾ ਦਾ ਦਫਤਰ, ਅਤੇ ਥਾਣਾ ਚੁਕਵਾ ਦਿੱਤਾ ਗਿਆ ਸੀ। ਥਾਣਾ ਅਤੇ ਨਗਰਪਾਲਿਕਾ ਦੇ ਦਫਤਰ ਤਾਂ ਝਟਪਟ ਬਣਾ ਲਏ ਗਏ ਸਨ, ਪਰ ਕਈ ਸਾਲ ਬੀਤ ਜਾਣ ਬਾਅਦ ਵੀ ਵਿੱਦਿਆ ਦਾ ਮੰਦਰ ਸਕੂਲ ਨਹੀਂ ਬਣਾਇਆ ਗਿਆ। ਕਈ ਸਾਲਾਂ ਤੋਂ ਹੀ ਇਨਸਾਫ-ਪਸੰਦ ਲੋਕ ਅਤੇ ਜਮਹੂਰੀਅਤ ਪਸੰਦ ਜਥੇਬੰਦੀਆਂ ਸੰਘਰਸ਼ ਕਰਦੀਆਂ ਆ ਰਹੀਆਂ ਹਨ, ਪਰ ਸਰਕਾਰ ਦੇ ਕੰਨਾਂ 'ਤੇ ਜੂੰ ਤੱਕ ਨਹੀਂ ਸਰਕਦੀ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਸਕੂਲ ਦੀ ਅਧੂਰੀ ਬਿਲਡਿੰਗ ਪੂਰੀ ਕਰਨ ਲਈ, ਸਕੂਲ ਨੂੰ ਚਾਲੂ ਕਰਾਉਣ ਵਾਸਤੇ, ਸਕੂਲ ਦੀਆਂ ਨੀਹਾਂ ਵਿੱਚ ਪੈਂਦਾ ਮੁਹੱਲੇ ਦਾ ਗੰਦਾ ਪਾਣੀ ਬੰਦ ਕਰਾਉਣ ਵਾਸਤੇ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

ਨਗਰਪਾਲਿਕਾ ਕਮੇਟੀ ਜੋ ਆਪਣੀ ਜ਼ਿੰਮੇਵਾਰੀ ਤੋਂ ਅੱਖਾਂ ਮੀਚੀ ਬੈਠੀ ਹੈ, ਉਸ ਨੂੰ ਮਿਲਿਆ ਜਾਵੇਗਾ, ਅਗਰ ਨਾ ਜਾਗੀ ਤਾਂ ਉਨ੍ਹਾਂ ਦੇ ਘਰਾਂ ਮੂਹਰੇ ਧਰਨੇ ਦਿੱਤੇ ਜਾਣਗੇ। ਸਰਕਾਰ ਦੇ ਮੰਤਰੀਆਂ ਨੂੰ ਮਿਲ ਕੇ ਸਕੂਲ ਚਾਲੂ ਕਰਾਉਣ ਦੀ ਮੰਗ ਕੀਤੀ ਜਾਵੇਗੀ।

ਅੱਜ ਦੀ ਮੀਟਿੰਗ ਵਿੱਚ ਸਰਕਾਰੀ ਸਕੂਲ ਬਚਾਓ ਮੋਰਚਾ ਦੇ ਕਨਵੀਨਰ ਬਾਲ ਕ੍ਰਿਸ਼ਨ ਬਾਲੀ, ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ। ਹੰਸ ਰਾਜ ਪੱਬਵਾਂ, ਨਿਰਮਲ ਸਿੱਧਮ, ਨੰਬਰਦਾਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਸ਼ੋਕ ਸੰਧੂ, ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ ਸਰਕਲ ਪ੍ਰਧਾਨ ਰਛਪਾਲ ਸਿੰਘ ਗਰਚਾ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਜਨਰਲ ਸਕੱਤਰ ਤੀਰਥ ਸਿੰਘ ਬਾਸੀ, ਕੁਲਦੀਪ ਸਿੰਘ ਵਾਲੀਆ, ਅਕਲ ਚੰਦ ਸਿੰਘ ਕੰਦੋਲਾ, ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਪੂਰਨ ਸਿੰਘ, ਮੱਖਣ ਸਿੰਘ, ਅਮਰ ਸਿੰਘ ਆਦਿ ਸਾਥੀ ਹੋਏ।

# ਕਾਮਰੇਡ ਦਲੀਪ ਸਿੰਘ ਟਪਿਆਲਾ ਦੀ 31ਵੀਂ ਬਰਸੀ 'ਤੇ ਰਾਜਨੀਤਕ ਕਾਨਫਰੰਸ 10 ਨੂੰ



ਅਜਨਾਲਾ (ਸੁਖਜਿੰਦਰ ਸਿੰਘ ਰਾਜੂ)-ਅਜਨਾਲਾ ਸਿਰਮੌਰ ਕਿਸਾਨ ਘੁਲਾਟੀਏ ਤੇ ਆਪਾ ਵਾਰੂ ਆਜ਼ਾਦੀ ਸੰਗਰਾਮੀਏ ਕਾਮਰੇਡ ਦਲੀਪ ਸਿੰਘ ਟਪਿਆਲਾ ਸਾਬਕਾ ਐੱਮਐੱਲਏ ਦੀ 31ਵੀਂ ਬਰਸੀ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਵੱਲੋਂ ਖੇਤੀ ਨੂੰ ਲਾਹੇਵੰਦਾ ਧੰਦਾ ਬਣਾਉਣਾ, ਜੂਝ ਰਹੀ ਕਿਸਾਨੀ ਤੇ ਮਜ਼ਦੂਰਾਂ ਦੇ ਘੋਲਾਂ ਨੂੰ ਪੀਡਾ ਕਰਨ ਲਈ ਤੇ ਫਿਰਕੂ-ਫਾਸ਼ੀਵਾਦੀ ਹਾਕਮਾਂ ਦੀਆਂ ਜੜ੍ਹਾਂ ਉਖਾੜਣ ਅਤੇ ਕਾਰਪੋਰੇਟੀ ਦੇਸੀ-ਵਦੇਸ਼ੀ ਲੁਟੇਰਿਆਂ ਨੂੰ ਭਾਂਜ ਦੇਣ ਤੇ ਚੱਲ ਰਹੇ ਸੰਘਰਸ਼ਾਂ ਨਾਲ ਸਾਂਝ ਵਧਾਉਣ ਲਈ ਪਿੰਡ ਟਪਿਆਲਾ (ਅਜਨਾਲਾ) ਵਿਖੇ 10 ਦਸੰਬਰ ਦਿਨ ਐਤਵਾਰ ਨੂੰ ਵਿਸ਼ਾਲ ਰਾਜਨੀਤਿਕ ਕਾਨਫਰੰਸ ਆਯੋਜਿਤ ਕੀਤੀ ਜਾ ਰਹੀ ਹੈ ਜਿਸ ਨੂੰ ਸਫਲ ਬਣਾਉਣ ਲਈ ਪਾਰਟੀ ਆਗੂਆਂ ਗੁਰਨਾਮ ਸਿੰਘ ਉਮਰਪੁਰਾ ਸੁਰਜੀਤ ਸਿੰਘ ਦੁਧਰਾਏ, ਅਜੀਤ ਕੌਰ ਕੋਟਰਜਾਦਾ ਤੇ ਸੁਰਜੀਤ ਸਿੰਘ ਭੂਰੇਗਿੱਲ ਦੀ ਪ੍ਰਧਾਨਗੀ ਵਿੱਚ ਵਿਸ਼ਾਲ ਇਕੱਠ ਕੀਤਾ ਗਿਆ ਜਿਸ ਨੂੰ ਸੰਬੋਧਨ ਕਰਦਿਆਂ ਵਿਸ਼ੇਸ਼ ਤੌਰ 'ਤੇ ਪੁੱਜੇ ਆਰਐੱਮਪੀਆਈ ਦੇ ਸੂਬਾ ਪ੍ਰਧਾਨ ਸਾਥੀ ਰਤਨ ਸਿੰਘ ਰੰਧਾਵਾ ਨੇ ਕਿਹਾ ਕਿ ਜਿਹੜੀਆਂ ਕੌਮਾਂ ਆਪਣੇ ਦੇਸ਼ ਭਗਤਾਂ ਨੂੰ ਭੁੱਲ ਜਾਦੀਆਂ ਉਹ ਕਦੇ ਤਰੱਕੀ ਨਹੀਂ ਕਰ ਸਕਦੀਆਂ ! ਰੰਧਾਵਾ ਨੇ ਕਿਹਾ ਕਿ ਅਜਨਾਲਾ ਤਹਿਸੀਲ ਦੇਸ਼ ਭਗਤਾਂ ਤੇ ਸੁਤੰਤਰਤਾ ਸੰਗਰਾਮੀਆਂ ਪੱਖੋਂ ਬੜੀ ਅਮੀਰ ਹੈ। ਇਥੋਂ ਦੇ ਹੀ ਕਾਮਰੇਡ ਫੌਜਾ ਸਿੰਘ ਭੁੱਲਰ ਹੋਏ ਹਨ ਜਿਨ੍ਹਾਂ 26 ਸਾਲ ਅਣਵੰਡੇ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਕੈਦਾਂ ਕੱਟੀਆਂ। ਉਨ੍ਹਾਂ ਨਾਲ ਹੀ ਕਾਮਰੇਡ ਦਲੀਪ ਸਿੰਘ ਟਪਿਆਲਾ, ਅੱਛਰ ਸਿੰਘ ਛੀਨਾ, ਸੋਹਣ ਸਿੰਘ ਜੋਸ਼ ਅਤੇ ਹੋਰ ਆਜ਼ਾਦੀ ਦੇ ਯੋਧੇ ਹੋਏ ਹਨ। ਇਸ ਮੌਕੇ ਐੱਸ. ਕੇ. ਐੱਮ. ਦੇ ਸੀਨੀਅਰ ਆਗੂ ਤੇ ਜਮਹੂਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਨੇ ਧਰਮਨਿਰਪੱਖਤਾ, ਸੰਘੀ ਢਾਂਚੇ ਤੇ ਜਮਹੂਰੀਅਤ ਦੀ ਰਾਖੀ ਅਤੇ ਸਿੱਖਿਆ/ਸਿਹਤ ਸੇਵਾਵਾਂ, ਬਿਜਲੀ-ਪਾਣੀ ਨੂੰ ਸਰਕਾਰ ਵੱਲੋਂ ਮੁਫਤ ਦਿੱਤੇ ਜਾਣ ਦੀ ਪ੍ਰਾਪਤੀ ਵਾਸਤੇ ਤਿੱਖੇ ਸੰਘਰਸ਼ ਵਿੱਢਣ ਦਾ ਸੰਕਲਪ ਲੈਣ ਲਈ ਇਸ ਕਾਨਫਰੰਸ ਵਿੱਚ ਪਰਿਵਾਰਾਂ ਸਮੇਤ ਹੁੰਮ-ਹੁੰਮਾ ਕੇ ਪਹੁੰਚਣ ਦੀ ਅਪੀਲ ਕੀਤੀ।

ਇਸ ਅਪੀਲ ਦੇ ਮੱਦੇਨਜ਼ਰ ਪਾਰਟੀ ਆਗੂਆਂ, ਕਾਰਕੁੰਨਾਂ ਤੇ ਹਮਦਰਦਾਂ ਨੇ ਮੌਕੇ 'ਤੇ ਹੀ ਸੈਂਕੜਿਆਂ ਦੀ ਗਿਣਤੀ ਵਿੱਚ ਪਹੁੰਚਣ ਲਈ ਵਿਸ਼ਵਾਸ ਦਿਵਾਇਆ ਅਤੇ ਕਾਨਫਰੰਸ ਦੀ ਕਾਮਯਾਬੀ ਲਈ 1 ਲੱਖ 25 ਹਜ਼ਾਰ ਰੁਪਏ ਦੀ ਮੌਕੇ 'ਤੇ ਸਹਾਇਤਾ ਕੀਤੀ। ਇਸ ਇਕੱਠ ਵਿੱਚ ਵੱਖ-ਵੱਖ ਪਿੰਡਾਂ ਦੇ ਦਰਜਨਾਂ ਪ੍ਰਤੀਨਿਧ ਸ਼ਾਮਲ ਹੋਏ ਜਿਨ੍ਹਾਂ ਵਿੱਚ ਤਰਸੇਮ ਸਿੰਘ ਕਾਮਲਪੁਰਾ, ਦੇਸਾ ਸਿੰਘ ਭਿੰਡੀ ਔਲਖ, ਸਰਪੰਚ ਇੰਦਰਜੀਤ ਸਿੰਘ ਜਨੈਤਪੁਰਾ, ਜੱਗਾ ਸਿੰਘ ਡੱਲਾ, ਗਾਇਕ ਗੁਰਪਾਲ ਗਿੱਲ ਸੈਦਪੁਰ, ਬਲਕਾਰ ਸਿੰਘ ਗੁਲਗੜ੍ਹ, ਧਰਮ ਸਿੰਘ, ਸੁਖਰਾਜ ਸਿੰਘ ਭੋਏਵਾਲੀ, ਲਖਬੀਰ ਸਿੰਘ, ਗੁਰਨਾਮ ਸਿੰਘ ਤੱਲੇ, ਵਿਸਾਖਾ ਸਿੰਘ ਭਗਵਾਂ, ਫੌਜੀ ਸਤਨਾਮ ਸਿੰਘ ਮਨੀਆ, ਦੇਸ਼ ਭਗਤ ਪਿਆਰਾ ਸਿੰਘ ਪੱਧਰੀ, ਜਗਤਾਰ ਸਿੰਘ ਉਮਰਪੁਰਾ ਆਦਿ ਵੀ ਸ਼ਾਮਲ ਸਨ।

# ਮਾਸਟਰ ਸ਼ਿੰਗਾਰਾ ਸਿੰਘ ਦੁਸਾਂਝ ਨੂੰ ਅੰਤਿਮ ਅਰਦਾਸ ਮੌਕੇ ਭਾਵਭਿੰਨੀ ਸ਼ਰਧਾਂਜਲੀ



ਜਲੰਧਰ, ਗੁਰਾਇਆ, ਫਿਲੌਰ (ਰਾਜੇਸ਼ ਥਾਪਾ, ਬਿੰਦਰ ਸੁਮਨ, ਨਿਰਮਲ)- ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਸੂਬਾਈ ਆਗੂ ਮਾਸਟਰ ਸ਼ਿੰਗਾਰਾ ਸਿੰਘ ਦੁਸਾਂਝ ਜਿਨ੍ਹਾਂ ਨੇ ਜਮਹੂਰੀ ਕਿਸਾਨ ਸਭਾ, ਗੌਰਮਿੰਟ ਟੀਚਰਜ਼ ਯੂਨੀਅਨ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਝੰਡੇ ਹੇਠ ਲੰਬਾ ਸਮਾਂ ਕੰਮ ਕੀਤਾ, ਉਨ੍ਹਾਂ ਦੀ ਅੰਤਿਮ ਅਰਦਾਸ ਮੌਕੇ ਉਨ੍ਹਾਂ ਦੇ ਪਿੰਡ ਦੁਸਾਂਝ ਕਲਾਂ ਵਿਖੇ ਭਾਵਭਿੰਨੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਕੌਮੀ ਜਨਰਲ ਸਕੱਤਰ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਇਤਿਹਾਸਿਕ ਕਿਸਾਨ ਅੰਦੋਲਨ ਦੌਰਾਨ ਮਾਸਟਰ ਸ਼ਿੰਗਾਰਾ ਸਿੰਘ ਦਾ ਅਹਿਮ ਯੋਗਦਾਨ ਰਿਹਾ ਹੈ। ਇਹ ਤਾਂ ਹੀ ਸੰਭਵ ਹੋ ਸਕਿਆ ਕਿ ਪਿੰਡ ਦੁਸਾਂਝ ਕਲਾਂ ਦੀ ਇਤਿਹਾਸਕ ਵਿਰਾਸਤ ਉਨ੍ਹਾਂ ਦੇ ਕੋਲ ਮੌਜੂਦ ਸੀ। ਉਨ੍ਹਾਂ ਅੱਗੇ ਕਿਹਾ ਕਿ ਦੇਸ ਭਰ 'ਚ ਨਵੇਂ ਖਤਰੇ ਪੈਦਾ ਹੋ ਰਹੇ ਹਨ, ਜਿਸ ਦਾ ਮੁਕਾਬਲਾ ਕਰਨ ਲਈ ਸਾਂਝੇ ਯਤਨਾਂ ਦੀ ਵੱਡੀ ਲੋੜ ਹੈ। ਮੁਲਾਜ਼ਮਾਂ ਦੀਆਂ ਜਥੇਬੰਦੀਆਂ ਵਲੋਂ ਸਰਧਾਂਜਲੀ ਭੇਟ ਕਰਦਿਆਂ ਮਾ. ਕਰਨੈਲ ਸਿੰਘ ਸੰਧੂ ਨੇ ਇਕੱਠੇ ਕੰਮ ਕਰਨ ਵੇਲੇ ਦੇ ਭਾਵੁਕ ਪਲਾਂ ਨੂੰ ਯਾਦ ਕਰਦਿਆਂ ਉਨ੍ਹਾਂ ਵਲੋਂ ਗੌਰਮਿੰਟ ਟੀਚਰਜ਼ ਯੂਨੀਅਨ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰਸ਼ਨ ਦੀ ਉਸਾਰੀ ਅਤੇ ਮਜ਼ਬੂਤੀ ਲਈ ਨਿਭਾਏ ਗਏ ਕਾਰਜਾਂ ਨੂੰ ਵੀ ਯਾਦ ਕੀਤਾ। ਪ੍ਰਿੰਸੀਪਲ ਗਿਆਨ ਸਿੰਘ ਦੁਸਾਂਝ ਨੇ ਕੈਨਵਸ 'ਤੇ ਮਾ. ਸ਼ਿੰਗਾਰਾ ਸਿੰਘ ਦੁਸਾਂਝ ਦੇ ਜੀਵਨ ਦੀ ਤਸਵੀਰ ਉੱਕਰ ਦਿੱਤੀ। ਪਿੰਡ ਦੇ ਵਿਕਾਸ ਅਤੇ ਗੁਰਦੁਆਰਾ ਸਾਹਿਬ ਦੀ ਕਮੇਟੀ 'ਚ ਪਾਏ ਯੋਗਦਾਨ ਦੀ ਉਚੇਚੀ ਚਰਚਾ ਕੀਤੀ। ਇਸ ਤੋਂ ਪਹਿਲਾਂ ਪਾਠ ਦੇ ਭੋਗ ਪਾਏ ਗਏ ਅਤੇ ਭਾਈ ਦਵਿੰਦਰ ਸਿੰਘ ਸੋਢੀ ਲੁਧਿਆਣਾ ਵਾਲੇ ਜਥੇ ਨੇ ਵੈਰਾਗਮਈ ਕੀਰਤਨ ਕੀਤਾ। ਇਸ ਮੌਕੇ ਜਮਹੂਰੀ ਕਿਸਾਨ ਸਭਾ ਦੇ ਜਨਰਲ ਸਕੱਤਰ ਕੁਲਵੰਤ ਸਿੰਘ ਸੰਧੂ, ਆਰ.ਐਮ.ਪੀ.ਆਈ ਦੇ ਸੂਬਾ ਸਕੱਤਰ ਪਰਗਟ ਸਿੰਘ ਜਾਮਾਰਾਏ, ਤਹਿਸੀਲ ਸਕੱਤਰ ਡਾ. ਸਰਬਜੀਤ ਮੁਠੱਡਾ, ਪ ਸ ਸ ਫ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ, ਤਰਸੇਮ ਮਾਧੋਪੁਰੀ, ਨਿਰਮੋਲਕ ਸਿੰਘ ਹੀਰਾ, ਜੀ ਟੀ ਯੂ ਦੇ ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਦੌੜਕਾ, ਕਰਨੈਲ ਫਿਲੌਰ, ਸੁਖਵਿੰਦਰ ਰਾਮ, ਤਰਕਸ਼ੀਲ ਸੁਸਾਇਟੀ ਤੋਂ ਜਸਵਿੰਦਰ ਸਿੰਘ ਪਟਵਾਰੀ, ਪੰਜਾਬ ਰੋਡਵੇਜ਼ ਯੂਨੀਅਨ ਤੋਂ ਰਜਿੰਦਰ ਸਿੰਘ, ਸਰਪੰਚ ਮੱਖਣ ਸਿੰਘ, ਪੈਨਸ਼ਨਰ ਆਗੂ ਕੁਲਦੀਪ ਸਿੰਘ ਕੌੜਾ, ਸੀਤਲ ਰਾਮ ਬੰਗਾ, ਕੁਲਦੀਪ ਸਿੰਘ ਬੰਗਾ, ਰਤਨ ਸਿੰਘ, ਰਾਮ ਤੀਰਥ ਸਿੰਘ, ਪ੍ਰਿੰ. ਰਾਮ ਤੀਰਥ ਸਿੰਘ ਗਰੇਵਾਲ, ਮਾ. ਸੁਖਜੀਤ ਸਿੰਘ ਜੌਹਲ, ਅਧਿਆਪਕ ਭਲਾਈ ਕਮੇਟੀ ਦੇ ਸਾਧੂ ਸਿੰਘ ਜੱਸਲ, ਹਰਮੇਸ਼ ਪਾਠਕ, ਸਰਪੰਚ ਮੱਖਣ ਪੱਲਣ, ਜਸਵਿੰਦਰ ਸਿੰਘ ਆਦਿ ਨੇ ਪਰਵਾਰਕ ਮੈਂਬਰਾਂ ਨਾਲ ਅਫਸੋਸ ਦਾ ਪ੍ਰਗਟਾਵਾ ਕੀਤਾ। ਇਸ ਸਮੇਂ ਨਜ਼ਦੀਕੀ ਰਿਸ਼ਤੇਦਾਰਾਂ, ਸਕੇ ਸੰਬੰਧੀਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਹੋਏ। ਮਾਸਟਰ ਦੋਸਾਂਝ ਦੇ ਪਰਵਾਰ ਵਲੋਂ ਆਰ ਐਮ ਪੀ ਆਈ, ਜਮਹੂਰੀ ਕਿਸਾਨ ਸਭਾ, ਦਿਹਾਤੀ ਮਜ਼ਦੂਰ ਸਭਾ, ਸੰਘਰਸ਼ਸ਼ੀਲ ਮੁਲਾਜ਼ਮ ਜਥੇਬੰਦੀਆਂ, ਪਿੰਡ ਦੇ ਸਕੂਲਾਂ, ਆਂਗਣਵਾੜੀ ਸੈਂਟਰਾਂ, ਧਾਰਮਿਕ ਸਥਾਨਾਂ ਅਤੇ ਗੁਰੂ ਗੋਬਿੰਦ ਸਿੰਘ ਹਸਪਤਾਲ ਦੋਸਾਂਝ ਕਲਾਂ, ਮੈਗਜ਼ੀਨ ਸੰਗਰਾਮੀ ਲਹਿਰ ਅਤੇ ਮੁਲਾਜ਼ਮ ਲਹਿਰ ਨੂੰ ਆਰਥਕ ਤੌਰ 'ਤੇ ਸਹਾਇਤਾ ਵੀ ਦਿੱਤੀ ਗਈ। ਆਖਰ ਵਿੱਚ ਗੁਰਦੁਆਰਾ ਸ੍ਰੀ ਧਰਮ ਦੁਆਰਾ ਸਾਹਿਬ ਦੀ ਕਮੇਟੀ ਦੇ ਪ੍ਰਧਾਨ ਜੋਗਿੰਦਰ ਸਿੰਘ ਨੇ ਦੋਸਾਂਝ ਪਰਵਾਰ ਦੇ ਵਲੋਂ ਸ਼ਰਧਾਂਜਲੀ ਸਮਾਗਮ ਵਿੱਚ ਸ਼ਾਮਲ ਸਮੂਹ ਸੰਗਤ ਦਾ ਧੰਨਵਾਦ ਕੀਤਾ।

## ਪੱਖੋਵਾਲ ਕੁੱਲੀਆਂ ਨੇੜੇ ਬਣੀ ਪੁਲੀ ਦੀ ਹਾਲਤ ਖਸਤਾ, ਲੋਕਾਂ 'ਚ ਰੋਸ



ਗੁਰਦਾਸਪੁਰ, (ਜਨਕ ਮਹਾਜਨ)-ਬੇਟ ਖੇਤਰ ਦੇ ਪਿੰਡ ਪੱਖੋਵਾਲ ਕੁੱਲੀਆਂ ਨੇੜੇ ਬਣੀ ਪੁਲੀ ਦੀ ਅਣਦੇਖੀ ਕਾਰਨ ਇਲਾਕਾ ਵਾਸੀਆਂ ਵਿਚ ਸਬੰਧਿਤ ਵਿਭਾਗ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਇਲਾਕਾ ਵਾਸੀਆਂ ਨੇ ਦੱਸਿਆ ਕਿ ਪਿੰਡ ਕੋਟਭੱਲਾ ਤੋਂ ਪੱਖੋਵਾਲ ਕੁੱਲੀਆਂ ਨੂੰ ਜਾਣ ਵਾਲੀ ਲਿੰਕ ਸੜਕ 'ਤੇ ਪਿੰਡ ਪੱਖੋਵਾਲ ਨੇੜੇ ਸੜਕ ਥੱਲਿਓਂ ਪਾਣੀ ਦੇ ਨਿਕਾਸ ਲਈ ਇਕ ਪੁਲੀ ਬਣੀ ਹੈ ਜਿਸ ਦੀ ਰੇਲਿੰਗ ਨੂੰ ਵੀ ਜੰਗਲੀ ਬੂਟੀ ਨੇ ਘੇਰ ਰੱਖਿਆ ਹੈ ਅਤੇ ਇਹ ਪੁਲੀ ਲਗਭਗ ਬੰਦ ਹੈ ਜਿਸ ਕਾਰਨ ਵਰਖਾ ਦੇ ਦਿਨਾਂ ਵਿਚ ਪਾਣੀ ਦਾ ਨਿਕਾਸ ਨਹੀਂ ਹੁੰਦਾ ਅਤੇ ਵਰਖਾ ਦਾ ਪਾਣੀ ਲੋਕਾਂ ਦੇ ਖੇਤਾਂ ਵਿਚ ਹੀ ਖੜ੍ਹਾ ਰਹਿੰਦਾ ਹੈ ਅਤੇ ਫ਼ਸਲਾਂ ਬਰਬਾਦ ਹੋ ਜਾਂਦੀਆਂ ਹਨ। ਇਹ ਸਭ ਕੁਝ ਸਬੰਧਿਤ ਵਿਭਾਗ ਦੀ ਅਣਦੇਖੀ ਕਾਰਨ ਹੋ ਰਿਹਾ ਹੈ। ਲੋਕਾਂ ਦੀ ਜ਼ਿਲ੍ਹਾ ਪ੍ਰਸ਼ਾਸਨ ਤੇ ਡਰੇਨਜ ਵਿਭਾਗ ਪਾਸੋਂ ਮੰਗ ਕੀਤੀ ਕਿ ਇਸ ਪੁਲੀ ਦੇ ਆਲੇ-ਦੁਆਲੇ ਉੱਗੀ ਜੰਗਲੀ ਘਾਹ ਬੂਟੀ ਸਾਫ਼ ਕਰਵਾ ਕੇ ਪੁਲੀ ਦੀ ਮੁਰੰਮਤ ਕਰਵਾਈ ਜਾਵੇ ਤਾਂ ਜੋ ਵਰਖਾ ਦੇ ਦਿਨਾਂ ਵਿਚ ਪਾਣੀ ਦਾ ਨਿਕਾਸ ਸਹੀ ਹੋ ਸਕੇ।

## ਸੰਤ ਸਤਵਿੰਦਰ ਹੀਰਾ ਨੇ ਸੰਗਰੂਰ 'ਚ ਸਤਿਸੰਗ ਰਾਹੀਂ ਸੰਗਤਾਂ ਨੂੰ ਆਦਿ ਧਰਮ ਮਿਸ਼ਨ ਨਾਲ ਜੋੜਿਆ



ਹੁਸ਼ਿਆਰਪੁਰ (ਓ ਪੀ ਰਾਣਾ)- ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਦੇ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਹੀਰਾ, ਸੰਤ ਬਲਬੀਰ ਧਾਦਰਾਂ ਜਨਰਲ ਸਕੱਤਰ ਚਰਨ ਛੋਹ ਗੰਗਾ, ਬਲਬੀਰ ਮਹੇ ਪ੍ਰਧਾਨ ਲੁਧਿਆਣਾ ਆਲ ਇੰਡੀਆ ਆਦਿ ਧਰਮ ਮਿਸ਼ਨ ਯੂਨਿਟ ਅਤੇ ਪਰਚੇਜ਼ ਕਮੇਟੀ ਚਰਨ ਛੋਹ ਗੰਗਾ, ਸੰਗਰੂਰ ਵਿਖੇ ਆਦਿ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਰੱਖੇ ਗਏ ਵਿਸ਼ੇਸ਼ ਸਤਿਸੰਗ ਵਿਚ ਸੰਤ ਬਾਬਾ ਧਰਮਾ ਸਿੰਘ ਚੀਮਾ ਸਾਹਿਬ ਸੰਗਰੂਰ ਵਾਲਿਆਂ ਦੇ ਗ੍ਰਹਿ ਵਿਖੇ ਪਹੁੰਚੇ, ਜਿਥੇ ਭਾਰੀ ਗਿਣਤੀ ਵਿਚ ਹਾਜ਼ਰ ਸੰਗਤਾਂ ਨੇ ਸੰਤ ਧਰਮਾ ਸਿੰਘ ਦੀ ਅਗਵਾਈ ਹੇਠ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਇਸ ਮੌਕੇ ਸੰਤ ਸਤਵਿੰਦਰ ਹੀਰਾ ਨੇ ਕਿਹਾ ਆਲ ਇੰਡੀਆ ਆਦਿ ਧਰਮ ਮਿਸ਼ਨ ਗੁਰੂਆਂ, ਰਹਿਬਰਾਂ ਵਿਦਵਾਨਾਂ ਦੀ ਸਰਵ ਸਾਂਝੀਵਾਲਤਾ ਦੀ ਸੋਚ ਨੂੰ ਲੈ ਕੇ ਅੱਗੇ ਵਧ ਰਿਹਾ ਹੈ। ਉਨ੍ਹਾਂ ਕਿਹਾ ਸਤਿਗੁਰੂ ਰਵਿਦਾਸ ਜੀ ਨੇ ਛੂਆਛਾਤ, ਜਾਤਪਾਤ, ਊਚਨੀਚ, ਭਿੰਨਭੇਦ ਖਿਲਾਫ ਧਾਰਮਿਕ ਅਤੇ ਸਮਾਜਿਕ ਲਹਿਰ ਪੈਦਾ ਕਰਕੇ ਕਰੋੜਾਂ ਲੋਕਾਂ ਨੂੰ ਇਨਸਾਨੀ ਜ਼ਿੰਦਗੀ ਜਿਊਣ ਦਾ ਰਸਤਾ ਦੱਸਿਆ। ਉਨ੍ਹਾਂ ਕਿਹਾ ਬਾਬੂ ਮੰਗੂ ਰਾਮ ਮੁੱਗੋਵਾਲੀਆ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਵਰਗੇ ਮਹਾਨ ਰਹਿਬਰਾਂ ਨੇ ਦੇਸ਼ ਦੇ ਕਰੋੜਾਂ ਆਦਿਵਾਸੀ ਬਹੁਜਨਾਂ ਲਈ ਸੰਵਿਧਾਨਕ ਅਧਿਕਾਰਾਂ ਲਈ ਜੀਵਨ ਭਰ ਸੰਘਰਸ਼ ਕੀਤਾ, ਜਿਸ ਕਰਕੇ ਦੇਸ਼ ਦੇ ਕਰੋੜਾਂ ਆਦਿਵਾਸੀ ਬਹੁਜਨਾਂ ਦੇ ਜੀਵਨ ਵਿਚ ਖ਼ੁਸ਼ਹਾਲੀ ਆਈ ਹੈ। ਇਸ ਮੌਕੇ ਸੰਤ ਬਲਵੀਰ ਧਾਂਦਰਾ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਸ੍ਰੀ ਚਰਨਛੋਹ ਗੰਗਾ ਸੱਚਖੰਡ ਖੁਰਾਲਗੜ੍ਹ ਸਾਹਿਬ ਵਿਖੇ ਚਾਰ ਸਾਲ ਤੋਂ ਵੱਧ ਸਮਾਂ ਰਹਿ ਕੇ ਸੰਗਤਾਂ ਨੂੰ ਮਹਾਨ ਪਵਿੱਤਰ ਅਸਥਾਨਾਂ ਦੀ ਬਖ਼ਸ਼ਿਸ਼ ਕੀਤੀ। ਇਸ ਮੌਕੇ ਸੰਤ ਧਰਮਾ ਸਿੰਘ ਚੀਮਾ ਸਾਹਿਬ ਵਲੋਂ ਸੰਤ ਸਤਵਿੰਦਰ ਹੀਰਾ, ਸੰਤ ਬਲਵੀਰ ਧਾਂਦਰਾ, ਸੰਤ ਬਲਵੀਰ ਮਹੇ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਅਤੇ ਧੰਨਵਾਦ ਕੀਤਾ ਗਿਆ। ਇਸ ਮੌਕੇ ਜਗੀਰ ਸਿੰਘ ਕਾਮਰੇਡ, ਮੋਹਨ ਲਾਲ ਸ਼ਰਮਾ, ਹਾਕਮ ਸਿੰਘ ਕਣਕਵਾਲ, ਤਰਸੇਮ ਸਿੰਘ ਸੋਨੀ, ਜੱਗੀ ਸਿੰਘ ਕਣਕਵਾਲ, ਰਾਮ ਸਿੰਘ, ਸੋਨੂੰ ਗੜ੍ਹਸ਼ੰਕਰ ਵੀ ਹਾਜ਼ਰ ਸਨ।

## ਤਖਤ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨ ਕਰਕੇ ਪਰਤਿਆ 200 ਸ਼ਰਧਾਲੂਆਂ ਦਾ ਜਥਾ



ਜਲੰਧਰ,( ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)-ਪੰਜਾਬ ਸਰਕਾਰ ਵੱਲੋਂ ਧਾਰਮਿਕ ਸਥਾਨਾਂ ਦੀ ਮੁਫਤ ਯਾਤਰਾ ਕਰਵਾਉਣ ਲਈ ਕੀਤੀ ਨਿਵੇਕਲੀ ਪਹਿਲ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਤਹਿਤ 27 ਨਵੰਬਰ ਨੂੰ ਜਲੰਧਰ ਤੋਂ ਰਵਾਨਾ ਹੋਏ 200 ਸ਼ਰਧਾਲੂ ਤਖਤ ਸ੍ਰੀ ਹਜ਼ੂਰ ਸਾਹਿਬ, ਨਾਂਦੇੜ, ਮਹਾਰਸ਼ਟਰ ਦੇ ਦਰਸ਼ਨ ਕਰਕੇ ਬੀਤੀ ਰਾਤ ਇਥੇ ਵਾਪਸ ਪਹੁੰਚੇ। ਸ਼ਨੀਵਾਰ ਰਾਤ ਕਰੀਬ 1 ਵਜੇ ਰੇਲ ਗੱਡੀ ਰਾਹੀਂ ਪਰਤੇ ਸ਼ਰਧਾਲੂਆਂ ਦੇ ਜਥੇ ਦਾ ਐਸ.ਡੀ.ਐਮਜ਼ ਗੁਰਸਿਮਰਨ ਸਿੰਘ ਅਤੇ ਮੇਜਰ ਡਾ. ਇਰਵਿਨ ਕੌਰ ਵੱਲੋਂ ਜਲੰਧਰ ਕੈਂਟ ਰੇਲਵੇ ਸਟੇਸ਼ਨ 'ਤੇ ਨਿੱਘਾ ਸਵਾਗਤ ਕੀਤਾ ਗਿਆ। ਯਾਤਰਾ ਤੋਂ ਪਰਤੇ ਸ਼ਰਧਾਲੂਆਂ ਨੇ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਦਾ ਵਿਸ਼ੇਸ਼ ਧੰਨਵਾਦ ਕੀਤਾ। ਜਥੇ 'ਚ ਸ਼ਾਮਲ ਅਰਜਨ ਨਗਰ, ਮਿੱਠੂ ਬਸਤੀ ਦੇ ਸ਼ਰਧਾਲੂ ਗੁਰਵਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਉਪਰਾਲੇ ਸਦਕਾ ਉਨ੍ਹਾਂ ਨੂੰ ਪਹਿਲੀ ਵਾਰ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ, ਜਿਸ ਦੇ ਲਈ ਉਹ ਸਦਾ ਸਰਕਾਰ ਦੇ ਰਿਣੀ ਰਹਿਣਗੇ। ਇਕ ਹੋਰ ਸ਼ਰਧਾਲੂ ਤਲਵਿੰਦਰ ਕੌਰ ਪਿੰਡ ਕਾਂਗਣਾ, ਨਕੋਦਰ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਦੇ ਧੰਨਵਾਦੀ ਹਨ, ਜਿਸ ਵੱਲੋਂ ਪਵਿੱਤਰ ਗੁਰਧਾਮਾਂ ਦੇ ਦਰਸ਼ਸ਼ਨ ਕਰਵਾਉਣ ਲਈ ਇਹ ਕਦਮ ਚੁੱਕਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਇਸ ਪਹਿਲ ਸਦਕਾ ਉਹ ਬਿਨਾਂ ਕਿਸੇ ਖਰਚ ਤੋਂ ਧਾਰਮਿਕ ਸਥਾਨ ਦੀ ਯਾਤਰਾ ਕਰ ਸਕੇ ਹਨ। ਹੋਰਨਾਂ ਸ਼ਰਧਾਲੂਆਂ ਨੇ ਵੀ ਭਗਵੰਤ ਮਾਨ ਸਰਕਾਰ ਦਾ ਦੇਸ਼ ਭਰ ਦੇ ਪਵਿੱਤਰ ਸਥਾਨਾਂ 'ਤੇ ਦਰਸ਼ਨ ਕਰਨ ਦੀ ਸਹੂਲਤ ਦੇਣ ਲਈ ਧੰਨਵਾਦ ਕੀਤਾ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਖਾਣ-ਪੀਣ, ਯਾਤਰਾ ਦਾ ਖਰਚਾ, ਜਿਸ ਵਿੱਚ ਏ.ਸੀ. ਰੇਲ ਗੱਡੀਆਂ ਅਤੇ ਰਿਹਾਇਸ਼ ਸ਼ਾਮਲ ਹੈ, ਪੰਜਾਬ ਸਰਕਾਰ ਵੱਲੋਂ ਕੀਤਾ ਜਾਵੇਗਾ। ਅਨੇਕਾਂ ਰੇਲ ਗੱਡੀਆਂ ਅਤੇ ਬੱਸਾਂ ਰਾਹੀਂ ਪੰਜਾਬ ਦੇ ਲੋਕਾਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਹਜ਼ੂਰ ਸਾਹਿਬ, ਸ੍ਰੀ ਪਟਨਾ ਸਾਹਿਬ, ਸ੍ਰੀ ਆਨੰਦਪੁਰ ਸਾਹਿਬ, ਮਾਤਾ ਨੈਣਾ ਦੇਵੀ ਜੀ, ਸ੍ਰੀ ਵਰਿੰਦਾਵਨ ਧਾਮ, ਮਾਤਾ ਵੈਸ਼ਨੋ ਦੇਵੀ, ਮਾਤਾ ਚਿੰਤਪੁਰਨੀ, ਮਾਤਾ ਜਵਾਲਾ ਜੀ, ਵਾਰਾਣਸੀ, ਸ੍ਰੀ ਖਾਟੂ ਸ਼ਿਆਮ, ਸ੍ਰੀ ਸਾਲਾਸਰ ਧਾਮ ਅਤੇ ਖਵਾਜਾ ਅਜਮੇਰ ਸ਼ਰੀਫ ਦਰਗਾਹ ਦੀ ਮੁਫਤ ਯਾਤਰਾ ਕਰਵਾਈ ਜਾਵੇਗੀ।

# ਦਰਿਆਈ ਪਾਣੀ ਵਿਵਾਦ ਨੂੰ ਲੈ ਕੇ ਪੰਜ ਕਿਸਾਨ ਜਥੇਬੰਦੀਆਂ 18 ਜਨਵਰੀ ਨੂੰ ਚੰਡੀਗੜ੍ਹ ਵਿਖੇ ਲਾਉਣਗੀਆਂ ਮੋਰਚਾ



ਚੰਡੀਗੜ੍ਹ (ਗੁਰਜੀਤ ਬਿੱਲਾ)-ਇੱਥੇ ਪੰਜ ਕਿਸਾਨ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ), ਆਲ ਇੰਡੀਆ ਕਿਸਾਨ ਫੈਡਰੇਸ਼ਨ, ਕਿਸਾਨ ਸੰਘਰਸ਼ ਕਮੇਟੀ ਪੰਜਾਬ, ਭਾਰਤੀ ਕਿਸਾਨ ਯੂਨੀਅਨ (ਮਾਨਸਾ) ਅਤੇ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਦੀ ਜਨਰਲ ਬਾਡੀ ਦੀ ਮੀਟਿੰਗ ਕਿਸਾਨ ਭਵਨ, ਚੰਡੀਗੜ੍ਹ ਵਿਖੇ ਹੋਈ ਜਿਸ ਵਿਚ ਸੂਬੇ ਭਰ ਦੇ 150 ਤੋਂ ਵੱਧ ਸਰਗਰਮ ਕਿਸਾਨ ਆਗੂਆਂ ਨੇ ਸ਼ਮੂਲੀਅਤ ਕੀਤੀ। ਮੀਟਿੰਗ 'ਚ ਹੋਰਨਾਂ ਮੁੱਦਿਆਂ ਤੋਂ ਇਲਾਵਾ ਪਾਣੀਆਂ ਦੇ ਝਗੜਿਆਂ, ਫੈਡਰਲ ਸਿਸਟਮ 'ਤੇ ਹਮਲੇ ਅਤੇ ਵਾਤਾਵਰਣ ਪ੍ਰਦੂਸ਼ਣ ਸਬੰਧੀ ਮੋਰਚੇ ਦੀ ਤਿਆਰੀ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਜਥੇਬੰਦੀਆਂ ਵਿੱਚ ਚੱਲ ਰਹੀ ਏਕਤਾ ਪ੍ਰਕਿਰਿਆ ਨੂੰ ਵੀ ਵਿਚਾਰਿਆ ਗਿਆ। ਮੀਟਿੰਗ ਤੋਂ ਬਾਅਦ ਬਲਬੀਰ ਸਿੰਘ ਰਾਜੇਵਾਲ, ਪ੍ਰੇਮ ਸਿੰਘ ਭੰਗੂ, ਕੰਵਲਪ੍ਰੀਤ ਸਿੰਘ ਪੰਨੂੰ, ਬੋਘ ਸਿੰਘ ਮਾਨਸਾ ਅਤੇ ਹਰਜਿੰਦਰ ਸਿੰਘ ਟਾਂਡਾ ਨੇ ਦੱਸਿਆ ਕਿ ਜਨਰਲ ਬਾਡੀ ਨੇ ਸਰਬਸੰਮਤੀ ਨਾਲ 18 ਜਨਵਰੀ ਨੂੰ ਚੰਡੀਗੜ੍ਹ ਵਿਖੇ ਦਰਿਆਈ ਪਾਣੀਆਂ ਦੇ ਵਿਵਾਦਾਂ ਦੇ ਹੱਲ, ਸੰਘੀ ਢਾਂਚੇ ਅਤੇ ਵਾਤਾਵਰਣ ਪ੍ਰਦੂਸ਼ਣ ਦੀ ਰਾਖੀ ਲਈ ਮੋਰਚਾ ਲਾਉਣ ਦਾ ਫੈਸਲਾ ਕੀਤਾ ਹੈ। 5 ਅਗਸਤ ਨੂੰ ਮੋਹਾਲੀ ਵਿਖੇ ਵਿਸ਼ਾਲ ਰੈਲੀ ਕਰਕੇ ਉਪਰੋਕਤ ਮੁੱਦਿਆਂ 'ਤੇ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਨੋਟਿਸ ਦਿੱਤੇ ਗਏ ਸਨ ਪਰ ਸਰਕਾਰਾਂ ਨੇ ਅੱਜ ਤੱਕ ਕੋਈ ਧਿਆਨ ਨਹੀਂ ਦਿੱਤਾ। ਉਨ੍ਹਾਂ ਦੱਸਿਆ ਕਿ ਪਾਣੀ, ਸਿੰਚਾਈ ਅਤੇ ਨਹਿਰਾਂ ਆਦਿ ਰਾਜ ਸੂਚੀ ਦੇ ਐਂਟਰੀ ਨੰਬਰ 17 'ਤੇ ਰਾਜ ਦਾ ਵਿਸ਼ਾ ਹੈ। ਇਸ ਲਈ ਕੇਂਦਰ ਨੂੰ ਪਾਣੀਆਂ ਦੇ ਮੁੱਦੇ 'ਤੇ ਕਾਨੂੰਨ ਬਣਾਉਣ ਜਾਂ ਕੋਈ ਕਾਰਜਕਾਰੀ ਹੁਕਮ ਪਾਸ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਕੇਂਦਰ ਸਰਕਾਰ ਵੱਲੋਂ ਪਿਛਲੇ ਸਮੇਂ ਵਿੱਚ ਗੈਰ-ਰਿਪੇਰੀਅਨ ਰਾਜਾਂ ਨੂੰ ਪਾਣੀ ਦੇਣ ਸਬੰਧੀ ਦਿੱਤੇ ਗਏ ਹੁਕਮ ਗੈਰ-ਕਾਨੂੰਨੀ ਅਤੇ ਗੈਰਸੰਵਿਧਾਨਕ ਹਨ ਅਤੇ ਇਸ ਲਈ ਇਹ ਰੱਦ ਕੀਤੇ ਜਾਣ। ਸਰਕਾਰਾਂ ਦੇ ਗਲਤ ਫੈਸਲਿਆਂ ਕਾਰਨ 70 ਫੀਸਦੀ ਦਰਿਆਈ ਪਾਣੀ ਸੂਬੇ ਤੋਂ ਬਾਹਰ ਜਾ ਰਿਹਾ ਹੈ ਅਤੇ ਪੰਜਾਬ ਦੀ ਖੇਤੀ ਵਾਲੀ ਜ਼ਮੀਨ ਨੂੰ ਸਿਰਫ 27 ਫੀਸਦੀ ਦਰਿਆਈ ਪਾਣੀ ਮਿਲ ਰਿਹਾ ਹੈ। ਕਿਉਂਕਿ ਪੰਜਾਬ ਦਾ ਕੋਈ ਵੀ ਦਰਿਆ ਸੂਬੇ ਤੋਂ ਬਾਹਰ ਨਹੀਂ ਜਾਂਦਾ, ਇਸ ਲਈ ਇਹ ਅੰਤਰਰਾਜੀ ਝਗੜਾ ਨਹੀਂ ਹੈ। ਉਨ੍ਹਾਂ ਕਿਹਾ ਕਿ ਪਾਣੀ ਦੀ ਮਾਲਕੀ ਪਹਿਲਾਂ ਰਿਪੇਰੀਅਨ ਸਿਧਾਂਤ ਦੇ ਆਧਾਰ 'ਤੇ ਤੈਅ ਕੀਤੀ ਜਾਵੇ। ਮੁੱਦਿਆਂ 'ਤੇ ਜਾਗਰੂਕਤਾ ਪੈਦਾ ਕਰਨ ਲਈ ਪਹਿਲੇ ਪੜਾਅ 'ਚ ਘਰ-ਘਰ ਜਾ ਕੇ ਇਕ ਲੱਖ ਪਰਚੇ ਵੰਡੇ ਜਾਣਗੇ। ਇਸ ਮੁਹਿੰਮ ਦੇ ਮੁਲਾਂਕਣ ਅਤੇ ਹੋਰ ਤਿਆਰੀ ਲਈ 23 ਦਸੰਬਰ ਨੂੰ ਚੰਡੀਗੜ੍ਹ ਵਿਖੇ ਜਨਰਲ ਬਾਡੀ ਦੀ ਮੀਟਿੰਗ ਹੋਵੇਗੀ। ਜਥੇਬੰਦੀਆਂ ਦਾ ਇੱਕ ਵਫਦ 8 ਦਸੰਬਰ ਨੂੰ ਚੀਫ ਕਮਿਸ਼ਨਰ ਚੰਡੀਗੜ੍ਹ ਨੂੰ ਮਿਲ ਕੇ ਅੰਦੋਲਨ ਲਈ ਢੁੱਕਵੀਂ ਥਾਂ ਅਲਾਟ ਕਰਨ ਦੀ ਮੰਗ ਕਰੇਗਾ। ਮੀਟਿੰਗ ਨੇ ਸਰਬਸੰਮਤੀ ਨਾਲ ਸਮੂਹ ਕਿਸਾਨ ਜਥੇਬੰਦੀਆਂ ਨੂੰ ਇੱਕ ਮੰਚ 'ਤੇ ਆ ਕੇ ਪੰਜਾਬ ਅਤੇ ਕਿਸਾਨਾਂ ਦੀਆਂ ਹੱਕੀ ਮੰਗਾਂ ਲਈ ਸੰਘਰਸ ਕਰਨ ਦੀ ਅਪੀਲ ਕੀਤੀ। ਮੀਟਿੰਗ ਨੇ ਸੂਬਾ ਸਰਕਾਰ ਵੱਲੋਂ ਐਲਾਨੇ ਗੰਨੇ ਦੇ ਭਾਅ ਨੂੰ ਰੱਦ ਕਰਦਿਆਂ ਮੰਗ ਕੀਤੀ ਕਿ ਖੰਡ ਮਿੱਲਾਂ ਤੁਰੰਤ ਖੋਲ੍ਹੀਆਂ ਜਾਣ ਅਤੇ ਕਿਸਾਨਾਂ ਨੂੰ ਨੁਕਸਾਨੇ ਗਏ ਗੰਨੇ ਦੇ ਮੁਆਵਜ਼ੇ ਦੇ ਨਾਲ-ਨਾਲ ਲਾਹੇਵੰਦ ਭਾਅ ਦਿੱਤਾ ਜਾਵੇ। ਮੀਟਿੰਗ ਨੇ ਮੁਕੇਰੀਆਂ ਵਿਖੇ ਗੰਨੇ ਦੇ ਵਾਜਬ ਭਾਅ ਦੀ ਮੰਗ ਕਰ ਰਹੇ ਕਿਸਾਨਾਂ 'ਤੇ ਕੀਤੇ ਲਾਠੀਚਾਰਜ ਦੀ ਸਖਤ ਨਿਖੇਧੀ ਕੀਤੀ। ਮੀਟਿੰਗ ਵਿੱਚ ਇਹ ਵੀ ਮੰਗ ਕੀਤੀ ਗਈ ਕਿ ਜਿਨ੍ਹਾਂ ਕਿਸਾਨਾਂ ਨੂੰ ਅੱਜ ਤੱਕ ਝੋਨੇ ਦੀ ਅਦਾਇਗੀ ਨਹੀਂ ਹੋਈ ਉਨ੍ਹਾਂ ਨੂੰ ਅਦਾਇਗੀ ਤੁਰੰਤ ਜਾਰੀ ਕੀਤੀ ਜਾਵੇ। ਉਨ੍ਹਾਂ ਚਿੰਤਾ ਜਜ਼ਾਹਰ ਕੀਤੀ ਕਿ ਸਰਕਾਰ ਵੱਲੋਂ ਹੁਣ ਤੱਕ ਨੁਕਸਾਨੀ ਗਈ ਝੋਨੇ ਦੀ ਫਸਲ, ਮਕਾਨਾਂ ਅਤੇ ਹੋਰ ਵਸਤਾਂ ਲਈ ਹੜ੍ਹ ਰਾਹਤ ਰਾਸ਼ੀ ਨਹੀਂ ਵੰਡੀ ਗਈ ਹਾਲਾਂਕਿ ਐਲਾਨੀ ਰਕਮ ਬਹੁਤ ਮਾਮੂਲੀ ਸੀ। ਮੀਟਿੰਗ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਰਜਿੰਦਰ ਸਿੰਘ ਕੋਟਪਨੈਚ, ਨੇਕ ਸਿੰਘ ਖੋਖ, ਘੁੰਮਣ ਸਿੰਘ ਰਾਜਗੜ੍ਹ, ਓਂਕਾਰ ਸਿੰਘ ਓਗੋਲ, ਕਸ਼ਮੀਰ ਸਿੰਘ, ਪਵਨ ਕੁਮਾਰ ਸੋਗਲਪੁਰ, ਗੁਰਦੇਵ ਸਿੰਘ ਵਰਪਾਲ, ਬਾਬਾ ਮਹਿੰਦਰ ਸਿੰਘ, ਤੇਜਿੰਦਰ ਸਿੰਘ, ਗੁਲਜ਼ਾਰ ਸਿੰਘ ਸਲੇਮਪੁਰ, ਬੇਅੰਤ ਸਿੰਘ ਮਹਿਮਾਸਰਜਾ, ਪਲਵਿੰਦਰ ਸਿੰਘ, ਕਰਮ ਸਿੰਘ ਕਾਰਕੌਰ, ਗੁਰਮੀਤ ਸਿੰਘ ਕਪਿਆਲ ਅਤੇ ਨਿਰਭੈ ਸਿੰਘ ਸ਼ਾਮਲ ਸਨ।

ਨਵਾਂ ਜ਼ਮਾਨਾ
ਸੋਮਵਾਰ, 4 ਦਸੰਬਰ 2023

# ਇਜ਼ਰਾਈਲੀ ਦਖਲਅੰਦਾਜ਼ੀ

*ਹਰ ਦੇਸ਼ ਦਾ ਦੂਤਘਰ ਆਪਣੇ ਦੇਸ਼ ਦੇ ਹਿੱਤ 'ਚ ਸਰਗਰਮੀ ਕਰਦਾ ਹੈ, ਪਰ ਚੁੱਪ-ਚੁਪੀਤੇ। ਇਜ਼ਰਾਈਲੀ ਰਾਜਦੂਤ ਨਾਓਰ ਗਿਲੋਨ ਨੂੰ ਭਾਰਤ ਵਿਚ ਜਿਸ ਤਰ੍ਹਾਂ ਨੰਗੀ-ਚਿੱਟੀ ਦਖਲਅੰਦਾਜ਼ੀ ਕਰਨ ਦੀ ਛੋਟ ਦਿੱਤੀ ਗਈ ਹੈ, ਉਸ ਉੱਤੇ ਦੇਸ਼ ਦੇ ਬੁੱਧੀਜੀਵੀਆਂ ਨੇ ਤਿੱਖੀ ਪ੍ਰਤੀਕਿਰਿਆ ਕੀਤੀ ਹੈ। 470 ਬੁੱਧੀਜੀਵੀਆਂ ਨੇ ਇਜ਼ਰਾਈਲ ਦੀ ਫਲਸਤੀਨੀਆਂ ਨਾਲ ਜੰਗ ਵਿਚ ਭਾਰਤ 'ਚ ਅਕਾਦਮਿਕ ਆਜ਼ਾਦੀ ਵਿਚ ਇਜ਼ਰਾਈਲੀ ਰਾਜਦੂਤ ਦੀ ਦਖਲਅੰਦਾਜ਼ੀ ਖਿਲਾਫ ਸਖਤ ਬਿਆਨ ਜਾਰੀ ਕੀਤਾ ਹੈ। ਇਸ ਬਿਆਨ 'ਤੇ ਦਸਤਖਤ ਕਰਨ ਵਾਲਿਆਂ 'ਚ ਦਿੱਲੀ ਯੂਨੀਵਰਸਿਟੀ ਦੀ ਨੰਦਿਨੀ ਸੁੰਦਰ, ਰਾਜਸ੍ਰੀ ਚੰਦਰ, ਮਾਯਾ ਜੌਹਨ, ਕਰੇਨ ਗੈਬਰੀਲ ਤੇ ਅਪੂਰਵਾਨੰਦ ਤੋਂ ਇਲਾਵਾ ਸਾਬਕਾ ਪ੍ਰੋਫੈਸਰ ਅਨੀਤਾ ਰਾਮਪਾਲ ਤੇ ਅਚਿਨ ਵਨਾਇਕ, ਜਵਾਹਰ ਲਾਲ ਯੂਨੀਵਰਸਿਟੀ ਦੀ ਨਿਵੇਦਿਤਾ ਮੈਨਨ, ਆਯੇਸ਼ਾ ਕਿਦਵਈ ਤੇ ਅਤੁਲ ਸੂਦ, ਕਯੋਟੋ ਯੂਨੀਵਰਸਿਟੀ ਦੇ ਰੋਹਨ ਡੀ'ਸੂਜ਼ਾ ਅਤੇ ਸੈਂਟਰ ਫਾਰ ਦੀ ਸਟੱਡੀ ਆਫ ਡਿਵੈੱਲਪਿੰਗ ਸੁਸਾਇਟੀਜ਼ ਦੇ ਰਵੀ ਸੁੰਦਰਮ ਸ਼ਾਮਲ ਹਨ। ਪਿਛਲੇ ਮਹੀਨੇ ਓ ਪੀ ਜਿੰਦਲ ਯੂਨੀਵਰਸਿਟੀ, ਸੋਨੀਪਤ ਨੇ ਵਨਾਇਕ ਵੱਲੋਂ ਇਜ਼ਰਾਈਲ-ਹਮਾਸ ਟਕਰਾਅ ਬਾਰੇ ਕਹੀਆਂ ਗਈਆਂ ਗੱਲਾਂ ਤੋਂ ਖੁਦ ਨੂੰ ਅੱਡ ਕਰ ਲਿਆ ਸੀ। ਇਸ ਦੇ ਪਿੱਛੇ ਕਾਰਨ ਇਹ ਸੀ ਕਿ ਇਜ਼ਰਾਈਲੀ ਰਾਜਦੂਤ ਨੇ ਪ੍ਰੋਟੈਸਟ ਕੀਤਾ ਸੀ ਕਿ ਵਨਾਇਕ ਨੇ ਇਜ਼ਰਾਈਲ ਦੀ ਬਦਖੋਈ ਕੀਤੀ ਹੈ। ਬੁੱਧੀਜੀਵੀਆਂ ਨੇ ਕਿਹਾ ਹੈ ਕਿ ਕੈਨੇਡਾ-ਭਾਰਤ ਵਿਚਾਲੇ ਤਣਾਅ ਦਰਮਿਆਨ ਭਾਰਤ ਨੇ ਦਖਲਅੰਦਾਜ਼ੀ ਦਾ ਦੋਸ਼ ਲਾ ਕੇ ਕੈਨੇਡਾ ਦੇ ਕਈ ਡਿਪਲੋਮੈਟ ਕੱਢ ਦਿੱਤੇ ਸਨ, ਪਰ ਇਜ਼ਰਾਈਲੀ ਰਾਜਦੂਤ ਸ਼ਰੇਆਮ ਦਖਲ ਦੇ ਰਿਹਾ ਹੈ। ਬੁੱਧੀਜੀਵੀਆਂ ਨੇ ਯੂਨੀਵਰਸਿਟੀਆਂ ਦੇ ਪ੍ਰਸ਼ਾਸਕਾਂ ਤੇ ਸਰਕਾਰ ਨੂੰ ਕਿਹਾ ਹੈ ਕਿ ਉਹ ਅਕਾਦਮਿਕ ਆਜ਼ਾਦੀ ਦਾ ਸਤਿਕਾਰ ਕਰਨ। ਬੁੱਧੀਜੀਵੀਆਂ ਦਾ ਕਹਿਣਾ ਹੈ ਕਿ ਇਜ਼ਰਾਈਲ ਗਾਜ਼ਾ ਵਿਚ ਜੋ ਤਬਾਹੀ ਮਚਾ ਰਿਹਾ ਹੈ, ਉਸ ਨੂੰ ਹਮਾਸ ਦੇ ਹਮਲੇ ਦਾ ਜਵਾਬ ਨਹੀਂ ਕਿਹਾ ਜਾ ਸਕਦਾ। ਇਜ਼ਰਾਈਲੀ ਰਾਜਦੂਤ ਨੇ ਹਮਾਸ ਦੇ ਸਾਬਕਾ ਮੁਖੀ ਖਾਲਿਦ ਮਾਰਸ਼ਲ ਦਾ ਪਿਛਲੇ ਮਹੀਨੇ ਕੇਰਲਾ ਵਿਚ ਵੀਡੀਓ ਭਾਸ਼ਣ ਦਿਖਾਉਣ ਦਾ ਵੀ ਵਿਰੋਧ ਕੀਤਾ ਸੀ। ਉਸ ਨੇ 'ਫਰੰਟਲਾਈਨ' ਮੈਗਜ਼ੀਨ ਵਿਚ ਹਮਾਸ ਦੇ ਕੌਮਾਂਤਰੀ ਮਾਮਲਿਆਂ ਦੇ ਮੁਖੀ ਅਬੂ ਮਰਜ਼ੂਕ ਦੀ ਇੰਟਰਵਿਊ ਛਪਣ 'ਤੇ ਵੀ ਇਤਰਾਜ਼ ਕੀਤਾ ਸੀ। ਬੁੱਧੀਜੀਵੀਆਂ ਦਾ ਕਹਿਣਾ ਹੈ ਕਿ ਭਾਰਤੀ ਕਾਨੂੰਨ ਪਾਬੰਦੀਸ਼ੁਦਾ ਗਰੁੱਪਾਂ ਦੇ ਮੈਂਬਰਾਂ ਦੀ ਇੰਟਰਵਿਊ ਛਾਪਣ ਤੋਂ ਨਹੀਂ ਰੋਕਦੇ। ਬੁੱਧੀਜੀਵੀਆਂ ਨੇ ਅਲੀਗੜ੍ਹ, ਦਿੱਲੀ, ਮੁੰਬਈ, ਬੇਂਗਲੁਰੂ, ਕੋਇੰਬਟੂਰ ਤੇ ਹੋਰਨਾਂ ਸ਼ਹਿਰਾਂ ਵਿਚ ਫਲਸਤੀਨੀਆਂ ਦੇ ਹੱਕ ਵਿਚ ਮੁਜ਼ਾਹਰੇ ਕਰਨ ਵਾਲਿਆਂ ਖਿਲਾਫ ਪੁਲਸ ਕਾਰਵਾਈ ਦੀ ਵੀ ਕਰੜੀ ਨਿੰਦਾ ਕੀਤੀ ਹੈ। ਉਹ ਹੈਰਾਨ ਹਨ ਕਿ ਸਦਾ ਫਲਸਤੀਨੀਆਂ ਦੇ ਕਾਜ਼ ਦੀ ਹਮਾਇਤ ਕਰਦੇ ਆਏ ਦੇਸ਼ ਵਿਚ ਇਹ ਦਿਨ ਆ ਗਏ ਹਨ ਕਿ ਹਮਲਾਵਰ ਇਜ਼ਰਾਈਲ ਦਾ ਵਿਰੋਧ ਕਰਨਾ ਵੀ ਜੁਰਮ ਹੋ ਗਿਆ ਹੈ।*

# ਗੰਨਾ, ਪਰਾਲੀ, ਕਿਸਾਨ ਤੇ ਧਰਨੇ

**ਜਗਦੇਵ ਸ਼ਰਮਾ ਬੁਗਰਾ**

ਭਾਰਤ ਖੇਤੀ ਪ੍ਰਧਾਨ ਦੇਸ਼ ਹੈ। ਦੇਸ਼ ਦੀ ਲੱਗਭਗ 61% ਅਬਾਦੀ ਆਪਣੀ ਰੋਜ਼ੀ-ਰੋਟੀ ਲਈ ਖੇਤੀ ਉੱਪਰ ਨਿਰਭਰ ਹੈ ਅਤੇ ਦੇਸ਼ ਦੀ ਕੁੱਲ ਇਨਕਮ ਦਾ ਲੱਗਭੱਗ 25 % ਖੇਤੀ ਖੇਤਰ ਤੋਂ ਆਉਂਦਾ ਹੈ, ਪ੍ਰੰਤੂ ਕਿਸਾਨਾਂ ਨੂੰ ਗਿਲਾ ਰਹਿੰਦਾ ਹੈ ਕਿ ਕਿਸਾਨਾਂ ਦੀਆਂ ਸਮੱਸਿਆਵਾਂ ਪ੍ਰਤੀ ਕਿਸੇ ਵੀ ਸਰਕਾਰ ਨੂੰ ਕੋਈ ਲਗਾਵ ਨਹੀਂ ਹੈ। ਕਰਜ਼ਾ ਮੁਆਫੀ ਦੇ ਲਾਰੇ, ਸਵਾਮੀਨਾਥਨ ਕਮੇਟੀ ਰਿਪੋਰਟ, 2022 ਤੱਕ ਕਿਸਾਨ ਦੀ ਆਮਦਨ ਦੁੱਗਣੀ ਕਰ ਦੇਣਾ ਆਦਿ ਸਿਆਸਤ ਤੋਂ ਪ੍ਰੇਰਤ ਜੁਮਲੇ ਹਨ ਅਤੇ ਹਰ ਇੱਕ ਪਾਰਟੀ ਕਿਸਾਨ ਨੂੰ ਵੋਟ ਬੈਂਕ ਵਜੋਂ ਵਰਤਣਾ ਚਾਹੁੰਦੀ ਹੈ। ਕੇਂਦਰ ਦੀ ਮੋਦੀ ਸਰਕਾਰ ਨੇ 2020 ਵਿੱਚ ਪਹਿਲਾਂ ਅਧਿਆਦੇਸ਼ ਰਾਹੀਂ ਲਿਆਂਦੇ ਤਿੰਨ ਖੇਤੀ ਬਿੱਲਾਂ ਨੂੰ ਬਾਅਦ ਵਿੱਚ ਸੰਸਦ ਕੋਲੋਂ ਪਾਸ ਕਰਵਾ ਕੇ ਇਹਨਾ ਬਿੱਲਾਂ ਦੇ ਕਿਸਾਨ ਹਿਤੈਸ਼ੀ ਹੋਣ ਦਾ ਢੰਡੋਰਾ ਪਿੱਟਿਆ। ਕਿਸਾਨਾਂ ਨੇ ਇਹਨਾ ਬਿੱਲਾਂ ਜਿਹੜੇ ਕੋ-ਅਪ੍ਰੇਟਿਵ ਫਾਰਮਿੰਗ ਦੀ ਬਜਾਏ ਕੰਟਰੈਕਟ ਫਾਰਮਿੰਗ ਦੀ ਵਕਾਲਤ ਕਰਦੇ ਦਿਖਾਈ ਦਿੰਦੇ ਸਨ, ਨੂੰ ਕਿਸਾਨ ਵਿਰੋਧੀ ਦੱਸਦਿਆਂ ਕਾਲੇ ਕਾਨੂੰਨਾਂ ਦਾ ਨਾਂਅ ਦਿੱਤਾ ਅਤੇ ਇਹਨਾਂ ਦੀ ਵਾਪਸੀ ਲਈ ਦੇਸ਼ ਵਿਆਪੀ 32 ਕਿਸਾਨ ਜਥੇਬੰਦੀਆਂ ਨੇ ਸਾਂਝਾ ਕਿਸਾਨ ਮੋਰਚਾ ਬਣਾ ਕੇ ਦਿੱਲੀ ਵਿੱਚ ਓਨਾ ਚਿਰ ਪੱਕਾ ਮੋਰਚਾ ਲਗਾ ਕੇ ਰੱਖਿਆ, ਜਿੰਨਾ ਚਿਰ ਦੇਸ਼ ਦੀ ਸਰਕਾਰ ਨੇ ਇਹ ਬਿੱਲ ਵਾਪਸ ਨਾ ਲੈ ਲਏ। 9 ਅਗਸਤ 2020 ਤੋਂ 11 ਦਸੰਬਰ 2021 ਤੱਕ (1 ਸਾਲ, 4 ਮਹੀਨੇ ਅਤੇ 2 ਦਿਨ) ਚੱਲਿਆ ਇਹ ਮੋਰਚਾ ਆਪਣੇ ਆਪ ਵਿੱਚ ਇਤਿਹਾਸਕ ਹੋ ਨਿੱਬੜਿਆ। ਕੁਝ ਅੰਤਰ-ਰਾਸ਼ਟਰੀ ਬਦਨਾਮੀ ਦੇ ਡਰੋਂ ਅਤੇ ਕੁਝ ਵੋਟ ਬੈਂਕ ਦੇ ਮੱਦੇਨਜ਼ਰ ਸਮੇਂ ਦੀ ਸਰਕਾਰ ਨੇ 19 ਨਵੰਬਰ 21 ਨੂੰ , ਗੁਰਪੁਰਬ ਵਾਲੇ ਦਿਨ ਇਹਨਾਂ ਤਿੰਨੋਂ ਬਿੱਲਾਂ ਦੀ ਵਾਪਸੀ ਦਾ ਐਲਾਨ ਕਰ ਦਿੱਤਾ। ਇਹ ਵੱਖਰੀ ਗੱਲ ਹੈ ਕਿ ਮੋਰਚਾ ਖਤਮ ਕਰਵਾਉਣ ਵੇਲੇ ਕਿਸਾਨ ਜਥੇਬੰਦੀਆਂ ਨਾਲ ਐਮ ਐਸ ਪੀ ਨੂੰ ਕਾਨੂੰਨੀ ਗਰੰਟੀ ਦਿਵਾਉਣਾ, ਬਿਜਲੀ ਸੋਧ ਬਿੱਲ ਵਰਗੇ ਵਾਅਦੇ, ਮੋਰਚੇ ਦੌਰਾਨ ਜਾਨਾ ਗੁਆਉਣ ਵਾਲੇ ਲੱਗਭੱਗ 700 ਕਿਸਾਨਾਂ ਨੂੰ ਮੁਆਵਜ਼ਾ, ਵਾਅਦੇ ਬਣ ਕੇ ਹੀ ਰਹਿ ਗਏ।

ਗੰਨਾ ਅਤੇ ਪਰਾਲੀ, ਜਿਸ ਦੀ ਗੱਲ ਇਸ ਲੇਖ ਦਾ ਸਿਰਲੇਖ ਕਰਦਾ ਹੈ , ਸਿਰਫ ਚਿੰਨ੍ਹਆਤਮਿਕ ਹਨ। ਗੰਨੇ ਦਾ ਭਾਅ ਫਸਲਾਂ ਦੇ ਭਾਅ ਨਿਰਧਾਰਤ ਕਰਨ ਲਈ ਅਤੇ ਪਰਾਲੀ ਦਾ ਨਿਬੇੜਾ ਕਿਸਾਨ ਸਮੱਸਿਆਵਾਂ ਦੇ ਹੱਲ ਦੇ ਤੌਰ 'ਤੇ ਵਰਤੇ ਜਾਣਗੇ। ਦੇਸ਼ ਅੰਦਰ ਲੱਗਭੱਗ 23 ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਹਰ ਸਾਲ ਨਿਰਧਾਰਤ ਕੀਤਾ ਜਾਂਦਾ ਹੈ ਪ੍ਰੰਤੂ ਇਸ ਕੀਮਤ ਉੱਤੇ ਸਿਰਫ 5-7 ਫਸਲਾਂ ਹੀ ਅਤੇ ਉਹ ਵੀ ਚੋਣਵੇਂ ਰਾਜਾਂ ਵਿੱਚ ਖਰੀਦੀਆਂ ਜਾਂਦੀਆਂ ਹਨ। ਕਿਸਾਨਾਂ ਦੀ ਮੰਗ ਹੈ ਕਿ ਸਰਕਾਰ ਸਾਰੀਆਂ ਫਸਲਾਂ ਘੱਟੋ-ਘੱਟ ਸਮਰਥਨ ਮੁੱਲ ਉੱਤੇ ਖਰੀਦਣ ਦੀ ਕਾਨੂੰਨੀ ਗਰੰਟੀ ਦੇਵੇ, ਜਦਕਿ ਸਰਕਾਰ ਹੁਣ ਤੱਕ ਤਾਂ ਟਾਲ-ਮਟੋਲ ਹੀ ਕਰਦੀ ਆਈ ਹੈ। ਗੰਨੇ ਦਾ ਭਾਅ ਵੀ ਵੱਖ-ਵੱਖ ਰਾਜਾਂ ਵਿੱਚ ਵੱਖ-ਵੱਖ ਹੈ। ਪੰਜਾਬ ਦੀ ਸੂਬਾ ਸਰਕਾਰ ਨੇ ਸਟੇਟ ਐਗਰੀਡ ਪ੍ਰਾਈਸ (ਐਸ ਏ ਪੀ ) ਤਹਿਤ 380 ਰੁਪਏ ਪ੍ਰਤੀ ਕੁਇੰਟਲ ਗੰਨਾ ਦੀ ਕੀਮਤ ਫਿਕਸ ਕੀਤੀ ਹੋਈ ਹੈ। ਪਿੱਛੇ ਜਿਹੇ ਹਰਿਆਣੇ ਨੇ ਗੰਨੇ ਦੀ ਕੀਮਤ 386 ਰੁਪਏ ਪ੍ਰਤੀ ਕੁਇੰਟਲ ਫਿਕਸ ਕਰਕੇ ਪਹਿਲ ਕਰ ਦਿੱਤੀ, ਨਤੀਜਨ ਪੰਜਾਬ ਦੇ ਕਿਸਾਨ ਗੰਨੇ ਦੇ ਭਾਅ ਵਿੱਚ ਵਾਧੇ ਲਈ ਸੜਕਾਂ 'ਤੇ ਉੱਤਰ ਆਏ । 24 ਨਵੰਬਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨ ਜਥੇਬੰਦੀਆਂ ਨਾਲ ਮੀਟਿੰਗ ਵਿੱਚ ਗੰਨੇ ਦਾ ਭਾਅ ਸਾਰੇ ਦੇਸ਼ ਨਾਲੋਂ ਵੱਧ ਦੇਣ ਦਾ ਵਾਅਦਾ ਕੀਤਾ।

ਫਸਲਾਂ ਦੇ ਭਾਅ ਦੇ ਨਾਲ ਨਾਲ ਸਰਕਾਰ ਅਤੇ ਕਿਸਾਨਾਂ ਦਰਮਿਆਨ ਰੇੜਕੇ ਦਾ ਵੱਡਾ ਕਾਰਨ ਬਣਦਾ ਹੈ ਪਰਾਲੀ ਨੂੰ ਅੱਗ ਲਾਉਣਾ। ਇਸ ਸੰਕਟ ਦੇ ਵੇਰਵੇ ਸਹਿਤ ਚਰਚਾ ਕਰਨ ਤੋਂ ਪਹਿਲਾਂ ਇੱਕ ਨਜ਼ਰ ਦੇਸ਼ ਵਿੱਚ ਚੌਲਾਂ ਦੀ ਖੇਤੀ 'ਤੇ ਮਾਰ ਲਈ ਜਾਵੇ। ਵਿੱਤੀ ਵਰ੍ਹੇ 2023 ਦੌਰਾਨ ਚੌਲਾਂ ਦੀ ਅਨੁਮਾਨਤ ਪੈਦਾਵਾਰ 130 ਮਿਲੀਅਨ ਟਨ ਤੋਂ ਜ਼ਿਆਦਾ ਹੈ। 2017 ਤੋਂ ਬਾਅਦ ਹਰੇਕ ਸਾਲ ਇਸ ਅੰਕੜੇ ਵਿੱਚ ਵਾਧਾ ਦਰਜ ਕੀਤਾ ਜਾ ਰਿਹਾ ਹੈ । 2020-21 ਦੇ ਸਾਲ ਦੌਰਾਨ ਪੱਛਮੀ ਬੰਗਾਲ, ਉੱਤਰ ਪ੍ਰਦੇਸ਼ ਅਤੇ ਪੰਜਾਬ ਦੇਸ ਵਿੱਚ ਸਭ ਤੋਂ ਵੱਧ ਚੌਲ ਪੈਦਾ ਕਰਨ ਵਾਲੇ ਪ੍ਰਦੇਸ਼ ਸਨ।

ਦੇਸ਼ ਦੀ ਕੁੱਲ ਪੈਦਾਵਾਰ ਦਾ ਲੱਗਭੱਗ 36% ਇਹਨਾ ਤਿੰਨ ਪ੍ਰਦੇਸ਼ਾਂ ਤੋਂ ਆਇਆ ਸੀ, ਜਿਸ ਵਿੱਚ ਪੱਛਮੀ ਬੰਗਾਲ ਦਾ ਹਿੱਸਾ 13.62%, ਜਦਕਿ ਉੱਤਰ ਪ੍ਰਦੇਸ਼ ਅਤੇ ਪੰਜਾਬ ਦਾ ਯੋਗਦਾਨ ਕ੍ਰਮਵਾਰ 12.81 % ਅਤੇ 9.96 % ਰਿਹਾ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੁੱਲ ਚਾਵਲ ਦੇ ਲੱਗਭੱਗ 10% ਹਿੱਸੇਦਾਰ ਯਾਨੀ ਕਿ ਪੰਜਾਬ ਨੂੰ ਹੀ ਸਾਰੀ ਬਿਮਾਰੀ ਦੀ ਜੜ੍ਹ ਕਿਉਂ ਮੰਨਿਆ ਜਾ ਰਿਹਾ ਹੈ। ਪਰਾਲੀ ਦੇ ਧੂੰਏਂ ਦੇ ਖਿਲਾਫ ਵਾ ਵੇਲੇ ਤੋਂ ਇੱਕ ਨਤੀਜਾ ਜ਼ਰੂਰ ਨਿਕਲਦਾ ਹੈ ਕਿ ਪੰਜਾਬ ਦਾ ਧੂੰਆਂ ਪੰਜਾਬ ਦਾ ਕਿੰਨਾ ਨੁਕਸਾਨ ਕਰਦਾ ਹੈ, ਇਸ ਦੀ ਚਿੰਤਾ ਸ਼ਾਇਦ ਕਿਸੇ ਨੂੰ ਨਹੀਂ, ਸਗੋਂ ਪੰਜਾਬ ਦਾ ਧੂੰਆਂ ਦਿੱਲੀ ਵਿੱਚ ਕਿੰਨਾ ਅਸਰਅੰਦਾਜ਼ ਹੁੰਦਾ ਹੈ, ਉਸ ਦੀ ਚਿੰਤਾ ਸਭ ਨੂੰ ਹੈ। ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਪੁੱਛਦੇ ਹਨ ਕਿ ਕੀ ਪੰਜਾਬ ਟਰੱਕਾਂ ਵਿੱਚ ਧੂੰਆਂ ਭਰ-ਭਰ ਕੇ ਦਿੱਲੀ ਨੂੰ ਭੇਜਦਾ ਹੈ ?

ਕੀ ਪਰਾਲੀ ਦੇ ਧੂੰਏਂ ਲਈ ਪੰਜਾਬ ਦਾ ਕਿਸਾਨ ਹੀ ਜ਼ਿੰਮੇਵਾਰ ਹੈ। ਸ਼ਾਇਦ ਨਹੀਂ, ਕਿਸਾਨਾਂ ਦਾ ਕਹਿਣਾ ਹੈ ਕਿ ਸਾਲ ਵਿੱਚੋਂ ਸਿਰਫ ਇੱਕ ਮਹੀਨਾ ਪਰਾਲੀ ਦਾ ਧੂੰਆਂ ਹੁੰਦਾ ਹੈ, ਜਦਕਿ ਫੈਕਟਰੀਆਂ ਅਤੇ ਸੜਕਾਂ ਉੱਤੇ ਭੱਜੇ ਫਿਰਦੇ ਲੱਖਾਂ, ਕਰੋੜਾਂ ਵਾਹਨ ਸਾਲ ਭਰ ਧੂੰਆਂ ਵੰਡਦੇ ਰਹਿੰਦੇ ਹਨ। ਸਮੇਂ-ਸਮੇਂ ਦੀਆਂ ਸਰਕਾਰਾਂ, ਸਾਲ ਵਿੱਚ ਸਿਰਫ ਇੱਕ ਡੇਢ ਮਹੀਨਾ ਰੌਲਾ ਪਾ ਕੇ ਬਾਕੀ ਸਾਰਾ ਸਾਲ ਸਿਰਾਹਣੇ ਬਾਂਹ ਧਰ ਕੇ ਸੌਂ ਜਾਂਦੀਆਂ ਹਨ।

ਬਿਨਾਂ ਕੋਈ ਬਹਿਸ ਦੇ ਕਹਿ ਸਕਦੇ ਹਾਂ ਕਿ ਜੇਕਰ ਝੋਨਾ ਹੈ ਤਾਂ ਪਰਾਲੀ ਹੈ, ਪਰਾਲੀ ਹੈ ਤਾਂ ਅੱਗ ਦਾ ਧੂੰਆਂ ਹੈ, ਧੂੰਆਂ ਹੈ ਤਾਂ ਪ੍ਰਦੂਸ਼ਤ ਵਾਤਾਵਰਣ ਹੈ, ਪ੍ਰਦੂਸ਼ਤ ਵਾਤਾਵਰਣ ਹੈ ਤਾਂ ਬਿਮਾਰੀਆਂ ਹਨ। ਕਿਸਾਨ ਇਹ ਵੀ ਜਾਣਦੇ ਹਨ ਕਿ ਉਨ੍ਹਾਂ ਦੇ ਘਰਾਂ ਵਿੱਚ ਵੀ ਬੱਚੇ, ਬੁੱਢੇ ਅਤੇ ਬਿਮਾਰ ਹਨ, ਜਿਹੜੇ ਕਿ ਧੂੰਏਂ ਕਾਰਨ ਤਕਲੀਫ ਝੱਲਦੇ ਹਨ। ਝੋਨਾ ਅਤੇ ਕਣਕ ਉੱਪਰ ਦਵਾਈਆਂ ਦੇ ਛਿੜਕਾਅ ਕਾਰਨ ਅੰਤਾਂ ਦੀ ਖਾਦ ਦੀ ਵਰਤੋਂ ਕਾਰਨ ਅਤੇ ਧਰਤੀ ਹੇਠ ਵਾਲੇ ਪਾਣੀ ਦੀ ਲੋੜੋਂ ਵੱਧ ਵਰਤੋਂ ਕਰਨ ਨਾਲ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਸਵਾਲਾਂ ਦਾ ਸਵਾਲ ਹੈ ਕਿ ਇਸ ਦਾ ਹੱਲ ਕੀ ਹੈ ? ਸਾਰੇ ਹੀ ਜਾਣਦੇ ਹਨ ਕਿ ਸਿਰਫ ਅਤੇ ਸਿਰਫ ਦੋ ਹੀ ਹੱਲ ਹਨ। ਪਹਿਲਾ, ਫਸਲੀ ਵਿਭਿੰਨਤਾ, ਦੂਜਾ ਬਿਨਾਂ ਜਲਾਏ ਪਰਾਲੀ ਦਾ 100 % ਬਦਲਵਾਂ ਉਪਯੋਗ।

ਫਸਲੀ ਵਿਭਿੰਨਤਾ ਦੀ ਗੱਲ ਕਰਦਿਆਂ ਕਿਸਾਨ ਨੂੰ ਬਦਲਵਾਂ ਪ੍ਰਬੰਧ ਤਾਂ ਹੀ ਮਨਜ਼ੂਰ ਹੋਵੇਗਾ, ਜੇਕਰ ਇਹ ਉਸ ਦੀ ਆਮਦਨ ਨੂੰ ਅਸਰੰਦਾਜ਼ ਨਾ ਕਰਦਾ ਹੋਵੇ। ਅਜਿਹਾ ਸੰਭਵ ਹੋਵੇਗਾ ਜੇਕਰ ਸਰਕਾਰਾਂ ਸਾਰੀਆਂ ਫਸਲਾਂ ਉੱਤੇ ਸਵਾਮੀਨਾਥਨ ਦੀ ਰਿਪੋਰਟ ਮੁਤਾਬਿਕ ਭਾਅ ਦੇਣ ਦੀ ਗਰੰਟੀ ਕਰਨ। ਦੂਜਾ , ਪਰਾਲੀ ਦੇ ਬਦਲਵੇਂ ਉਪਯੋਗ ਲਈ ਸਨਅਤ ਦੀ ਲੋੜ ਪਵੇਗੀ ਅਤੇ ਸਨਅਤ ਲਈ ਪੈਸੇ ਦੀ, ਕਿਉਂਕਿ ਘੱਟੋ-ਘੱਟ ਸਮਰਥਨ ਮੁੱਲ ਰਾਜ ਸਰਕਾਰਾਂ ਤੈਅ ਨਹੀਂ ਕਰਦੀਆਂ ਅਤੇ ਪਰਾਲੀ ਦੇ ਬਦਲਵੇਂ ਪ੍ਰਬੰਧ ਲਈ ਉਨ੍ਹਾਂ ਕੋਲ ਆਰਥਕ ਸਰੋਤ ਸੀਮਤ ਹਨ, ਇਸ ਲਈ ਦੋਵੇਂ ਕੇਸਾਂ ਵਿੱਚ ਹੀ ਰਾਜ ਸਰਕਾਰਾਂ ਦੀ ਭੂਮਿਕਾ ਨਾਮਾਤਰ ਹੋ ਕੇ ਰਹਿ ਜਾਂਦੀ ਹੈ। ਦੂਜੇ ਬੰਨੇ, ਖੇਤੀਬਾੜੀ ਖੇਤਰ ਵਰਤਮਾਨ ਕੇਂਦਰੀ ਸਰਕਾਰ ਦੀ ਪਹਿਲ ਵਿੱਚ ਸ਼ਾਮਲ ਹੀ ਨਹੀਂ, ਇਸ ਲਈ ਉਹ ਟਾਲ-ਮਟੋਲ ਦੀ ਨੀਤੀ ਅਪਣਾਉਂਦੀ ਹੈ। ਅਖੀਰ ਵਿੱਚ ਕਹਿ ਸਕਦੇ ਹਾਂ ਕਿ 'ਵਹੀ ਢਾਕ ਕੇ ਤੀਨ ਪਾਤ' ਯਾਨੀ ਕਿ ਸਮੱਸਿਆ ਜਿਉਂ ਦੀ ਤਿਉਂ। ਕੀ ਇੱਕ ਵਫਦ ਤਰੱਕੀ ਸ਼ੁਦਾ ਦੇਸ਼ਾਂ ਵਿੱਚ ਭੇਜ ਕੇ ਉਥੇ ਪਰਾਲੀ ਦੇ ਨਿਪਟਾਰੇ ਵਾਲਾ ਹੱਲ ਇੱਥੇ ਅਸੀਂ ਨਹੀਂ ਅਪਣਾ ਸਕਦੇ? ਮੰਤਰਾਲੇ ਦੇ ਅੰਕੜਿਆਂ ਅਨੁਸਾਰ ਫਸਲੀ ਵਿਭਿੰਨਤਾ ਅਪਣਾਉਣ ਲਈ ਕੀਤੇ ਗਏ ਉਪਰਾਲਿਆਂ ਦੇ ਨਤੀਜੇ ਬੜੇ ਹੀ ਨਿਰਾਸ਼ਾਜਨਕ ਹਨ। ਬਿਹਾਰ 'ਚ ਝੋਨੇ ਦੇ ਰਕਬੇ 'ਚ ਪੰਜ ਲੱਖ ਹੈਕਟੇਅਰ, ਛੱਤੀਸਗੜ੍ਹ 'ਚ (4.66 ਲੱਖ ਹੈਕਟੇਅਰ), ਝਾਰਖੰਡ (1.82 ਲੱਖ ਹੈਕਟੇਅਰ), ਪੱਛਮੀ ਬੰਗਾਲ (1.56 ਲੱਖ ਹੈਕਟੇਅਰ), ਮੱਧ ਪ੍ਰਦੇਸ਼ (1.48 ਲੱਖ ਹੈਕਟੇਅਰ), ਹਰਿਆਣਾ (1.29 ਲੱਖ ਹੈਕਟੇਅਰ), ਉੱਤਰ ਪ੍ਰਦੇਸ਼ (1.21 ਲੱਖ ਹੈਕਟੇਅਰ), ਤੇਲੰਗਾਨਾ (33,000 ਹੈਕਟੇਅਰ) ਅਤੇ ਪੰਜਾਬ (31,000 ਹੈਕਟੇਅਰ) ਦਾ ਵਾਧਾ ਹੋਇਆ ਹੈ।

ਸਿਰਫ ਦੋ ਰਾਜਾਂ, ਕਰਨਾਟਕ 'ਚ ਝੋਨੇ ਹੇਠਲਾ ਰਕਬਾ 1.67 ਲੱਖ ਹੈਕਟੇਅਰ ਘਟਿਆ ਹੈ ਅਤੇ ਆਂਧਰਾ ਪ੍ਰਦੇਸ਼ 'ਚ 1.21 ਲੱਖ ਹੈਕਟੇਅਰ ਰਕਬਾ ਘਟਿਆ ਹੈ। ਲੰਘੇ ਸਾਉਣੀ ਸੀਜ਼ਨ ਦੌਰਾਨ ਪੰਜਾਬ ਭਰ ਦੇ ਕਿਸਾਨਾਂ ਨੇ ਬਾਸਮਤੀ ਸਮੇਤ 30.84 ਲੱਖ ਹੈਕਟੇਅਰ (75 ਲੱਖ ਏਕੜ) ਰਕਬੇ ਵਿੱਚ ਝੋਨਾ ਲਾਇਆ ਸੀ ਜਦਕਿ ਪਿਛਲੇ ਸਾਲ ਇਹ 31.41 ਲੱਖ ਹੈਕਟੇਅਰ ਸੀ, ਮਤਲਬ ਸਿਰਫ 1.81% ਘੱਟ।

ਉਪਰੋਕਤ ਨਾਲ ਹੀ ਨੇੜਿਓਂ ਜੁੜਿਆ ਹੋਇਆ ਮੁੱਦਾ ਹੈ, ਕਿਸਾਨਾਂ ਦੇ ਧਰਨਿਆਂ ਦਾ। ਆਮ ਜਨਤਾ ਮਹਿਸੂਸ ਕਰਦੀ ਹੈ ਕਿ ਦਿੱਲੀ ਵਾਲੇ ਮੋਰਚੇ ਦੀ ਸਫਲਤਾ ਤੋਂ ਬਾਅਦ ਧਰਨਿਆਂ ਦਾ ਵਰਤਾਰਾ ਆਮ ਹੋ ਗਿਆ ਹੈ ਅਤੇ ਬਦਲਵੇਂ ਰੂਪ ਵਿੱਚ ਲੋਕਾਂ ਦੇ ਪੇਸ਼ ਆਉਣ ਲੱਗਿਆ ਹੈ । ਕੋਈ ਦਿਨ ਨਹੀਂ ਜਾਂਦਾ ਜਿਸ ਦਿਨ ਪੰਜਾਬ ਦੇ ਕਿਸੇ ਕੋਨੇ ਵਿੱਚ ਨੈਸ਼ਨਲ ਹਾਈਵੇ ਉੱਪਰ ਧਰਨਾ ਲਾ ਕੇ ਕਿਸਾਨਾਂ ਨੇ ਚੱਕਾ ਜਾਮ ਨਹੀਂ ਕੀਤਾ ਹੁੰਦਾ। ਛੋਟੇ-ਛੋਟੇ ਸਥਾਨਕ ਮੁੱਦਿਆਂ ਉੱਪਰ ਵੀ ਰੇਲ ਪਟੜੀਆਂ ਉੱਤੇ ਬੈਠ ਕੇ ਰੇਲਾਂ ਰੋਕਣਾ ਆਮ ਹੀ ਹੋ ਗਿਆ ਹੈ।

ਇਹਨਾਂ ਧਰਨਿਆਂ ਅਤੇ ਚੱਕਾ ਜਾਮ ਪ੍ਰਤੀ ਦੋ ਵੱਖੋ-ਵੱਖਰੇ ਮੱਤ ਹਨ। ਇੱਕ ਮੱਤ ਹੈ ਧਰਨੇ ਲਾਉਣ ਵਾਲੇ ਕਿਸਾਨਾਂ ਦਾ ਅਤੇ ਦੂਜਾ ਮੱਤ ਹੈ ਆਮ ਜਨਤਾ ਦਾ, ਜਿਹੜੀ ਆਪਣੇ ਆਪ ਨੂੰ ਪੀੜਤ ਧਿਰ ਕਹਿੰਦੀ ਹੈ। ਕਿਸਾਨਾਂ ਦਾ ਮੰਨਣਾ ਹੈ ਕਿ ਰੋਏ ਬਿਨਾ ਤਾਂ ਮਾਂ ਵੀ ਬੱਚੇ ਨੂੰ ਦੁੱਧ ਨਹੀਂ ਚੁੰਘਾਉਂਦੀ ਅਤੇ ਧਰਨਿਆਂ ਤੋਂ ਤਰਾਸਦ ਜਨਤਾ ਦਾ ਕਹਿਣਾ ਹੈ ਕਿ ਆਮ ਜਨਤਾ ਦਾ ਰਾਹ ਰੋਕ ਕੇ ਕਿਸਾਨ ਕਿਸ ਦੀ ਭਲਾਈ ਕਰ ਰਹੇ ਹੁੰਦੇ ਹਨ ? ਕਿਸੇ ਨੇ ਮਰੀਜ਼ ਲੈ ਕੇ ਜਾਣਾ ਹੁੰਦਾ ਹੈ, ਕਿਸੇ ਨੇ ਖੁਸ਼ੀ-ਗਮੀ ਵਿੱਚ ਸ਼ਰੀਕ ਹੋਣ ਜਾਣਾ ਹੁੰਦਾ ਹੈ, ਕਿਸੇ ਵਿਦਿਆਰਥੀ ਨੇ ਪੇਪਰ ਦੇਣ ਜਾਣਾ ਹੁੰਦਾ ਹੈ, ਕੋਈ ਮੁਸ਼ਕਲ ਨਾਲ ਮਿਲਣ ਵਾਲੀ ਨੌਕਰੀ ਲਈ ਇੰਟਰਵਿਊ ਦੇਣ ਜਾ ਰਿਹਾ ਹੁੰਦਾ ਹੈ। ਇਹ ਤੋਂ ਇਲਾਵਾ ਕਈ ਤਰ੍ਹਾਂ ਦੀ ਹੋਰ ਵੀ ਕੋਈ ਐਮਰਜੈਂਸੀ ਹੋ ਸਕਦੀ ਹੈ। ਐਵੇਂ ਹੀ ਕਿਸੇ ਨੂੰ ਸੜਕਾਂ ਉੱਪਰ ਗੱਡੀਆਂ ਭਜਾ ਕੇ ਤੇਲ ਫੂਕਣ ਦਾ ਝੱਲ ਤਾਂ ਚੜ੍ਹਿਆ ਨਹੀਂ ਹੁੰਦਾ। ਕਈ ਜਗ੍ਹਾ ਦੋਵੇਂ ਧਿਰਾਂ ਵਿੱਚ ਟਕਰਾਓ ਦੀ ਸਥਿਤੀ ਬਣ ਜਾਂਦੀ ਹੈ। ਉਦਾਹਰਣ ਦੇ ਤੌਰ 'ਤੇ ਛੇ ਕੁ ਮਹੀਨੇ ਪਹਿਲਾਂ ਇੱਕ ਅਜਿਹੇ ਹੀ ਧਰਨਾ ਸਥਾਨ ਉੱਪਰ ਇੱਕ ਔਰਤ ਦਾ ਦੁੱਹਥੜੀ ਪਿੱਟਦੀ ਦਾ ਵੀਡਿਓ ਬੜਾ ਵਾਇਰਲ ਹੋਇਆ ਸੀ। ਕਿਸਾਨ ਯੂਨੀਅਨਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਦੀਆਂ ਜਨਤਾ ਨੂੰ ਤਕਲੀਫਦੇਹ ਹਰਕਤਾਂ ਜਨਤਾ ਦੀ ਹਮਦਰਦੀ ਖੋ ਲੈਂਦੀਆਂ ਹਨ। ਇਹ ਵੀ ਇੱਕ ਸੱਚਾਈ ਹੈ ਕਿ ਦਿੱਲੀ ਵਾਲਾ ਮੋਰਚਾ ਬਿਨਾਂ ਕਿਸੇ ਜਾਤ, ਧਰਮ ਜਾਂ ਲਿੰਗ-ਭੇਦ ਦੇ ਸਮੁੱਚੇ ਪੰਜਾਬੀਆਂ ਦੇ ਸਹਿਯੋਗ ਨਾਲ ਹੀ ਕਾਮਯਾਬ ਹੋ ਸਕਿਆ ਸੀ।

ਬੀਤੀ 24 ਨਵੰਬਰ ਨੂੰ ਕਿਸਾਨ ਜਥੇਬੰਦੀਆਂ ਨਾਲ ਮੀਟਿੰਗ ਵਿੱਚ ਪੰਜਾਬ ਦੇ ਮੁੱਖ ਮੰਤਰੀ ਨੇ ਪਰਾਲੀ ਨਾ ਫੂਕਣ ਅਤੇ ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹਤ ਕਰਨ ਲਈ ਕਿਸਾਨਾਂ ਨੂੰ ਵਿੱਤੀ ਲਾਭ ਦੇਣ ਦੀ ਵਕਾਲਤ ਕੀਤੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਬਦਲਵੀਆਂ ਫ਼ਸਲਾਂ ਉਤੇ ਵੀ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਦਿੱਤਾ ਜਾਵੇ ਤਾਂ ਕਿ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਹੋਵੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨਾਲ ਕਿਸਾਨ ਕਣਕ ਤੇ ਝੋਨੇ ਦੇ ਫ਼ਸਲੀ ਚੱਕਰ ਵਿੱਚੋਂ ਨਿਕਲਣ ਲਈ ਉਤਸ਼ਾਹਤ ਹੋਣਗੇ ਅਤੇ ਉਨ੍ਹਾਂ ਦੀ ਆਮਦਨ ਵੀ ਵਧੇਗੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਪਰਾਲੀ ਫੂਕਣ ਦੀ ਸਮੱਸਿਆ ਖ਼ਤਮ ਕਰਨ ਲਈ ਕੋਈ ਟਿਕਾਊ ਹੱਲ ਲੱਭਣ ਲਈ ਦਖ਼ਲ ਦੇਵੇ, ਕਿਉਂਕਿ ਇਹ ਹੁਣ ਪੂਰੇ ਉੱਤਰ ਭਾਰਤ ਅਤੇ ਮੱਧ ਭਾਰਤ ਦੀ ਸਮੱਸਿਆ ਹੈ। ਮੁੱਖ ਮੰਤਰੀ ਨੇ ਸਪੱਸ਼ਟ ਆਖਿਆ ਕਿ ਪੰਜਾਬ ਨੇ ਅਨਾਜ ਉਤਪਾਦਨ ਵਿੱਚ ਮੁਲਕ ਨੂੰ ਆਤਮ ਨਿਰਭਰ ਬਣਾਇਆ ਅਤੇ ਕੇਂਦਰ ਸਰਕਾਰ ਨੂੰ ਇਸ ਮਸਲੇ ਉਤੇ ਸੂਬੇ ਦੇ ਮਿਹਨਤੀ ਕਿਸਾਨਾਂ ਨੂੰ ਆਪਣੇ ਰਹਿਮੋ-ਕਰਮ ਉਤੇ ਨਹੀਂ ਛੱਡ ਦੇਣਾ ਚਾਹੀਦਾ। ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਨੂੰ ਖੇਤੀਬਾੜੀ ਨੂੰ ਲਾਹੇਵੰਦਾ ਧੰਦਾ ਬਣਾਉਣ ਲਈ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ। ਕਿਸਾਨ ਜਥੇਬੰਦੀਆਂ ਨੂੰ ਸਲਾਹ ਦਿੰਦਿਆਂ ਮੁੱਖ ਮੰਤਰੀ ਨੇ ਆਮ ਜਨਤਾ ਦੀ ਨਰਾਜ਼ਗੀ ਨਾ ਸਹੇੜਨ ਦੀ ਨਸੀਹਤ ਵੀ ਦਿੱਤੀ ਹੈ।

*# ਸੰਪਰਕ : 98727-87243*

# ਪਰਾਲੀ ਸਾੜਨ ਸੰਬੰਧੀ ਕਿਸਾਨਾਂ ਨੂੰ ਜਾਗਰੂਕ ਕਰਨ ਦੀ ਲੋੜ

**ਮੇਜਰ ਸਿੰਘ ਨਾਭਾ**

ਉੱਤਰੀ ਭਾਰਤ ਵਿੱਚ ਪ੍ਰਦੂਸ਼ਣ ਦੀ ਸਮੱਸਿਆ ਭਾਵੇਂ ਗੰਭੀਰ ਬਣੀ ਹੋਈ ਹੈ, ਉਹ ਵੀ ਜ਼ਿਆਦਾ ਰਾਜਧਾਨੀ ਦਿੱਲੀ ਵਿੱਚ ਹੈ। ਪੰਜਾਬ ਅੰਦਰ ਵਾਤਾਵਰਣ ਦੀ ਸੁਰੱਖਿਆ ਲਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਸਥਾਪਨਾ 1975 ਵਿੱਚ ਹੋਈ। ਇਸ ਦਾ ਮੁੱਖ ਦਫਤਰ ਪਟਿਆਲਾ ਵਿਖੇ ਕੰਮ ਕਰ ਰਿਹਾ ਹੈ। ਪ੍ਰਦੂਸ਼ਣ 'ਤੇ ਕੰਟਰੋਲ ਕਰਨ ਲਈ ਸਮੇਂ ਦੀ ਲੋੜ ਮੁਤਾਬਕ ਨਵੇਂ-ਨਵੇਂ ਕਾਨੂੰਨ ਹੋਂਦ 'ਚ ਆਉਂਦੇ ਰਹਿੰਦੇ ਹਨ। ਇਨ੍ਹਾਂ ਨੂੰ ਲਾਗੂ ਕਰਵਾਉਣ ਦਾ ਕੰਮ ਪ੍ਰਦੂਸ਼ਣ ਕੰਟਰੋਲ ਬੋਰਡ ਦਾ ਹੈ। ਪ੍ਰਦੂਸ਼ਣ ਕਈ ਕਿਸਮ ਦਾ ਹੈ, ਪਰ ਹਵਾ ਦਾ ਪ੍ਰਦੂਸ਼ਣ ਸਿਹਤ ਲਈ ਬਹੁਤ ਹਾਨੀਕਾਰਕ ਹੈ। ਇਸ ਨਾਲ ਸਾਹ, ਦਿਲ ਦੀਆਂ ਬਿਮਾਰੀਆਂ ਵਾਲੇ ਨੂੰ ਮਰੀਜ਼ਾਂ ਲਈ ਦਿੱਕਤ ਤਾਂ ਆਉਂਦੀ ਹੀ ਹੈ, ਪਰ ਆਮ ਲੋਕਾਂ ਨੂੰ ਇਹ ਬਿਮਾਰੀਆਂ ਵੀ ਆਪਣੀ ਪਕੜ 'ਚ ਲੈ ਲੈਂਦੀਆਂ ਹਨ। ਬਹੁਤ ਸਾਰੇ ਲੋਕ ਸਾਹ ਦੀਆਂ ਬਿਮਾਰੀਆਂ ਨਾਲ ਪੀੜਤ ਹੋਣ ਕਰਕੇ ਹੋਰ ਵੀ ਔਖ ਮਹਿਸੂਸ ਕਰਨ ਲੱਗਦੇ ਹਨ। ਆਮ ਲੋਕਾਂ ਨੂੰ ਵੀ ਕਈ ਬਿਮਾਰੀਆਂ ਡਾਕਟਰਾਂ ਕੋਲ ਪਹੁੰਚਾ ਦਿੰਦੀਆਂ ਹਨ। ਮਰੀਜ਼ਾਂ ਦੀ ਗਿਣਤੀ ਇਨ੍ਹਾਂ ਦਿਨਾਂ 'ਚ ਵਧ ਜਾਂਦੀ ਹੈ। ਵੱਡੇ ਸ਼ਹਿਰਾਂ ਵਿੱਚ ਪ੍ਰਦੂਸ਼ਣ ਦੀ ਸਮੱਸਿਆ ਕਾਰਨ ਘਰੋਂ ਬਾਹਰ ਨਿਕਲਣਾ ਔਖਾ ਹੁੰਦਾ ਹੈ। ਦੀਵਾਲੀ ਦੇ ਦਿਨਾਂ ਵਿੱਚ ਇੱਕ ਤਾਂ ਪਰਾਲੀ ਸਾੜਨ ਕਰਕੇ ਹਵਾ ਪਲੀਤ ਹੋ ਜਾਂਦੀ ਹੈ, ਦੂਸਰਾ ਦੀਵਾਲੀ ਵਾਲੇ ਦਿਨ ਆਤਿਸ਼ਬਾਜ਼ੀ ਚਲਾਉਣ ਨਾਲ ਹਵਾ ਵਧੇਰੇ ਦੂਸ਼ਿਤ ਹੋ ਜਾਂਦੀ ਹੈ। ਦੀਵਾਲੀ ਮੌਕੇ ਦਿੱਲੀ ਦੁਨੀਆ ਦਾ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਬਣ ਗਿਆ ਹੈ, ਹਾਲਾਂ ਕਿ ਪਟਾਕਿਆਂ ਨੂੰ ਚਲਾਉਣ ਉੱਪਰ ਪਾਬੰਦੀ ਲਾਈ ਗਈ ਸੀ। ਸੁਪਰੀਮ ਕੋਰਟ ਨੇ ਇਸ ਵਧ ਰਹੇ ਪ੍ਰਦੂਸ਼ਣ ਨੂੰ ਰੋਕਣ ਲਈ ਸਖਤ ਰੁਖ ਅਪਣਾਇਆ, ਪਰ ਸਰਕਾਰਾਂ ਦੀ ਸਖਤੀ ਢਿੱਲੀ ਨਜ਼ਰ ਆਈ। ਇਸ ਸਾਲ ਕਈ ਕਾਰਨਾਂ ਕਰਕੇ ਪੰਜਾਬ ਦੇ ਕਈ ਸ਼ਹਿਰਾਂ ਅੰਮ੍ਰਿਤਸਰ, ਲੁਧਿਆਣਾ, ਖੰਨਾ, ਮੰਡੀ ਗੋਬਿੰਦਗੜ੍ਹ ਅਤੇ ਪਟਿਆਲਾ ਵਿੱਚ ਦੀਵਾਲੀ ਦੌਰਾਨ ਏ ਕਿਊ ਆਈ ਦਾ ਪੱਧਰ 2022 ਦੇ ਮੁਕਾਬਲੇ ਘੱਟ ਰਿਹਾ ਹੈ, ਜੋ ਪੰਜਾਬ ਲਈ ਸ਼ੁੱਭ ਸ਼ਗਨ ਜਾਪਦਾ ਹੈ। ਧਾਰਮਿਕ ਸੰਸਥਾਵਾਂ ਨੂੰ ਵੀ ਵਿਸ਼ੇਸ਼ ਦਿਨਾਂ ਨੂੰ ਮਨਾਉਂਦੇ ਸਮੇਂ ਪਟਾਕਿਆ ਤੋਂ ਪ੍ਰਹੇਜ਼ ਰੱਖ ਕੇ ਰੌਸ਼ਨੀਆਂ ਨਾਲ ਖੁਸ਼ੀ ਜ਼ਾਹਿਰ ਕਰਨ ਨੂੰ ਤਰਜੀਹ ਕਰਨੀ ਚਾਹੀਦੀ ਹੈ। ਇਸੇ ਤਰ੍ਹਾਂ ਵਿਆਹਾਂ, ਸ਼ੋਭਾ ਯਾਤਰਾਵਾਂ, ਨਗਰ ਕੀਰਤਨ ਆਦਿ ਸਮੇਂ ਪਟਾਕਿਆਂ ਦੀ ਵਰਤੋਂ ਨੂੰ ਵੀ ਘਟਾਏ ਜਾਣ ਦੀ ਲੋੜ ਹੈ, ਜਿਸ ਦਾ ਰੁਝਾਨ ਪਿਛਲੇ ਦਹਾਕਿਆਂ ਤੋਂ ਵਧਦਾ ਆ ਰਿਹਾ ਹੈ। ਪਰਾਲੀ ਨੂੰ ਸਾਂਭਣ ਦੇ ਖੇਤਾਂ ਵਿੱਚ ਪਈਆਂ ਪਰਾਲੀ ਦੀਆਂ ਬੰਨ੍ਹੀਆਂ ਗੱਠਾਂ ਤੋਂ ਪਤਾ ਲੱਗਦਾ ਹੈ ਕਿ ਇਸ ਸਾਲ ਕਿਸਾਨ ਜਾਗਰੂਕ ਹੋਏ ਹਨ, ਭਾਵੇਂ ਪਰਾਲੀ ਸਾੜਨ ਵਾਲਿਆਂ ਵਿਰੁੱਧ ਕੇਸ ਦਰਜ ਵੀ ਕੀਤੇ ਜਾ ਰਹੇ ਹਨ, ਉਨ੍ਹਾਂ ਲਈ ਮਿਲਦੀਆਂ ਸਬਸਿਡੀਆਂ, ਹੋਰ ਸਹੂਲਤਾਂ ਆਦਿ ਨਾ ਮਿਲਣ ਦੀ ਸਰਕਾਰ ਵੱਲੋਂ ਚਿਤਾਵਨੀ ਦਾ ਅਸਰ ਵੀ ਪਵੇਗਾ। ਜੇਕਰ ਸਰਕਾਰ ਕਿਸਾਨਾਂ ਨਾਲ ਤਾਲਮੇਲ ਬਣਾ ਕੇ ਚਲੇਗੀ ਤਾਂ ਜ਼ਰੂਰ ਭਵਿੱਖ 'ਚ ਪਰਾਲੀ ਦੇ ਮਸਲੇ ਨੂੰ ਜਲਦੀ ਹੱਲ ਕਰ ਲਿਆ ਜਾਵੇਗਾ।

ਸਰਕਾਰ ਨੇ ਪਹਿਲਕਦਮੀ ਕਰਦਿਆਂ ਐਗਰੋ ਇੰਡਸਟਰੀ ਨਾਲ ਰਾਬਤਾ ਬਣਾ ਕੇ ਪਰਾਲੀ ਨੂੰ ਸਾਂਭਣ ਵਾਲੀਆਂ ਮਸ਼ੀਨਾਂ ਬਣਾ ਕੇ ਕਿਸਾਨਾਂ ਲਈ ਸਬਸਿਡੀ ਉੱਪਰ ਦੇਣ ਲਈ ਉਪਰਾਲਾ ਕੀਤਾ ਹੈ। ਇਸ ਨਾਲ ਕਾਫੀ ਫਰਕ ਪੈ ਰਿਹਾ ਹੈ। ਪੰਜਾਬ ਦਾ ਕਿਸਾਨ ਉਂਝ ਵੀ ਅਗਾਂਹਵਧੂ ਸੋਚ ਦਾ ਧਾਰਨੀ ਹੈ, ਹਰੇਕ ਖੇਤਰ 'ਚ ਕ੍ਰਾਂਤੀ ਲਿਆ ਦਿੰਦਾ ਹੈ। ਕੁਝ ਕਿਸਾਨ ਪਰਾਲੀ ਸਾੜਨ ਦੀ ਬਜਾਏ ਸਿੱਧੀ ਬਿਜਾਈ ਕਰਕੇ ਵਧੀਆ ਫਸਲ ਪ੍ਰਾਪਤ ਕਰ ਰਹੇ ਹਨ, ਉਨ੍ਹਾਂ ਨੂੰ ਸਰਕਾਰ ਵੱਲੋਂ ਸਨਮਾਨਤ ਵੀ ਕੀਤਾ ਜਾ ਰਿਹਾ, ਜੋ ਹੋਰਾ ਕਿਸਾਨਾਂ ਲਈ ਮਾਰਗ-ਦਰਸ਼ਕ ਦਾ ਕੰਮ ਕਰ ਰਹੇ ਹਨ। ਆਸ ਹੈ ਕਿ ਅਗਲੇ ਸਾਲਾਂ ਵਿੱਚ ਪਰਾਲੀ ਸਾੜਨ ਦਾ ਰੁਝਾਨ ਘਟੇਗਾ। ਇਸ ਵਾਰ ਕੁਦਰਤ ਨੇ ਵੀ ਰਹਿਮ ਕੀਤਾ ਹੈ, ਦੀਵਾਲੀ ਤੋਂ ਪਹਿਲਾਂ ਪੰਜਾਬ ਅੰਦਰ ਕਈ ਦਿਨ ਬਾਰਸ਼ ਹੋਣ ਕਰਕੇ ਹਵਾ ਵਿਚਲਾ ਪ੍ਰਦੂਸ਼ਣ ਘਟ ਗਿਆ ਸੀ। ਇਸ ਵਾਰ ਸਰਕਾਰ ਨੇ ਵੀ ਪੁਲਸ ਦੀ ਤਾਕਤ ਨਾਲ ਕਾਫੀ ਪਰਾਲੀ ਨੂੰ ਅੱਗ ਲਾਉਣ ਦੀਆਂ ਘਟਨਾਵਾਂ ਨੂੰ ਰੋਕਿਆ ਹੈ। ਇਸ ਕਾਰਨ ਧੂੰਏ ਦਾ ਪ੍ਰਦੂਸ਼ਣ ਇਸ ਵਾਰ ਘੱਟ ਨਜ਼ਰ ਆਇਆ ਹੈ। ਪਿਛਲੇ ਸਾਲਾਂ 'ਚ ਇਨ੍ਹਾਂ ਦਿਨਾਂ ਵਿੱਚ ਸਾਹ ਲੈਣਾ ਔਖਾ ਹੁੰਦਾ ਸੀ। ਸ਼ਾਮ ਵੇਲੇ ਹਵਾ 'ਚ ਧੂੰਏਂ ਦੀ ਮਾਤਰਾ ਵਧ ਜਾਂਦੀ ਸੀ। ਪੰਜਾਬ ਅੰਦਰ ਪਰਾਲੀ ਦੀ ਖਪਤ ਨੂੰ ਸਾਰਥਕ ਢੰਗ ਨਾਲ ਵਰਤੋਂ 'ਚ ਲਿਆਉਣ ਲਈ ਨਵੇਂ-ਨਵੇਂ ਪ੍ਰੋਜੈਕਟਾਂ ਨੂੰ ਲਾਉਣ ਲਈ ਸਬਸਿਡੀ ਦੇ ਕੇ ਉਤਸ਼ਾਹਿਤ ਕਰਨਾ ਚਾਹੀਦਾ ਹੈ, ਤਾਂ ਕਿ ਉਦਯੋਗਪਤੀ ਇਸ ਖੇਤਰ ਵਿੱਚ ਨਿਵੇਸ਼ ਕਰ ਕੇ ਇਸ ਪ੍ਰਦੂਸ਼ਣ ਦੀ ਸਮੱਸਿਆ ਤੋਂ ਨਿਜਾਤ ਦਵਾ ਸਕਣ। ਹਵਾ ਨੂੰ ਧੂੰਆਂ ਰਹਿਤ ਕਰਨ ਲਈ ਹੋਰ ਵੀ ਉਪਰਾਲੇ ਕੀਤੇ ਜਾ ਰਹੇ ਹਨ। ਕੋਲੇ ਦੀ ਘੱਟ ਵਰਤੋਂ, ਈ-ਰਿਕਸ਼ਾ, ਬੱਸਾਂ, ਕਾਰਾਂ, ਛੋਟੇ ਵਹੀਕਲ ਆਦਿ ਦੀ ਵਰਤੋਂ ਹੋਣ ਲੱਗੀ ਹੈ, ਜਿਸ ਨਾਲ ਧੂੰਏਂ ਤੋਂ ਰਾਹਤ ਮਿਲ ਰਹੀ ਹੈ।

ਸਕੂਲੀ ਬੱਚਿਆਂ ਦਾ ਗਰੀਨ ਦੀਵਾਲੀ ਮਨਾਉਣਾ, ਪਰਾਲੀ ਨੂੰ ਅੱਗ ਨਾ ਲਾਉਣਾ ਆਦਿ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਸ਼ਹਿਰਾਂ ਅਤੇ ਪਿੰਡਾਂ ਵਿੱਚ ਰੈਲੀਆਂ ਕੱਢਣੀਆਂ ਵੀ ਘੱਟੋ-ਘੱਟ ਬੱਚਿਆਂ ਦੇ ਮਨਾਂ ਉੱਪਰ ਜ਼ਰੂਰ ਅਸਰ ਪਾਉਣਗੀਆਂ, ਜੋ ਆਉਣ ਵਾਲੇ ਸਮੇਂ ਵਿੱਚ ਅਸਰ ਸਾਹਮਣੇ ਆਵੇਗਾ। ਅਧਿਆਪਕਾਂ ਦਾ ਇਸ ਕਾਰਜ ਲਈ ਅਹਿਮ ਰੋਲ ਹੈ, ਉਹ ਵੀ ਬੱਚਿਆਂ ਨੂੰ ਸਮੇਂ-ਸਮੇਂ ਸਿਰ ਪ੍ਰਦੂਸ਼ਣ ਸੰਬੰਧੀ ਪ੍ਰੋਗਰਾਮ ਕਰਵਾ ਕੇ ਆਪਣਾ ਯੋਗਦਾਨ ਪਾਉਂਦੇ ਰਹਿੰਦੇ ਹਨ। ਸਰਕਾਰ ਵੱਲੋਂ ਵੀ ਇਸ ਵਿਸ਼ੇ ਉੱਪਰ ਪ੍ਰਤੀਯੋਗਤਾਵਾਂ ਕਰਵਾ ਕੇ ਬੱਚਿਆਂ ਦੇ ਮਨਾਂ ਅੰਦਰ ਨਵਾਂ ਸੰਕਲਪ ਪੈਦਾ ਕਰਨਾ ਚਾਹੀਦਾ ਹੈ, ਜਿਹੜਾ ਭਵਿੱਖ ਲਈ ਜ਼ਰੂਰ ਲਾਹੇਵੰਦ ਹੋਵੇਗਾ। ਬੱਚਾ ਕੱਚੀ ਕਲੀ ਵਾਂਗ ਹੁੰਦਾ ਹੈ, ਜਿਧਰ ਨੂੰ ਮਰਜ਼ੀ ਮਰੋੜ ਲਵੋ, ਪਰ ਵੱਡਿਆਂ ਨੂੰ ਸਮਝਾਉਣਾ ਔਖਾ ਹੁੰਦਾ ਹੈ।

*# ਸੰਪਰਕ : 70096-74242*

# ਕਿਸਾਨਾਂ ਨੂੰ ਕੁਦਰਤੀ ਖੇਤੀ ਵੱਲ ਉਤਸ਼ਾਹਿਤ ਕਰਨ ਕਿਸਾਨ ਯੂਨੀਅਨਾਂ

**ਗੁਰਦਿੱਤ ਸਿੰਘ ਸੇਖੋਂ**

ਪੰਜਾਬ ਵਿੱਚ ਕਿਸਾਨਾਂ 'ਤੇ ਕਰਜ਼ੇ ਦੀ ਮਾਰ ਲੱਗਭੱਗ ਹਰੀ ਕ੍ਰਾਂਤੀ ਦੇ ਸਮੇਂ ਤੋਂ ਮੰਨੀ ਜਾ ਰਹੀ ਹੈ, ਕਿਉਂਕਿ ਉਸ ਸਮੇਂ ਖੇਤੀ ਮਸ਼ੀਨਰੀ ਅਤੇ ਖਾਦਾਂ ਅਤੇ ਕੀਟਨਾਸਕਾਂ ਦੀ ਵਰਤੋਂ ਹੋਣੀ ਸ਼ੁਰੂ ਹੋ ਗਈ ਸੀ। ਬੇਸ਼ੱਕ ਫਸਲੀ ਝਾੜ ਉਸ ਸਮੇਂ ਵਧਿਆ, ਪਰ ਪੰਜਾਬ ਦਾ ਮਿੱਟੀ ਪਾਣੀ ਗੰਧਲਾ ਤਾਂ ਹੋਇਆ ਹੀ ਨਾਲ ਹੀ ਕਿਸਾਨਾਂ ਅਤੇ ਮਜ਼ਦੂਰਾਂ ਸਮੇਤ ਅਨਾਜ ਖਾਣ ਵਾਲੇ ਲੋਕਾਂ ਅੰਦਰ ਜ਼ਹਿਰ ਜਾਣ ਕਰਕੇ ਬਿਮਾਰੀਆਂ ਦਾ ਵਾਧਾ ਹੋਇਆ। ਇਹ ਨੁਕਸਾਨ ਹੁਣ ਤੱਕ ਵੀ ਜਾਰੀ ਹੈ। ਬੇਸ਼ੱਕ ਹੁਣ ਅਸੀਂ ਝਾੜ ਵੀ ਵਧਾ ਲਿਆ, ਪਰ ਕਰਜਾ ਦਿਨੋਂ ਦਿਨ ਵਧ ਰਿਹਾ। ਇਸ ਦਾ ਕਾਰਨ ਸਪੱਸ਼ਟ ਹੈ ਕਿ ਖੇਤੀ ਮਸ਼ੀਨਰੀ ਕੀਟਨਾਸ਼ਕ ਨਦੀਨਨਾਸ਼ਕ ਦਵਾਈਆਂ ਦਿਨੋਂ ਦਿਨ ਵਧ ਰਹੇ ਹਨ, ਪਰ ਫਸਲ ਦਾ ਰੇਟ ਉਥੇ ਹੀ ਖੜ੍ਹਾ ਹੈ। ਕਣਕ ਝੋਨੇ ਤੋਂ ਬਾਹਰ ਆਉਣ ਲਈ ਫਿਲਹਾਲ ਮੰਡੀਕਰਨ ਦਾ ਕੋਈ ਪ੍ਰਬੰਧ ਨਹੀਂ। ਅੰਨ੍ਹੇਵਾਹ ਕੀਟਨਾਸ਼ਕਾਂ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਨੇ ਪੰਜਾਬੀਆਂ ਦੀ ਸਿਹਤ ਨੂੰ ਤਾਂ ਖੋਰਾ ਲਗਾਉਣਾ ਹੀ ਹੈ ਨਾਲ ਹੀ ਸਾਡਾ ਵਿਦੇਸ਼ਾਂ ਨੂੰ ਜਾਂਦਾ ਅਨਾਜ ਵੀ ਵਾਪਸ ਮੋੜ ਦੇਣਾ। ਵੈਸੇ ਤਾਂ ਇੱਕੋ ਦਮ ਮੋੜਾ ਪੈਣਾ ਮੁਸ਼ਕਲ ਹੈ, ਪਰ ਹੁਣ ਸਾਡੀ ਕਿਸਾਨੀ ਨੂੰ ਸੋਚਣਾ ਪੈਣਾ ਕਿ ਅਸੀਂ ਇੱਕ ਤਾਂ ਕੀਟਨਾਸ਼ਕਾਂ ਨਦੀਨਨਾਸ਼ਕਾਂ ਦੀ ਵਰਤੋਂ ਨੂੰ ਸਹਿਜੇ-ਸਹਿਜੇ ਘੱਟ ਕਰੀਏ। ਮਹਿੰਗੀ ਮਸ਼ੀਨਰੀ ਲੈਣ ਤੋਂ ਪਰਹੇਜ਼ ਕਰਦੇ ਹੋਏ ਸਾਂਝੀ ਮਸ਼ੀਨਰੀ ਲੈਣ ਵੱਲ ਆਉਣਾ ਚਾਹੀਦਾ ਹੈ। ਕਿਸਾਨਾਂ ਪਹਿਲਾਂ ਆਪਣੇ ਖੁੱਦ ਲਈ ਬਿਨਾਂ ਖਾਂਦਾ ਤੇ ਕੀਟਨਾਸ਼ਕਾਂ ਨਦੀਨਨਾਸ਼ਕਾਂ ਦੇ ਕੁਦਰਤੀ ਖੇਤੀ ਤੋਂ ਪੈਦਾ ਅਨਾਜ ਦੀ ਵਰਤੋਂ ਕਰਕੇ ਸ਼ੁਰੂਆਤ ਕਰਨੀ ਚਾਹੀਦੀ ਹੈ। ਵੱਡੇ ਕਿਸਾਨ ਵੱਧ ਏਕੜ ਵਿੱਚ ਕੁਦਰਤੀ ਖੇਤੀ ਕਰਨ ਅਤੇ ਛੋਟਾ ਕਿਸਾਨ ਘੱਟ ਏਕੜ 'ਚ ਕੁਦਰਤੀ ਖੇਤੀ ਦੀ ਸ਼ੁਰੂਆਤ ਕਰੇ। ਮੁੱਖ ਤੌਰ 'ਤੇ ਕਣਕ, ਗੰਨਾ, ਕੋਧਰਾ, ਸਰ੍ਹੋਂ ਆਦਿ ਦੀ ਸ਼ੁਰੂਆਤ ਕੀਤੀ ਜਾਣੀ ਚਾਹੀਦੀ ਹੈ। ਇਸ ਕੁਦਰਤੀ ਖੇਤੀ ਵਾਲੇ ਪਾਸੇ ਕਿਸਾਨ ਆਗੂਆਂ ਅਤੇ ਕਿਸਾਨ ਯੂਨੀਅਨਾਂ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਨੂੰ ਅਪੀਲ ਕਰਕੇ ਸਹਿਜੇ ਸਹਿਜੇ ਕੁਦਰਤੀ ਖੇਤੀ ਵੱਲ ਆਉਣ ਲਈ ਅਪੀਲ ਕਰਨ। ਸਰਕਾਰ ਵੀ ਕਿਸਾਨਾਂ ਨੂੰ ਇਸ ਪਾਸੇ ਵੱਲ ਪ੍ਰੇਰਿਤ ਕਰੇ, ਕੁਦਰਤੀ ਖੇਤੀ ਤੋਂ ਪੈਦਾ ਅਨਾਜ ਦੀ ਸਰਕਾਰੀ ਖਰੀਦ ਵੀ ਹੋਣੀ ਚਾਹੀਦੀ ਹੈ, ਜਿਸ ਨਾਲ ਕਿਸਾਨਾਂ ਨੂੰ ਆਪਣਾ ਸਹੀ ਪਲੇਟਫਾਰਮ ਮਿਲ ਸਕੇ ਅਤੇ ਮੰਡੀਕਰਨ ਦੀ ਸਮੱਸਿਆ ਨਾ ਆਵੇ। ਕੁਦਰਤੀ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਸਮਾਜਿਕ ਜਥੇਬੰਦੀਆਂ ਵੀ ਆਪਣੇ ਪਲੇਟਫਾਰਮ ਦੇਣ ਤੇ ਉਨ੍ਹਾਂ ਨੂੰ ਹਾਈਲਾਇਟ ਕਰਨ ਜਿਸ ਨਾਲ ਉਹ ਆਪਣੀਆਂ ਫਸਲਾਂ ਵੇਚ ਸਕਣ। ਕੁਦਰਤੀ ਖੇਤੀ ਵਾਲੇ ਪਾਸੇ ਆਉਣ ਨਾਲ ਪੰਜਾਬੀਆਂ ਦੀ ਸਿਹਤ, ਮਿੱਟੀ ਪਾਣੀ ਨੂੰ ਫਾਇਦਾ ਤਾਂ ਹੋਵੇਗਾ ਹੀ ਨਾਲ ਹੀ ਆਉਣ ਵਾਲੀਆਂ ਪੀੜ੍ਹੀਆਂ ਲਈ ਖੇਤੀ ਵਿੱਚ ਬਹੁਤ ਕੁਝ ਸੁਖਾਲਾ ਤੇ ਫਾਇਦੇਮੰਦ ਸਾਬਤ ਹੋਵੇਗਾ। ਸੋ ਸਾਨੂੰ ਸਬਰ ਤੇ ਸੰਤੋਖ ਨਾਲ ਇਸ ਪਾਸੇ ਆਉਣਾ ਚਾਹੀਦਾ ਹੈ, ਜਿਸ ਨਾਲ ਸਾਡਾ ਪੰਜਾਬ ਮੁੜ ਤੋਂ ਸਿਹਤਮੰਦ ਹੋ ਸਕੇ।

*# ਸੰਪਕਰ : 97811-72781*

# ਜੀਵਨ 'ਚ ਸਫਲਤਾ ਲਈ ਨਿਰੰਤਰ ਅਭਿਆਸ ਜ਼ਰੂਰੀ

**ਸੋਹਨ ਸਿੰਘ ਚਾਹਲ**

ਪਹਿਲਾਂ ਦੇ ਸਮਿਆਂ ਵਿੱਚ ਹੁਣ ਦੀ ਤਰ੍ਹਾਂ ਸਕੂਲ ਨਹੀਂ ਹੁੰਦੇ ਸਨ, ਸਗੋਂ ਬੱਚੇ ਗੁਰੂ ਦੀ ਰਹਿਨੁਮਾਈ ਵਿੱਚ ਗੁਰੂਕੁਲ 'ਚ ਆਸ਼ਰਮ ਦੀ ਸੇਵਾ-ਸੰਭਾਲ ਕਰਦੇ ਸਨ ਅਤੇ ਨਾਲ ਹੀ ਵਿੱਦਿਆ ਹਾਸਲ ਕਰਦੇ ਸਨ। ਇੱਕ ਸਮੇਂ ਦੀ ਗੱਲ ਹੈ ਕਿ ਗੁਰੂਕੁਲ ਵਿੱਚ ਇੱਕ ਬੱਚਾ ਰਹਿੰਦਾ ਸੀ, ਜੋ ਦਿਮਾਗੀ ਤੌਰ 'ਤੇ ਕਮਜ਼ੋਰ ਸੀ। ਉਹ ਆਪਣੀ ਪੂਰੀ ਜਮਾਤ ਵਿੱਚ ਸਭ ਤੋਂ ਕਮਜ਼ੋਰ ਸੀ ਅਤੇ ਉਸ ਨੂੰ ਕੁਝ ਵੀ ਯਾਦ ਨਹੀਂ ਰਹਿੰਦਾ ਸੀ। ਦਸ ਸਾਲ ਬੀਤ ਜਾਣ ਤੋਂ ਬਾਅਦ ਵੀ ਉਹ ਕੁਝ ਵੀ ਸਿੱਖ ਨਹੀਂ ਪਾਇਆ ਸੀ। ਉਸ ਦੇ ਸਾਰੇ ਦੋਸਤ ਉਸ ਦਾ ਮਜ਼ਾਕ ਉਡਾਉਂਦੇ ਸਨ ਅਤੇ ਉਸ ਨੂੰ ਵਰਦਰਾਜ (ਬਲਦਾਂ ਦਾ ਰਾਜਾ) ਕਹਿੰਦੇ ਸਨ। ਉਸ ਦੇ ਸਾਰੇ ਦੋਸਤ ਅਗਲੀਆਂ ਜਮਾਤ ਵਿੱਚ ਚਲੇ ਗਏ, ਪਰ ਉਹ ਅੱਗੇ ਨਹੀਂ ਵਧ ਸਕਿਆ। ਉਸ ਦੇ ਗੁਰੂ ਜੀ ਨੇ ਵੀ ਅੰਤ ਵਿੱਚ ਹਾਰ ਕਬੂਲ ਕਰ ਲਈ ਅਤੇ ਉਸ ਨੂੰ ਕਿਹਾ, 'ਪੁੱਤਰ, ਮੈਂ ਸਾਰੇ ਯਤਨ ਕਰ ਲਏ ਹਨ। ਪੜ੍ਹਾਈ ਕਰਨਾ ਤੇਰੇ ਵੱਸ ਦੀ ਗੱਲ ਨਹੀਂ, ਹੁਣ ਚੰਗਾ ਹੋਵੇਗਾ ਕਿ ਤੂੰ ਇੱਥੇ ਆਪਣਾ ਸਮਾਂ ਬਰਬਾਦ ਨਾ ਕਰ। ਆਪਣੇ ਘਰ ਜਾ ਕੇ ਆਪਣੇ ਪਰਵਾਰ ਦੇ ਮੈਂਬਰਾਂ ਦੀ ਉਨ੍ਹਾਂ ਦੇ ਕੰਮ ਵਿੱਚ ਮਦਦ ਕਰ।'

ਵਰਦਰਾਜ ਨੇ ਵੀ ਸੋਚਿਆ ਕਿ ਸ਼ਾਇਦ ਵਿੱਦਿਆ ਮੇਰੀ ਕਿਸਮਤ ਵਿੱਚ ਨਹੀਂ ਹੈ ਅਤੇ ਭਾਰੀ ਹਿਰਦੇ ਨਾਲ ਗੁਰੂਕੁਲ ਨੂੰ ਛੱਡ ਦਿੱਤਾ ਅਤੇ ਆਪਣੇ ਘਰ ਲਈ ਚੱਲ ਪਿਆ। ਦੁਪਹਿਰ ਦਾ ਸਮਾਂ ਸੀ, ਉਸ ਨੂੰ ਰਸਤੇ ਵਿੱਚ ਪਿਆਸ ਲੱਗਣ ਲੱਗੀ। ਆਲੇ-ਦੁਆਲੇ ਨਜ਼ਰ ਮਾਰੀ ਤਾਂ ਦੇਖਿਆ ਕਿ ਥੋੜ੍ਹੀ ਦੂਰੀ 'ਤੇ ਕੁਝ ਔਰਤਾਂ ਖੂਹ ਤੋਂ ਪਾਣੀ ਭਰ ਰਹੀਆਂ ਸਨ। ਉਹ ਪਾਣੀ ਪੀਣ ਲਈ ਖੂਹ ਕੋਲ ਗਿਆ। ਉਸ ਨੇ ਵੇਖਿਆ ਕਿ ਖੂਹ ਦੇ ਠੋਸ ਪੱਥਰਾਂ 'ਤੇ ਨਿਸ਼ਾਨ ਸਨ, ਇਸ ਲਈ ਉਸ ਨੇ ਔਰਤਾਂ ਨੂੰ ਪੁੱਛਿਆ, 'ਤੁਸੀਂ ਇਹ ਨਿਸ਼ਾਨ ਕਿਵੇਂ ਬਣਾਏ ?' ਤਾਂ ਇੱਕ ਔਰਤ ਨੇ ਜਵਾਬ ਦਿੱਤਾ, 'ਪੁੱਤਰ, ਇਹ ਨਿਸ਼ਾਨ ਖੂਹ ਵਿੱਚੋਂ ਪਾਣੀ ਖਿੱਚਣ ਵਾਲੀ ਇਸ ਨਰਮ ਰੱਸੀ ਦੇ ਉਪਰ-ਥੱਲੇ ਚੱਲਣ ਕਾਰਨ ਇਹਨਾਂ ਠੋਸ ਪੱਥਰਾਂ 'ਤੇ ਬਣ ਗਏ ਹਨ।'

ਪਾਣੀ ਪੀਣ ਮਗਰੋਂ ਵਰਦਰਾਜ ਸੋਚਾਂ ਵਿੱਚ ਗੁਆਚ ਗਿਆ। ਉਸ ਨੇ ਸੋਚਿਆ ਕਿ ਜਦੋਂ ਇਕ ਨਰਮ ਰੱਸੀ ਦੁਆਰਾ ਵਾਰ-ਵਾਰ ਚੱਲਣ ਨਾਲ ਠੋਸ ਪੱਥਰ 'ਤੇ ਡੂੰਘੇ ਨਿਸ਼ਾਨ ਬਣਾਏ ਜਾ ਸਕਦੇ ਹਨ ਤਾਂ ਮੈਂ ਨਿਰੰਤਰ ਅਭਿਆਸ ਨਾਲ ਗਿਆਨ ਕਿਉਂ ਨਹੀਂ ਹਾਸਲ ਕਰ ਸਕਦਾ। ਵਰਦਰਾਜ ਬੜੇ ਉਤਸ਼ਾਹ ਨਾਲ ਗੁਰੂਕੁਲ ਵਿੱਚ ਵਾਪਸ ਆ ਗਿਆ ਅਤੇ ਉਸ ਨੇ ਆਪਣੇ ਗੁਰੂ ਜੀ ਨੂੰ ਕਿਹਾ ਕਿ ਉਹ ਹੁਣ ਸਖਤ ਮਿਹਨਤ ਕਰੇਗਾ। ਉਸ ਨੇ ਅਣਥੱਕ ਮਿਹਨਤ ਕਰਨੀ ਸ਼ੁਰੂ ਕਰ ਦਿੱਤੀ। ਗੁਰੂ ਜੀ ਵੀ ਖੁਸ਼ ਸਨ ਅਤੇ ਉਹਨਾ ਵਰਦਰਾਜ ਨੂੰ ਵਿੱਦਿਆ ਹਾਸਲ ਕਰਨ ਵਿੱਚ ਪੂਰਾ ਸਹਿਯੋਗ ਦਿੱਤਾ। ਅੱਗੇ ਚੱਲ ਕੇ ਸੰਸਕ੍ਰਿਤ ਵਿਆਕਰਣ ਨੂੰ ਸਮਝਣ ਅਤੇ ਸਰਲ ਬਣਾਉਣ ਲਈ



ਉਸ ਨੇ 'ਲਘੂ ਸਿਧਾਂਤ ਕੌਮੁਦੀ' ਦੀ ਰਚਨਾ ਕੀਤੀ। ਬਾਅਦ ਵਿੱਚ ਇਹ ਵਰਦਰਾਜ ਸੰਸਕ੍ਰਿਤ ਵਿਆਕਰਨ ਦਾ ਮਹਾਨ ਵਿਦਵਾਨ ਬਣਿਆ। ਵਰਦਰਾਜ ਵਾਂਗ ਹੋਰ ਬਹੁਤ ਸਾਰੇ ਬੱਚੇ ਨੇ ਜਿਹਨਾਂ ਨੂੰ ਕਮਜ਼ੋਰ ਬੁੱਧੀ ਵਾਲੇ ਕਿਹਾ ਗਿਆ, ਪਰ ਉਹਨਾਂ ਆਪਣੀ ਸਖ਼ਤ ਮਿਹਨਤ ਤੇ ਅਭਿਆਸ ਨਾਲ ਸੰਸਾਰ ਵਿੱਚ ਅਪਣਾ ਨਾਂਅ ਰੌਸ਼ਨ ਕੀਤਾ। ਉਹਨਾਂ ਵਿੱਚੋਂ ਮਹਾਨ ਵਿਗਿਆਨੀ ਅਲਬਰਟ ਆਈਨਸਟਾਈਨ ਵੀ ਇੱਕ ਸਨ।

ਜੇਕਰ ਰੱਸੀ ਵਰਗੀ ਕੋਈ ਚੀਜ਼ ਪੱਥਰ 'ਤੇ ਵਾਰ-ਵਾਰ ਚੱਲਣ ਨਾਲ ਆਪਣਾ ਨਿਸ਼ਾਨ ਬਣਾ ਸਕਦੀ ਹੈ ਤਾਂ ਅਸੀਂ ਮਨੁੱਖ ਲਗਾਤਾਰ ਅਭਿਆਸ ਕਰਕੇ ਆਪਣੀ ਮੰਜ਼ਲ ਕਿਉਂ ਨਹੀਂ ਹਾਸਲ ਕਰ ਸਕਦੇ। ਇਹ ਜ਼ਰੂਰੀ ਨਹੀਂ ਕਿ ਅਸੀਂ ਆਪਣੀ ਜ਼ਿੰਦਗੀ ਦੇ ਹਰ ਕੰਮ ਵਿੱਚ ਪਹਿਲੀ ਕੋਸ਼ਿਸ਼ ਵਿੱਚ ਹੀ ਕਾਮਯਾਬ ਹੋ ਜਾਈਏ, ਪਰ ਅਭਿਆਸ ਇੱਕ ਅਜਿਹੀ ਚੀਜ, ਹੈ ਜੋ ਅਸੰਭਵ ਨੂੰ ਵੀ ਸੰਭਵ ਬਣਾਉਂਦੀ ਹੈ। ਜੇਕਰ ਅਸੀਂ ਕੋਈ ਕੰਮ ਨਹੀਂ ਕਰ ਪਾਉਂਦੇ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਉਸ ਕੰਮ ਨੂੰ ਛੱਡ ਦੇਈਏ, ਸਗੋਂ ਇਸ ਦਾ ਮਤਲਬ ਇਹ ਹੈ ਕਿ ਅਸੀਂ ਉਸ ਕੰਮ ਨੂੰ ਵਾਰ-ਵਾਰ ਕਰਨ ਦੀ ਕੋਸ਼ਿਸ਼ ਕਰੀਏ ਤਾਂ ਕਿ ਇੱਕ ਦਿਨ ਅਸੀਂ ਉਸ ਕੰਮ ਵਿੱਚ ਮਾਹਰ ਹੋ ਸਕੀਏ। ਇਸ ਲਈ ਅਭਿਆਸ ਬਹੁਤ ਜ਼ਰੂਰੀ ਹੈ, ਭਾਵੇਂ ਉਹ ਖੇਡਾਂ ਜਾਂ ਪੜ੍ਹਾਈ ਜਾਂ ਹੋਰ ਕੁਝ ਵੀ ਹੋਵੇ। ਤੁਸੀਂ ਅਭਿਆਸ ਤੋਂ ਬਿਨਾਂ ਕਾਮਯਾਬ ਨਹੀਂ ਹੋ ਸਕਦੇ। ਇਸ ਲਈ ਨਿਰੰਤਰ ਅਭਿਆਸ, ਸਖਤ ਮਿਹਨਤ ਅਤੇ ਲਗਨ ਨਾਲ ਹੀ ਤੁਸੀਂ ਆਪਣੀ ਮੰਜ਼ਲ ਹਾਸਲ ਕਰ ਸਕਦੇ ਹੋ।

**# ਸੰਪਰਕ : 94639-50475**

4-DEC-PAGE-5.qxd 12/3/2023 8:56 PM Page 1



# ਮਾਨ ਸਰਕਾਰ ਨਰੇਗਾ ਕਾਮਿਆਂ ਦੀ ਦਿਹਾੜੀ 431 ਰੁਪਏ ਕਰਨ ਦੀ ਕੇਂਦਰ ਨੂੰ ਜਲਦੀ ਸਿਫਾਰਸ਼ ਕਰੇ : ਜਗਰੂਪ

## 13, 14 ਤੇ 15 ਨੂੰ ਡੀ ਸੀ ਤੇ ਬੀ ਡੀ ਪੀ ਓ ਦਫਤਰਾਂ ਅੱਗੇ ਭੁੱਖ ਹੜਤਾਲ ਕਰੋ : ਗਦਾਈਆ



**ਕੋਟਕਪੂਰਾ (ਰਛਪਾਲ ਭੁੱਲਰ)**

ਕੇਂਦਰ ਦੀ ਮੋਦੀ ਸਰਕਾਰ ਨਰੇਗਾ ਨੂੰ ਖਤਮ ਕਰਨ ਦੀਆਂ ਗੋਂਦਾਂ ਗੁੰਦ ਰਹੀ ਹੈ, ਇਸ ਸਾਲ ਵਿੱਚ ਬਜਟ 'ਤੇ ਵੱਡਾ ਕੱਟ ਲਾ ਕੇ ਆਪਣੀ ਮਨਸ਼ਾ ਜ਼ਾਹਰ ਕਰ ਦਿੱਤੀ ਹੈ, ਜਦੋਂ ਕਿ ਤੇਜ਼ੀ ਨਾਲ ਵਧ ਰਹੀ ਬੇਰੁਜ਼ਗਾਰੀ ਕਾਰਨ ਨਰੇਗਾ ਨੂੰ ਮਜ਼ਬੂਤ ਕਰਦਿਆ ਕੰਮ ਦਿਨਾਂ ਦੀ ਗਿਣਤੀ 200 ਦਿਨ ਕਰ ਦੇਣੀ ਚਾਹੀਦੀ ਹੈ। ਪੰਜਾਬ ਦੀ ਮਾਨ ਸਰਕਾਰ ਵੀ ਨਰੇਗਾ ਕਾਮਿਆਂ ਵੱਲ ਧਿਆਨ ਦਿੰਦਿਆਂ ਨਰੇਗਾ ਕਾਮਿਆਂ ਦਾ ਬਣਦਾ ਹੱਕ 431 ਰੁਪਏ ਦਿਹਾੜੀ ਰੇਟ ਦੀ ਕੇਂਦਰ ਸਰਕਾਰ ਨੂੰ ਸਿਫਾਰਸ਼ ਕਰੇ ਤੇ ਪੰਜਾਬ ਦੀ ਅਫਸਰਸ਼ਾਹੀ ਨੂੰ ਹਦਾਇਤ ਕਰਨੀ ਚਾਹੀਦੀ ਕਿ ਨਰੇਗਾ ਨੂੰ ਪਾਰਦਰਸ਼ੀ ਢੰਗ ਨਾਲ ਲਾਗੂ ਕਰੇ। ਜੇਕਰ ਪੰਜਾਬ ਸਰਕਾਰ ਨਰੇਗਾ ਪਾਰਦਰਸ਼ੀ ਢੰਗ ਨਾਲ ਲਾਗੂ ਨਹੀਂ ਕਰਦੀ ਤਾਂ ਨਰੇਗਾ ਕਾਮਿਆਂ ਨੂੰ ਮਜਬੂਰਨ ਸੰਘਰਸ਼ ਕਰਨਾ ਪਵੇਗਾ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਪੰਜਾਬ ਦੇ ਮੁੱਖ ਸਲਾਹਕਾਰ ਕਾਮਰੇਡ ਜਗਰੂਪ ਨੇ ਬਾਬਾ ਗੱਜਣ ਸਿੰਘ ਤੇ ਮਾਤਾ ਸੰਗਤ ਕੌਰ ਯਾਦਗਾਰੀ ਭਵਨ ਕੋਟਕਪੂਰਾ ਵਿਖੇ ਨਰੇਗਾ ਕਾਮਿਆਂ ਦੀ ਲੀਡਰਸ਼ਿਪ ਵਰਕਸ਼ਾਪ ਨੂੰ ਸੰਬੋਧਨ ਕਰਦਿਆਂ ਕੀਤਾ। ਉਹਨਾ ਇਸ ਮੌਕੇ ਜੁੜੇ ਨਰੇਗਾ ਆਗੂਆਂ ਨੂੰ ਕਿਹਾ ਕਿ ਪੇਂਡੂ ਕਿਰਤੀਆਂ ਲਈ ਇੱਕੋ-ਇੱਕ ਨਰੇਗਾ ਹੀ ਇੱਕ ਸਹਾਰਾ ਬਚਿਆ ਹੈ, ਜਿਸ ਨਾਲ ਉਹ ਆਪਣੇ ਪਰਵਾਰ ਦਾ ਪਾਲਣ-ਪੋਸ਼ਣ ਕਰ ਸਕਦਾ ਹੈ। ਬੜੀ ਤੇਜ਼ੀ ਨਾਲ ਵਧ ਰਹੇ ਮਸ਼ੀਨੀਕਰਨ ਦੇ ਕਾਰਨ ਪੇਂਡੂ ਕਾਮੇ ਕੰਮ ਲਈ ਮਾਰੇ-ਮਾਰੇ ਫਿਰ ਰਹੇ ਹਨ, ਵਧ ਰਹੀ ਮਹਿੰਗਾਈ ਨੇ ਕਾਮਿਆਂ ਦਾ ਜਿਊਣਾ ਦੁੱਭਰ ਕਰ ਦਿੱਤਾ ਹੈ। ਵਧ ਰਹੇ ਅਮੀਰੀ-ਗਰੀਬੀ ਦੇ ਪਾੜੇ ਨੂੰ ਧਿਆਨ 'ਚ ਰੱਖਦਿਆਂ ਕਾਮਿਆਂ ਦੀ ਉਜਰਤ 1000 ਰੁਪਏ ਹੋਣੀ ਚਾਹੀਦੀ ਹੈ। ਕਾਮਰੇਡ ਜਗਰੂਪ ਨੇ ਕਾਮਿਆਂ ਨੂੰ ਕਿਹਾ ਕਿ 2024 ਦੀਆਂ ਪਾਰਲੀਮੈਂਟ ਚੋਣਾਂ ਵਿੱਚ ਮੋਦੀ ਸਰਕਾਰ ਸੱਤਾ 'ਚ ਨਹੀਂ ਆਉਣੀ ਚਾਹੀਦੀ, ਕਿਉਂਕਿ ਮੋਦੀ ਸਰਕਾਰ ਕਾਮਿਆਂ ਦੀ ਸਰਕਾਰ ਨਾ ਹੋ ਕੇ ਪੂੰਜੀਪਤੀਆਂ ਦੇ ਹੱਕ ਦੀ ਸਰਕਾਰ ਹੈ।

ਵਰਕਸ਼ਾਪ 'ਚ ਬੋਲਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ ਨੇ ਕਿਹਾ ਕਿ 13 ਤੋਂ 15 ਦਸੰਬਰ ਨੂੰ ਡੀ ਸੀ ਤੇ ਬੀ ਡੀ ਪੀ ਓ ਦਫ਼ਤਰਾਂ ਅੱਗੇ ਭੁੱਖ ਹੜਤਾਲ ਤੇ ਰੈਲੀਆਂ ਕਰੋ, ਤਾਂ ਜੋ ਨਰੇਗਾ ਕਾਮੇ ਆਪਣੀਆਂ ਮੰਗਾਂ ਦੀ ਪ੍ਰਾਪਤੀ ਕਰ ਸਕਣ।

ਇਸ ਸਮੇਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਦੇ ਸੂਬਾ ਸਕੱਤਰ ਜਗਸੀਰ ਸਿੰਘ ਖੋਸਾ, ਕਾਮਰੇਡ ਬੋਹੜ ਸਿੰਘ, ਗੋਰਾ ਸਿੰਘ ਪਿੱਪਲੀ, ਬਲਵੀਰ ਸਿੰਘ ਔਲਖ, ਮਨਜੀਤ ਕੌਰ ਨੱਥੇਵਾਲਾ ਗੁਰਮੇਲ ਸਿੰਘ, ਸ਼ੇਰ ਸਿੰਘ ਦੌਲਤਪੁਰਾ, ਮਹਿੰਦਰ ਸਿੰਘ ਧੂੜਕੋਟ, ਬਿੰਦਰ ਸਿੰਘ ਮੁਕਤਸਰ, ਰੇਸ਼ਮ ਸਿੰਘ ਜਟਾਣਾ ਤੇ ਸਰਬਜੀਤ ਕੌਰ ਖੋਸਾ ਨੇ ਸੰਬੋਧਨ ਕਰਦਿਆਂ ਕਾਮਿਆਂ ਨੂੰ ਕਿਹਾ ਕਿ ਆਪਣੇ ਜ਼ਿਲ੍ਹਿਆਂ ਦੀਆਂ ਇਕਾਈਆਂ ਦੀ ਚੋਣ ਤੇ ਬਲਾਕ ਪੱਧਰ ਦੀਆਂ ਬਾਡੀਆਂ ਬਣਾ ਕੇ ਜਥੇਬੰਦੀ ਮਜ਼ਬੂਤ ਕਰਕੇ ਹੀ ਹੱਕ ਪ੍ਰਾਪਤ ਕੀਤੇ ਜਾ ਸਕਦੇ ਹਨ।

# ਕੁੱਟਮਾਰ ਦੇ ਦੋਸ਼ 'ਚ ਦਰਜਨ ਦੇ ਕਰੀਬ ਲੋਕਾਂ ਖਿਲਾਫ਼ ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਵੱਲੋਂ ਪਿੰਡ ਲੱਧੂਵਾਲਾ ਉਤਾੜ ਵਿਖੇ ਝਗੜੇ ਦੇ ਦੌਰਾਨ ਕੁੱਟਮਾਰ ਕਰਨ ਦੇ ਦੋਸ਼ ਵਿੱਚ ਦਰਜ ਦੇ ਕਰੀਬ ਲੋਕਾਂ ਦੇ ਖਿਲਾਫ਼ ਮੁਕੱਦਮਾ ਦਰਜ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਮੁਦੱਈ ਨਵਪ੍ਰੀਤ ਸਿੰਘ ਪੁੱਤਰ ਰਾਜਾ ਸਿੰਘ ਵਾਸੀ ਰਾਮਗੜ੍ਹ ਚੁੱਘਾ ਤਹਿਸੀਲ ਤੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਨੇ ਪੁਲਸ ਕੋਲ ਬਿਆਨ ਦਰਜ ਕਰਾਏ ਗਏ ਹਨ ਕਿ ਉਹ ਆਪਣੇ ਚਾਚੇ ਦੇ ਲੜਕੇ ਹਰਮਨਦੀਪ ਸਿੰਘ ਤੇ ਚਾਚੇ ਦਾ ਲੜਕਾ ਰਾਜਪਾਲ ਵਾਸੀਆਨ ਰਾਮਗੜ੍ਹ ਚੁੱਘਾ ਦੇ ਨਾਲ ਆਪਣੇ ਟ੍ਰੈਕਟਰ ਟਰਾਲੀ ਤੇ ਲੋਕਾਂ ਦੇ ਖੇਤਾਂ ਵਿੱਚੋਂ ਪਰਾਲੀ ਦੀਆਂ ਗੱਠਾਂ ਢੋਣ ਦਾ ਕੰਮ ਕਰੀਬ ਇਕ ਹਫ਼ਤੇ ਤੋਂ ਕਰਦੇ ਆ ਰਹੇ ਹਨ ਤੇ 07-11-2023 ਨੂੰ ਪਰਾਲੀ ਦੀਆਂ ਗੱਠਾਂ ਉਤਰਵਾ ਕੇ ਖਾਲੀ ਟ੍ਰੈਕਟਰ ਦਾ ਕੰਡਾ ਕਰਾਉਣ ਲਈ ਕੰਡੇ 'ਤੇ ਆਏ ਤਾਂ ਉਥੇ ਭਰੀਆਂ ਟਰਾਲੀਆਂ ਦਾ ਕੰਡਾ ਹੋ ਰਿਹਾ ਸੀ। ਕੰਡੇ ਦੀ ਵਾਰੀ ਪਿੱਛੇ ਉਸਦੀ (ਮੁਦੱਈ) ਦੀ ਗੁਰਪ੍ਰੀਤ ਸਿੰਘ ਵਗੈਰਾ ਨਾਲ ਤੂੰ-ਤੂੰ ਮੈਂ-ਮੈਂ ਹੋ ਗਈ, ਜਿਸ 'ਤੇ ਗੁਰਪ੍ਰੀਤ ਸਿੰਘ, ਛੱਨੂ ਸਿੰਘ ਵਾਸੀਆਨ ਮਦਰੱਸਾ (ਥਾਣਾ ਲੱਖੋਵਾਲੀ), ਗੋਰਾ ਸਿੰਘ, ਗੁਰਮੀਤ ਸਿੰਘ, ਸੱਤਾ ਸਿੰਘ, ਜੱਗਾ ਸਿੰਘ ਵਾਸੀਆਨ ਪਾਕਾ (ਥਾਣਾ ਅਰਨੀਵਾਲਾ), ਡਾ. ਦਵਿੰਦਰ ਸਿੰਘ ਵਾਸੀ ਭੰਗ ਚੜ੍ਹੀ ਥਾਣਾ ਲੱਖੋਵਾਲੀ ਤੇ 4-5 ਅਣਪਛਾਤੇ ਵਿਅਕਤੀਆਂ ਨੇ ਉਸ (ਮੁਦੱਈ) ਅਤੇ ਉਸਦੇ ਚਾਚੇ ਦੇ ਲੜਕਿਆਂ ਦੀ ਕੁੱਟਮਾਰ ਕੀਤੀ ਗਈ। ਇਸ ਝਗੜੇ ਸਬੰਧੀ ਆਪਸੀ ਰਾਜ਼ੀਨਾਮੇ ਦੀ ਗੱਲ ਚਲਦੀ ਰਹੀ, ਪਰ ਸਿਰੇ ਨਾ ਚੜ੍ਹਨ ਤੇ ਥਾਣਾ ਵੈਰੋਕੇ ਦੀ ਪੁਲਸ ਨੇ ਮੁਦੱਈ ਨਵਪ੍ਰੀਤ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਉਪਰੋਕਤ ਵਿਅਕਤੀਆਂ ਦੇ ਖਿਲਾਫ਼ ਧਾਰਾ 324, 323, 148, 149 ਆਈਪੀਸੀ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

## ਸ਼ਹੀਦ ਭਾਈ ਮਨੀ ਸਿੰਘ ਦਾ ਸ਼ਹੀਦੀ ਜੋੜ ਮੇਲਾ 12 ਤੋਂ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਗੁਰਦੁਆਰਾ ਯਾਦਗਾਰ ਸ਼ਹੀਦ ਭਾਈ ਮਨੀ ਸਿੰਘ ਜੀ ਪੱਤੀ ਰੰਧਾਵਾ ਅਤੇ ਸਮੂਹ ਸਾਧ ਸੰਗਤ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ਼ਹੀਦ ਭਾਈ ਮਨੀ ਸਿੰਘ ਜੀ ਦਾ ਸ਼ਹੀਦੀ ਜੋੜ ਮੇਲਾ 12, 13 ਤੇ 14 ਦਸੰਬਰ ਨੂੰ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ। ਗੁਰੂਦੁਆਰਾ ਸਾਹਿਬ ਦੇ ਪ੍ਰਬੰਧਕ ਮੇਲਾ ਸਿੰਘ ਸੂਬੇਦਾਰ ਕੌਂਸਲਰ ਨੇ ਦੱਸਿਆ ਕਿ ਇਸ ਜੋੜ ਮੇਲੇ ਸਬੰਧੀ 12 ਦਸੰਬਰ ਨੂੰ ਸ੍ਰੀ ਅਖੰਡ ਪਾਠ ਆਰੰਭ ਕਰਾਏ ਜਾਣਗੇ ਅਤੇ ਉਸ ਤੋਂ ਬਾਅਦ ਨਗਰ ਕੀਰਤਨ ਹੋਵੇਗਾ ਅਤੇ 13 ਦਸੰਬਰ ਨੂੰ ਦਿਨ ਅਤੇ ਰਾਤ ਨੂੰ 12 ਵਜੇ ਤੱਕ ਭਾਰੀ ਦੀਵਾਨ ਸਜਣਗੇ ਅਤੇ 14 ਦਸੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ ਅਤੇ ਸ਼ਾਮ ਨੂੰ 4 ਵਜੇ ਤੱਕ ਦੀਵਾਨ ਸਜਣਗੇ ਅਤੇ 15 ਦਸੰਬਰ ਨੂੰ ਇਸ ਸਥਾਨ ਤੇ 10 ਵਜੇ ਅੰਮ੍ਰਿਤ ਸੰਚਾਰ ਹੋਵੇਗਾ ਤੇ ਕਕਾਰ ਫਰੀ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਜੋੜ ਮੇਲੇ ਵਿੱਚ ਪੰਜਾਬ ਦੇ ਮਸ਼ਹੂਰ ਕਵੀਸ਼ਰੀ ਤੇ ਢਾਡੀ ਜਥੇ ਪਹੁੰਚ ਰਹੇ ਹਨ ਅਤੇ ਸੰਗਤਾਂ ਨੂੰ ਗੁਰਬਾਣੀ ਅਤੇ ਸ਼ਹੀਦ ਭਾਈ ਮਨੀ ਸਿੰਘ ਜੀ ਦੀ ਜੀਵਨੀ ਸੁਣਾ ਕੇ ਨਿਹਾਲ ਕਰਨਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

# ਭਾਰਤੀਆ ਅੰਬੇਡਕਰ ਮਿਸ਼ਨ ਨੇ ਕੀਤਾ ਬਾਬਾ ਸਾਹਿਬ ਨੂੰ ਯਾਦ



**ਸੰਗਰੂਰ (ਪ੍ਰਵੀਨ ਸਿੰਘ)**-ਭਾਰਤੀਯ ਅੰਬੇਡਕਰ ਮਿਸ਼ਨ (ਭਾਰਤ) ਵੱਲੋਂ ਸ੍ਰੀ ਦਰਸ਼ਨ ਸਿੰਘ ਕਾਂਗੜਾ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕੌਮੀ ਜਨਰਲ ਸਕੱਤਰ ਜਗਸੀਰ ਸਿੰਘ ਖੇੜੀਂ ਚੰਦਵਾ ਤੇ ਬਿੰਦਰ ਸਿੰਘ ਮੰਗਵਾਲ ਦੀ ਅਗਵਾਈ ਹੇਠ ਭਾਰਤੀ ਸੰਵਿਧਾਨ ਦੇ ਨਿਰਮਾਤਾ ਦੇਸ ਦੇ ਪਹਿਲੇ ਕਾਨੂੰਨ ਮੰਤਰੀ ਭਾਰਤ ਰਤਨ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦੇ ਪ੍ਰੀ-ਨਿਰਵਾਣ ਦਿਵਸ ਨੂੰ ਸਮਰਪਤ ਸੰਗਰੂਰ ਦੇ ਨੇੜਲੇ ਪਿੰਡ ਮੰਗਵਾਲ ਦੀ ਭਗਵਾਨ ਵਾਲਮੀਕਿ ਧਰਮਸ਼ਾਲਾ ਵਿਖੇ ਪ੍ਰੀਤੀ ਮਹੰਤ ਉਘੇ ਸਮਾਜ ਸੇਵਿਕਾ ਤੇ ਨੌਜਵਾਨ ਸਭਾ ਸਭਾ ਤੇ ਸਮੂਹ ਪਿੰਡ ਦੇ ਸਹਿਯੋਗ ਨਾਲ ਮੁਫਤ ਮੈਡੀਕਲ ਕੈਂਪ ਲਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਮੈਡਮ ਪੂਨਮ ਕਾਂਗੜਾ ਮੁੱਖ ਸਰਪ੍ਰਸਤ ਭਾਰਤੀਯ ਅੰਬੇਡਕਰ ਮਿਸ਼ਨ ਨੇ ਸ਼ਿਰਕਤ ਕੀਤੀ। ਕੈਂਪ ਵਿੱਚ ਹਰ ਪ੍ਰਕਾਰ ਦੇ ਰੋਗਾਂ ਦੇ ਮਾਹਿਰ ਡਾ ਹਿਮਾਂਸ਼ੂ ਗਰਗ (ਐਮ ਡੀ) ਮੈਡੀਸਨ ਸਿਵਲ ਹਸਪਤਾਲ ਤੇ ਉਨ੍ਹਾਂ ਦੀ ਟੀਮ ਵੱਲੋਂ ਕਰੀਬ 480 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਅਤੇ ਕੈਂਪ ਵਿੱਚ ਬੌਬੀ ਲੈਬੋਰਟਰੀ ਵੱਲੋਂ ਮਰੀਜ਼ਾਂ ਦੇ ਟੈੱਸਟ ਮੁਫ਼ਤ ਕੀਤੇ ਗਏ। ਇਸ ਦੇ ਨਾਲ ਹੀ ਮਰੀਜ਼ਾਂ ਨੂੰ ਦਵਾਈਆਂ ਵੀ ਮੁਫ਼ਤ ਦਿੱਤੀਆਂ ਗਈਆਂ। ਇਸ ਮੌਕੇ ਮੈਡਮ ਪੂਨਮ ਕਾਂਗੜਾ ਤੇ ਪਹੁੰਚੇ ਹੋਰ ਮਹਿਮਾਨਾਂ ਨੇ ਬਾਬਾ ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਸਮਾਜ ਸੇਵਾ ਵਿੱਚ ਆਪਣਾ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਮੁਕੇਸ਼ ਰਤਨਾਕਰ ਸੂਬਾ ਪ੍ਰਧਾਨ ਯੂਥ ਵਿੰਗ, ਸ੍ਰੀ ਕਮਲ ਕੁਮਾਰ ਗੋਗਾ ਸੂਬਾ ਜਨਰਲ ਸਕੱਤਰ, ਸੁਖਪਾਲ ਸਿੰਘ ਭੰਮਾਬੱਦੀ ਜ਼ਿਲ੍ਹਾ ਪ੍ਰਧਾਨ ਸੰਗਰੂਰ, ਜਸਵੰਤ ਸਿੰਘ ਬਰਨਾਲਾ, ਗੁਰਪ੍ਰੀਤ ਸਿੰਘ ਫੌਜੀ, ਬੀਬੀ ਪਰਮਜੀਤ ਕੌਰ ਮੰਗਵਾਲ, ਗੁਰਪ੍ਰੀਤ ਸਿੰਘ, ਕਮਲੇਸ ਕੌਰ ਫ਼ਤਿਹਗੜ੍ਹ ਛੰਨਾ, ਗੁਰਦੀਪ ਸਿੰਘ ਦੇਹਕਲਾ, ਮੇਵਾ ਸਿੰਘ ਘਾਬਦਾਂ, ਜਸਨ ਸਿੰਘ, ਕਰਨ ਸਿੰਘ, ਬਿੰਦਰ ਸਿੰਘ, ਅਕਾਸ਼ ਧਾਲੀਵਾਲ ਕਨੋਈ, ਮਨੀ, ਪ੍ਰਨੀਤ ਕੌਰ, ਮਨਿੰਦਰ ਸਿੰਘ, ਸਾਜਨ ਕਾਂਗੜਾ, ਮਨੋਜ ਕੁਮਾਰ, ਕਮਲ ਧੀਮਾਨ, ਰਾਜਨ ਕਾਂਗੜਾ, ਦੱਦੂ,ਕਾਲੂ, ਅਨਮੋਲ ਤੇ ਹਰਮਨ ਆਦਿ ਹਾਜ਼ਰ ਸਨ।

# ਏਡਜ਼ ਪ੍ਰਤੀ ਪੂਰੀ ਜਾਣਕਾਰੀ ਹੀ ਬਿਮਾਰੀ ਤੋਂ ਬਚਾਅ : ਸਿਵਲ ਸਰਜਨ

**ਮੋਗਾ (ਅਮਰਜੀਤ ਬੱਬਰੀ)**

ਜ਼ਿਲ੍ਹਾ ਸਿਹਤ ਵਿਭਾਗ ਵੱਲੋਂ ਸਿਵਲ ਸਰਜਨ ਡਾਥ ਰਾਜੇਸ਼ ਅੱਤਰੀ ਦੀ ਅਗਵਾਈ ਹੇਠ ਵਿਸ਼ਵ ਏਡਜ਼ ਦਿਵਸ ਦਾ ਆਯੋਜਨ ਥੀਮ 'ਲੈਟ ਕਮਿਊਨਿਟੀ ਲੀਡ' ਤਹਿਤ ਸ਼ਹਿਰ ਅੰਦਰ ਰੈਲੀ ਕੱਢੀ ਗਈ, ਜਿਸ ਵਿੱਚ ਸਿਵਲ ਸਰਜਨ ਡਾਕਟਰ ਰਜੇਸ਼ ਅੱਤਰੀ ਨੇ ਹਰੀ ਝੰਡੀ ਦੇ ਕੇ ਰੈਲੀ ਨੂੰ ਰਵਾਨਾ ਕੀਤਾ।ਦਫਤਰ ਸਿਵਲ ਸਰਜਨ ਤੋਂ ਪ੍ਰੋਗਰਾਮ ਅਫ਼ਸਰ ਡਾ. ਅਸ਼ੋਕ ਸਿੰਗਲਾ, ਡਾਕਟਰ ਰੀਤੂ ਜੈਨ, ਡੀ ਪੀ ਐਮ ਪ੍ਰਵੀਨ ਸ਼ਰਮਾ, ਅੰਮ੍ਰਿਤ ਸ਼ਰਮਾ ਤੇ ਨਰਸਿੰਗ ਟੀਚਰ ਕਮਲਪ੍ਰੀਤ ਕੌਰ, ਪ੍ਰਿੰਸੀਪਲ ਰੁਪਿੰਦਰ ਕੌਰ ਲਾਲਾ ਲਾਜਪਤ ਰਾਏ ਨਰਸਿੰਗ ਕਾਲਜ ਵੀ ਹਾਜ਼ਰ ਸਨ।ਇਹ ਰੈਲੀ ਲਾਲਾ ਲਾਜਪਤ ਰਾਏ ਨਰਸਿੰਗ ਕਾਲਜ ਮੋਗਾ ਤੇ ਸਰਕਾਰੀ ਨਰਸਿੰਗ ਸਕੂਲ ਦੀਆਂ ਵਿਦਿਆਰਥਣਾਂ ਦੇ ਸਹਿਯੋਗ ਨਾਲ਼ ਕੀਤੀ ਗਈ।ਸਿਵਲ ਸਰਜਨ ਡਾ. ਰਾਜੇਸ਼ ਅੱਤਰੀ ਨੇ ਕਿਹਾ ਕਿ ਏਡਜ਼ ਬਿਮਾਰੀ ਦੀ ਜਾਣਕਾਰੀ ਹੀ ਇਸ ਤੋਂ ਬਚਾਅ ਹੈ।ਉਨ੍ਹਾਂ ਕਿਹਾ ਕਿ ਏਡਜ਼ ਦੀ ਬਿਮਾਰੀ ਦਾ ਮੁੱਖ ਕਾਰਨ ਐਚ.ਆਈ.ਵੀ. ਗ੍ਰਸਤ ਔਰਤ/ਮਰਦ ਨਾਲ ਅਸੁਰੱਖਿਅਤ ਯੋਨ ਸਬੰਧ ਰੱਖਣਾ, ਬਿਨਾਂ ਉਬਾਲੀ ਸਰਿੰਜ ਦੀ ਵਰਤੋਂ ਕਰਨਾ, ਬਿਨਾਂ ਜਾਂਚ ਕੀਤਾ ਖੂਨ ਚੜ੍ਹਾਉਣਾ ਹੈ ਤੇ ਐਚ.ਆਈ.ਵੀ. ਗ੍ਰਸਤ ਗਰਭਵਤੀ ਔਰਤ ਤੋਂ ਉਸ ਦੇ ਹੋਣ ਵਾਲੇ ਬੱਚੇ ਨੂੰ ਵੀ ਏਡਜ਼ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ।

## ਕਾਤਰਾਂ

### ਦੇਸ਼ ਭਗਤ 'ਵਰਸਿਟੀ ਦੇ ਨਰਸਿੰਗ ਦੇ ਵਿਦਿਆਰਥੀਆਂ ਵੱਲੋਂ ਚੱਪੜ-ਚਿੜੀ ਦਾ ਦੌਰਾ

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਦੇ ਬੀਐੱਸਸੀ ਨਰਸਿੰਗ ਅਤੇ ਜੀਐੱਨਐੱਮ ਦੇ ਵਿਦਿਆਰਥੀਆਂ ਨੇ ਚੱਪੜ ਚਿੜੀ ਦਾ ਦੌਰਾ ਕੀਤਾ ਜੋ ਕਿ ਪਿੰਡ ਫਤਿਹ ਬੁਰਜ (ਦੀ ਵਿਕਟਰੀ ਟਾਵਰ) ਕਾਰਨ ਮਸ਼ਹੂਰ ਹੈ। ਸ਼੍ਰੀਮਤੀ ਸੁਨੈਨਾ ਸ਼ਰਮਾ, ਐਸੋਸੀਏਟ ਪ੍ਰੋਫੈਸਰ, ਪੁਨੀਤ ਗਿੱਲ, ਹਨੀ ਹਸਤੀਰ ਅਤੇ ਮੀਨੂੰ ਨਰਸਿੰਗ ਟਿਊਟਰ ਨੇ ਵਿਦਿਆਰਥੀਆਂ ਦੇ ਨਾਲ ਇਤਿਹਾਸਕ ਸਥਾਨ ਦਾ ਦੌਰਾ ਕੀਤਾ। ਉਨ੍ਹਾਂ ਵਿਦਿਆਰਥੀਆਂ ਨੂੰ ਦੱਸਿਆ ਕਿ ਇਹ ਭਾਰਤ ਦਾ ਸਭ ਤੋਂ ਉੱਚਾ ਟਾਵਰ (ਮੀਨਾਰ) ਹੈ। ਇਸ ਟਾਵਰ ਦੀ ਉਚਾਈ 420 ਫੁੱਟ ਹੈ ਅਤੇ ਇਹ 1710 ਵਿੱਚ ਭਾਰਤ ਵਿੱਚ ਸਿੱਖ ਰਾਜ ਦੀ ਸਥਾਪਨਾ ਨੂੰ ਸਮਰਪਿਤ ਹੈ। ਇਸ ਨੂੰ ਬਾਬਾ ਬੰਦਾ ਸਿੰਘ ਬਹਾਦਰ (ਵਾਰ ਮੈਮੋਰੀਅਲ) ਯਾਦਗਾਰ ਟਾਵਰ ਵਜੋਂ ਵੀ ਜਾਣਿਆ ਜਾਂਦਾ ਹੈ।

### ਕੇਂਦਰ ਸਰਕਾਰ ਰੁਮਾਲਾ ਸਾਹਿਬ 'ਤੇ ਜੀ ਐਸ ਟੀ ਵਾਪਸ ਲਵੇ : ਕਮਲ ਲੱਕੀ ਅਰੋੜਾ



**ਸਮਾਣਾ (ਇਕਬਾਲ ਸਿੰਘ ਬੱਲ)**-ਸਿੱਖ ਪੰਥ ਵੱਲੋਂ ਗੁਰੂ ਘਰਾਂ 'ਚ ਰੁਮਾਲਾ ਸਾਹਿਬ ਬੜੀ ਸ਼ਰਧਾ ਨਾਲ ਭੇਟ ਕੀਤੇ ਜਾਂਦੇ ਹਨ, ਪਰ ਕੇਂਦਰ ਸਰਕਾਰ ਨੇ ਰੁਮਾਲਾ ਤਿਆਰ ਹੋਣ ਵਾਲੀ ਹਰ ਵਸਤੂ 'ਤੇ ਜੀਐਸਟੀ ਟੈਕਸ ਲਾਗੂ ਕੀਤਾ ਹੈ। ਰੁਮਾਲਾ ਕਲਾਥ ਮੈਨੂਫੈਕਚਰ ਐਸੋਸੀਏਸ਼ਨ ਭਾਰਤ ਦੇ ਬੁਲਾਰੇ ਕਮਲ ਲੱਕੀ ਅਰੋੜਾ ਨੇ ਕੇਂਦਰ ਸਰਕਾਰ ਤੋਂ ਇਹ ਟੈਕਸ ਵਾਪਸ ਲੈਣ ਦੀ ਮੰਗ ਕੀਤੀ ਹੈ। ਉਨ੍ਹਾਂ ਦੱਸਿਆ ਕਿ ਇਹ ਸਮਾਨ ਗੁਜਰਾਤ ਸਟੇਟ 'ਚ ਵਧੇਰੇ ਤਿਆਰ ਹੁੰਦਾ ਹੈ ਤੇ ਸਿੱਖ ਧਰਮ ਤੋਂ ਇਲਾਵਾ ਭਾਰਤ ਦੇ ਹਰ ਸਟੇਟ ਵਿੱਚ ਬਣੇ ਹਿੰਦੂ ਮੰਦਰਾਂ ਤੇ ਪੀਰਾਂ ਦੀ ਦਰਗਾਹ ਤੇ ਵੀ ਇਹ ਕੱਪੜਾ ਵਰਤਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਐਸੋਸੀਏਸ਼ਨ ਵੱਲੋਂ ਇਸ ਮੰਗ ਪ੍ਰਤੀ ਕੇਂਦਰ ਸਰਕਾਰ ਨੂੰ ਮੰਗ ਪੱਤਰ ਭੇਜੇ ਗਏ ਹਨ, ਪਰ ਇਸ ਹੱਕੀ ਮੰਗ ਬਾਰੇ ਕੋਈ ਗੌਰ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਉਹ ਜਲਦੀ ਹੀ ਪੰਜਾਬ ਸਮੇਤ ਹੋਰ ਕੁਝ ਸਟੇਟਾਂ ਦੇ ਪ੍ਰਤੀਨਿਧ ਮੰਡਲ ਨੂੰ ਨਾਲ ਲੈ ਕੇ ਕੇਂਦਰ ਸਰਕਾਰ ਨਾਲ ਗੱਲ ਕਰਨਗੇ।

### ਕਿਸਾਨਾਂ ਦੇ ਢਹੇ ਕੋਠਿਆਂ 'ਤੇ ਵੀ ਚੋਰਾਂ ਦੀ ਨਜ਼ਰ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਕੋਈ ਸਮਾਂ ਸੀ ਕਿ ਕਿਸਾਨ ਆਪਣੇ ਖੇਤ ਵਿੱਚ ਖੁੱਲ੍ਹੀ ਪਈ ਹਰ ਚੀਜ਼ ਨੂੰ ਮਹਿਫੂਜ਼ ਸਮਝਦਾ ਸੀ, ਪਰ ਹੁਣ ਚੋਰਾਂ ਤੋਂ ਕਿਸਾਨ ਪ੍ਰੇਸ਼ਾਨ ਹਨ। ਪਿੰਡ ਹਿੰਮਤਪੁਰਾ ਦੇ ਰਹਿਣ ਵਾਲੇ ਕਿਸਾਨ ਦਲੀਪ ਸਿੰਘ ਨੇ ਦੁੱਖ ਭਰੇ ਲਹਿਜੇ ਨਾਲ ਸਾਰੇ ਚੋਰਾਂ ਨੂੰ ਬੇਨਤੀ ਕੀਤੀ ਹੈ ਕਿ ਸਾਡੇ ਬਿਜਾਈ ਜੋਗੇ ਦਾਣੇ ਤਾਂ ਬਖ਼ਸ਼ ਦਿਆ ਕਰੋ। ਕਿਸਾਨ ਦਲੀਪ ਸਿੰਘ ਦੀ ਪਿੰਡ ਨਕੋੜਾ ਵਿੱਚ ਜ਼ਮੀਨ ਹੈ।ਇਹ ਕਿਸਾਨ ਕਣਕ ਦੀ ਫ਼ਸਲ ਬੀਜਣ ਦੀ ਤਿਆਰੀ ਕਰ ਰਿਹਾ ਸੀ ਤਾਂ ਕਿਸਾਨ ਦਾ ਬੀਜ ਅਤੇ ਡੀਏਪੀ ਖਾਦ ਉਸਦੇ ਕੋਠੇ ਵਿਚੋਂ ਚੋਰੀ ਹੋ ਗਈ।ਕਿਸਾਨ ਨੇ ਹੁਣ ਰਾਣੀਆਂ ਥਾਣੇ ਵਿੱਚ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ ਹੈ।ਕਿਸਾਨ ਦਲੀਪ ਸਿੰਘ ਦਾ ਕਹਿਣਾ ਹੈ ਕਿ ਉਸਨੇ ਆਪਣੇ ਖੇਤ ਵਿੱਚ ਕਣਕ ਦੀ ਬਿਜਾਈ ਲਈ 7 ਥੈਲੇ ਕਣਕ ਦੇ ਬੀਜ ਅਤੇ 3 ਥੈਲੇ ਡੀਏਪੀ ਖਾਦ ਲੈ ਕੇ ਖੇਤ ਵਿੱਚ ਬਣੇ ਕਮਰੇ ਵਿੱਚ ਬੀਜ ਅਤੇ ਖਾਦ ਰੱਖੀ ਹੋਈ ਸੀ। ਬੀਤੇ ਦਿਨ ਜਦੋਂ ਉਹ ਬਿਜਾਈ ਲਈ ਖੇਤ ਵਿੱਚ ਆਇਆ ਤਾਂ ਕਮਰੇ ਵਿੱਚੋਂ ਬੀਜ ਅਤੇ ਖਾਦ ਚੋਰਾਂ ਨੇ ਕਮਰੇ ਦੇ ਗੇਟ ਦਾ ਤਾਲਾ ਤੋੜ ਕੇ ਚੋਰੀ ਕਰ ਲਈ।ਪੀੜਤ ਕਿਸਾਨ ਦਾ ਕਹਿਣਾ ਹੈ ਕਿ ਉਸ ਦਾ ਕਾਫੀ ਨੁਕਸਾਨ ਹੋ ਗਿਆ ਹੈ।

# ਖੁੰਭਾਂ ਵਾਂਗੂ ਪੁੰਗਰ ਰਹੇ ਆਈਲੈਟਸ ਤੇ ਇਮੀਗ੍ਰੇਸ਼ਨ ਸੈਂਟਰ

**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਮੁੱਖ ਮੰਤਰੀ ਭਗਵੰਤ ਮਾਨ ਤਾਂ ਕਹਿੰਦੇ ਹਨ ਕਿ ਗੋਰੇ ਏਥੇ ਆ ਕੇ ਕੰਮ ਕਰਿਆ ਕਰਨਗੇ, ਪਰ ਬਾਹਰਲਿਆਂ ਨੇ ਤਾਂ ਕੀ ਆਉਣਾ, ਏਥੇ ਤਾਂ ਆਪਣੇ ਹੀ ਦਿਨੋ-ਦਿਨ ਆਈਲੈਟਸ ਤੇ ਇਮੀਗ੍ਰੇਸ਼ਨ ਸੈਂਟਰ ਖੋਲ੍ਹੀ ਜਾਂਦੇ ਨੇ। ਮਾਛੀਵਾੜਾ ਸਾਹਿਬ ਤਾਂ ਇਹ ਆਈਲੈਟਸ ਤੇ ਇਮੀਗ੍ਰੇਸਨ ਸੈਂਟਰ ਦਾ ਹੱਬ ਹੀ ਬਣ ਗਿਆ ਹੈ। ਆਈਲੈਟਸ ਸੈਂਟਰ ਦੀ ਗੱਲ ਹੋਵੇ ਤਾਂ 5000 ਤੋਂ ਲੈ ਕੇ 10000 ਤੱਕ ਦੀ ਫ਼ੀਸ ਵਾਲੇ ਸੈਂਟਰ ਤਾਂ ਏਥੇ ਮਿਲ ਜਾਣਗੇ, ਜੋ ਬੱਚਿਆ ਤੋਂ ਫ਼ੀਸਾਂ ਬਟੋਰਨ ਲਈ 8, 9 ਬੈਂਡ ਦੇ ਕਾਗ਼ਜ਼ ਦਿਖਾ ਕੇ ਏਨਾ ਕ ਮੋਟੀਵੇਟ ਕਰ ਦਿੰਦੇ ਹਨ ਕਿ ਬੱਚਾ ਆਪਣਾ ਸਭ ਕੁਝ ਭੁੱਲ ਭੁਲਾ ਕੇ ਬਾਹਰ ਜਾਣ ਦੇ ਸੁਪਨੇ ਦੇਖਣ ਲੱਗਦਾ ਹੈ ਤੇ ਬੱਚਾ ਕਲੇਸ਼ ਕਰਕੇ ਆਪਣੇ ਘਰਦਿਆਂ ਨੂੰ ਆਈਲੈਟਸ ਕਰਾਉਣ ਲਈ ਤੰਗ ਪ੍ਰੇਸ਼ਾਨ ਕਰਦਾ ਹੈ। ਇਮੀਗ੍ਰੇਸ਼ਨ ਸੈਂਟਰ ਦੀ ਗੱਲ ਕਰੀਏ ਤਾਂ ਹਰ ਚੌਥੇ ਦਿਨ ਹੀ ਨਵਾਂ ਕੋਈ ਨਾ ਕੋਈ ਆਪਣਾ ਇਮੀਗ੍ਰੇਸ਼ਨ ਸੈਂਟਰ ਖੋਲ੍ਹ ਕੇ ਬੈਠ ਜਾਂਦਾ ਹੈ। ਕਈ ਇਮੀਗ੍ਰੇਸਨ ਸੈਂਟਰ ਤਾਂ ਨਵੇਂ ਤਰੀਕੇ ਵਰਤਣ ਲੱਗ ਪਏ ਹਨ ਕਿ ਲੰਡਨ, ਕੈਨੇਡਾ ਤੇ ਆਸਟ੍ਰੇਲੀਆ ਵਰਗਿਆਂ ਦੇਸਾਂ ਦੀ ਐਂਟਰੀ ਦਿਵਾਉਣ ਲਈ ਵਿਜ਼ਟਰ ਵੀਜ਼ੇ ਅਪਲਾਈ ਕਰਨ ਲਈ 10000-15000 ਰੁਪਏ ਇੱਕ ਵੀਜ਼ੇ ਪਿੱਛੇ ਲੈ ਰਹੇ ਹਨ, ਜਿਸ ਵਿੱਚ ਕਹਿੰਦੇ ਹਨ ਕਿ ਤੁਹਾਡੀ ਕਿਸਮਤ ਹੈ ਜੇ ਵੀਜ਼ਾ ਲੱਗ ਜਾਂਦਾ ਹੈ। ਪਰ ਇਸ ਵੇਲੇ ਬੇਰੁਜ਼ਗਾਰੀ ਕਰਕੇ ਉਹ ਆਪਣੇ ਬੱਚਿਆਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਵਿਦੇਸ਼ ਭੇਜਣ ਲਈ ਉਤਾਵਲੇ ਹਨ ਤੇ ਉਹ ਪੈਸੇ ਦੀ ਪ੍ਰਵਾਹ ਨਹੀਂ ਕਰਦੇ ਤਾਂ ਜੁ ਬਚਿਆ ਦਾ ਫਿਊਚਰ ਵਧੀਆ ਬਣ ਸਕੇ। ਕਈ ਇਮੀਗ੍ਰੇਸ਼ਨ ਸੈਂਟਰਾਂ ਨੇ ਲੋਕਾਂ ਨੂੰ ਆਪਣੇ ਵੱਲ ਆਕਰਸ਼ਤ ਕਰਨ ਲਈ ਤਾਂ ਕੈਨੇਡਾ, ਆਸਟ੍ਰੇਲੀਆ ਏਨੇ ਕਿਲੋਮੀਟਰ ਲਿਖਿਆ ਹੋਇਆ ਹੈ ਤੇ ਕਈਆਂ ਨੇ ਰਿਸ਼ਤੇ ਕਰਾਉਣ ਦਾ ਕੰਮ ਵੀ ਆਪੇ ਸਾਂਭ ਰੱਖਿਆ ਹੈ, ਜਿਸ ਵਿੱਚ ਜਿਹੜੇ ਮੁੰਡੇ ਜਾਂ ਕੁੜੀ ਕੋਲੋਂ ਆਈਲੈਟਸ ਪਾਸ ਨਹੀਂ ਹੁੰਦੀ। ਉਨ੍ਹਾਂ ਲਈ ਆਈਲੈਟਸ ਵਾਲੇ ਮੁੰਡੇ ਕੁੜੀਆਂ ਦਾ ਰਿਸ਼ਤਾ ਕਰਾਉਂਦੇ ਨੇ, ਜਿਨ੍ਹਾਂ ਦੀ ਫ਼ੀਸ ਇੱਕ ਤੋਂ ਡੇਢ ਲੱਖ ਰੁਪਏ ਲਈ ਜਾਂਦੀ ਹੈ। ਮਾਛੀਵਾੜਾ ਸਾਹਿਬ ਵਿੱਚ ਕੁਝ ਕੁ ਇਮੀਗ੍ਰੇਸ਼ਨ ਤਾਂ ਏਦਾਂ ਦੇ ਨੇ, ਜੋ 45-45 ਲੱਖ ਰੁਪਏ ਲੈ ਕੇ ਅਮਰੀਕਾ, ਕੈਨੇਡਾ ਦੀ ਡੌਂਕੀ ਲਵਾਉਂਦੇ ਨੇ, ਪਿਛਲੇ ਦਿਨੀਂ ਪਈ ਰੇਡ 'ਤੇ ਬੇਸ਼ੱਕ ਹੀ ਉਹ ਭਗੌੜਾ ਹੋ ਗਏ ਸੀ, ਸ਼ਾਇਦ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਸੈਟਿੰਗ ਕਰਕੇ ਦੁਬਾਰਾ ਆਪਣੇ ਸੈਂਟਰ 'ਚ ਬਿਰਾਜਮਾਨ ਹੋ ਗਏ ਹੋਣ ਤੇ ਕੁੱਝ ਬਿਨਾਂ ਲਾਇਸੈਂਸ ਦੇ ਇਮੀਗ੍ਰੇਸ਼ਨ ਤੇ ਆਈਲੈਟਸ ਵੀ ਖੁੱਲ੍ਹੇ ਹੋਏ ਨੇ, ਜਿਨ੍ਹਾਂ 'ਤੇ ਪ੍ਰਸ਼ਾਸਨ ਵੱਲੋਂ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ।

# 35ਵਾਂ ਦੁੂਖ ਨਿਵਾਰਨ ਕੈਂਪ ਨਾਮੁ ਜਾਪੁ ਕਥਾ ਕੀਰਤਨ ਸਮਾਗਮ ਦਾ ਸਮਾਪਨ




**ਜਲਾਲਾਬਾਦ (ਜੀਤ ਕੁਮਾਰ)**

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਚੱਲ ਰਿਹਾ 5 ਰੋਜ਼ਾ 35ਵਾਂ ਦੁੱਖ ਨਿਵਾਰਨ ਕੈਂਪ ਨਾਮੁ ਜਾਪੁ ਕਥਾ ਕੀਰਤਨ ਸਮਾਗਮ ਸਮਾਪਤ ਹੋ ਗਿਆ ਹੈ। ਸ਼ਨੀਵਾਰ ਦੇਰ ਰਾਤ ਨੂੰ ਸਜਾਏ ਗਏ ਦੀਵਾਨਾਂ ਵਿਚ ਭਾਈ ਗੁਰ ਪ੍ਰਤਾਪ ਸਿੰਘ ਜੀ, ਭਾਈ ਤਜਿੰਦਰ ਪਾਲ ਸਿੰਘ ਜੀ ਸ੍ਰੀ ਮੁਕਤਸਰ ਸਾਹਿਬ, ਭਾਈ ਓਂਕਾਰ ਸਿੰਘ ਜੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ, ਡਾ. ਸੁਖਪ੍ਰੀਤ ਸਿੰਘ ਜੀ ਉਧੋਕੇ ਵੱਲੋਂ ਗੁਰ ਇਤਿਹਾਸ ਤੇ ਗੁਰਮਤਿ ਵਿਚਾਰਾਂ ਸਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਮਾਤਾ ਗੁਜਰੀ ਸਕੂਲ ਦੇ ਬੱਚਿਆਂ ਵੱਲੋਂ ਸ਼ਬਦ ਕੀਰਤਨ ਕੀਤਾ ਗਿਆ।

ਸਮਾਗਮ ਦੇ 5ਵੇਂ ਤੇ ਆਖਰੀ ਦਿਨ ਸਵੇਰੇ 8 ਵਜੇ ਅੰਮ੍ਰਿਤ ਸੰਚਾਰ ਦਾ ਵੀ ਆਯੋਜਨ ਕੀਤਾ ਗਿਆ। ਇਸਦੇ ਬਾਅਦ ਸਵੇਰੇ ਕਰੀਬ 11 ਵਜੇ ਕੀਰਤਨ ਦਰਬਾਰ ਸ਼ੁਰੂ ਹੋਇਆ ਅਤੇ ਭਾਈ ਬਲਵਿੰਦਰ ਸਿੰਘ ਰੰਗੀਲਾ ਰਾਗੀ ਜੱਥੇ ਵੱਲੋਂ ਗੁਰੂ ਜੱਸ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਭਾਈ ਬਲਵਿੰਦਰ ਸਿੰਘ ਜੀ ਨੇ ਖਾਸ ਕਰਕੇ ਨੌਜਵਾਨ ਪੀੜ੍ਹੀ ਨੂੰ ਆਪਣੇ ਬਜ਼ੁਰਗਾਂ ਦੀ ਸੇਵਾ ਕਰਨ ਲਈ ਪ੍ਰੇਰਿਤ ਕੀਤਾ। ਇਸਦੇ ਨਾਲ ਹੀ ਨੌਜਵਾਨਾਂ ਨੂੰ ਨਸ਼ਿਆਂ ਵਰਗੀਆਂ ਬੁਰਾਈਆਂ ਪਿੱਛੇ ਹੱਟ ਕੇ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ 'ਤੇ ਜ਼ੋਰ ਦੇਣ ਲਈ ਕਿਹਾ ਗਿਆ। ਸਮਾਗਮ ਵਿੱਚ ਆਏ ਮਹਿਮਾਨਾਂ ਅਤੇ ਪਿਛਲੇ 5 ਦਿਨ ਤੋਂ ਸੇਵਾ ਕਰਨ ਵਾਲੇ ਸੇਵਾਦਾਰਾਂ ਨੂੰ ਪ੍ਰਬੰਧਕਾਂ ਵੱਲੋਂ ਸਨਮਾਨਤ ਕੀਤਾ ਗਿਆ। ਸਮਾਗਮ ਦੀ ਸਮਾਪਤੀ ਉਪਰੰਤ ਗੁਰੂ ਕਾ ਅਤੁੱਟ ਲੰਗਰ ਸੰਗਤਾਂ ਵਿੱਚ ਵਰਤਾਇਆ ਗਿਆ। ਸਮਾਗਮ ਵਿੱਚ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਜਲਾਲਾਬਾਦ ਦੀ ਪ੍ਰਬੰਧਕੀ ਕਮੇਟੀ ਦੇ ਸਰਪ੍ਰਸਤ ਸ਼ੇਰ ਸਿੰਘ, ਪ੍ਰਧਾਨ ਪ੍ਰਤਾਪ ਸਿੰਘ ਖਾਲਸਾ, ਮੀਤ ਪ੍ਰਧਾਨ ਸੁਰਿੰਦਰ ਸਿੰਘ, ਸਕੱਤਰ ਜਤਿੰਦਰ ਸਿੰਘ, ਇੰਦਰਜੀਤ ਸਿੰਘ, ਗੁਰਦੀਪ ਸਿੰਘ, ਸੰਪੂਰਨ ਸਿੰਘ, ਗੁਰਦਿਆਲ ਸਿੰਘ, ਸੁਖਪ੍ਰੀਤ ਸਿੰਘ, ਸੁਰਜੀਤ ਸਿੰਘ, ਚਰਨਜੀਤ ਸਿੰਘ, ਪੂਰਨ ਸਿੰਘ, ਤਰਲੋਚਨ ਸਿੰਘ, ਹਰਿੰਦਰ ਸਿੰਘ, ਅੰਮ੍ਰਿਤਪਾਲ ਸਿੰਘ, ਜਸਵਿੰਦਰ ਸਿੰਘ, ਵਿਜੈ ਸਿੰਘ, ਗੁਰਵਿੰਦਰ ਸਿੰਘ, ਭੁਪਿੰਦਰਪਲ ਸਿੰਘ, ਗੁਰਪ੍ਰੀਤ ਸਿੰਘ, ਤਜਿੰਦਰਪਾਲ ਸਿੰਘ, ਸੁਰਜੀਤ ਸਿੰਘ, ਭਾਈ ਸੁਖਦੀਪ ਸਿੰਘ, ਭਾਈ ਗੁਰਨਾਮ ਸਿੰਘ, ਮੈਨੇਜਰ ਅਤਿੰਦਰ ਸਿੰਘ ਤੇ ਗੋਲਡੀ ਆਦਿ ਸੇਵਾਦਾਰ ਹਾਜ਼ਰ ਸਨ।

# ਮਿੱਠ-ਬੋਲੜੇ ਸੁਭਾਅ ਦੇ ਮਾਲਕ ਸਨ ਮਾਤਾ ਹਰਭਜਨ ਕੌਰ

**ਮਲੋਟ (ਗੁਰਮੀਤ ਸਿੰਘ ਮੱਕੜ)**



ਮਾਤਾ ਹਰਭਜਨ ਕੌਰ ਬਹੁਤ ਹੀ ਮਿੱਠ ਬੋਲੜੇ, ਮਿਲਣਸਾਰ, ਨੇਕਦਿਲ ਤੇ ਧਾਰਮਿਕ ਖਿਆਲਾਂ ਦੇ ਔਰਤ ਸਨ। ਉਨ੍ਹਾਂ ਦਾ ਜਨਮ ਕਸਬਾ ਗਾਵਰਵਾਲੀ ਵਿੱਚ ਪਿਤਾ ਚਮਨ ਲਾਲ ਦੇ ਘਰ ਹੋਇਆ। ਦੇਸ਼ ਦੀ ਵੰਡ ਤੋਂ ਬਾਅਦ ਉਨ੍ਹਾਂ ਦਾ ਪਰਿਵਾਰ ਗੰਗਾਨਗਰ ਆ ਵਸਿਆ, ਜਿੱਥੇ ਉਨ੍ਹਾਂ ਦਾ ਵਿਆਹ ਸੁਤੰਤਰਤਾ ਸੈਨਾਨੀ ਨਰੈਣ ਸਿੰਘ ਮੱਕੜ ਨਾਲ ਹੋਇਆ। ਕੁੱਝ ਸਮਾਂ ਗੰਗਾਨਗਰ ਰਹਿਣ ਤੋਂ ਬਾਅਦ ਉਹ ਮਲੋਟ ਆ ਵਸੇ, ਜਿੱਥੇ ਉਨ੍ਹਾਂ ਜ਼ਿੰਦਗੀ ਦੀ ਨਵੀਂ ਸ਼ੁਰੂਆਤ ਕੀਤੀ। ਜਦੋਂ ਉਨ੍ਹਾਂ ਦੇ ਪਤੀ ਨੂੰ 1944 ਵਿਚ ਅੰਗਰੇਜ਼ਾਂ ਨੇ ਜੇਲ੍ਹ ਭੇਜ ਦਿੱਤਾ ਤਾਂ ਉਨ੍ਹਾਂ ਆਪਣੇ ਪਰਵਾਰ ਨੂੰ ਪਿਤਾ ਦੀ ਕਮੀ ਨਾ ਮਹਿਸੂਸ ਹੋਣ ਦਿੱਤੀ ਅਤੇ ਜ਼ਿੰਦਗੀ ਦੇ ਬਿਖਰੇ ਰਾਹਾਂ 'ਤੇ ਚੱਲਦਿਆਂ ਤੰਗੀਆਂ ਤੁਰਸ਼ੀਆਂ ਸਹਾਰਦਿਆਂ ਪਰਵਾਰ ਦੀ ਉੱਨਤੀ ਲਈ ਦਿਨ ਰਾਤ ਮਿਹਨਤ ਕੀਤੀ ਅਤੇ ਆਪਣੇ ਬੱਚਿਆਂ ਨੂੰ ਉੱਚ ਸਿੱਖਿਆ ਦਿਵਾਈ। 30 ਸਾਲ ਗਠੀਆ ਰੋਗ ਤੋਂ ਪੀੜ੍ਹਤ ਹੋਣ ਦੇ ਬਾਵਜੂਦ ਉਨ੍ਹਾਂ ਆਪਣੀ ਉਸਾਰੂ ਸੋਚ ਨਾਲ ਆਪਣੇ ਪਰਵਾਰ ਦੀ ਵਧੀਆ ਢੰਗ ਨਾਲ ਪਾਲਣ ਪੋਸ਼ਣ ਕੀਤਾ। ਉਨ੍ਹਾਂ ਦੀ ਦੂਰਅੰਦੇਸ਼ੀ ਸੋਚ ਅਤੇ ਲਿਆਕਤ ਸਦਕਾ ਪਰਵਾਰ ਨੂੰ ਤਰੱਕੀ ਦੀ ਲੀਹ 'ਤੇ ਤੋਰਿਆ। ਉਨ੍ਹਾਂ ਦੀ ਵਿਖਾਈ ਸੇਧ ਕਰਕੇ ਪਰਵਾਰ ਦਾ ਸਮਾਜ ਵਿੱਚ ਪੂਰਾ ਸਨਮਾਨ ਹੈ। ਲੰਮੀ ਬਿਮਾਰੀ ਕਾਰਨ 3 ਦਸੰਬਰ, 2001 ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੀ ਕੁੱਖੋਂ ਤਿੰਨ ਬੇਟੀਆਂ ਦਲਜੀਤ ਕੌਰ, ਸੁਰਜੀਤ ਕੌਰ, ਜੋਗਿੰਦਰ ਕੌਰ ਤੇ ਤਿੰਨ ਬੇਟੇ ਪ੍ਰੀਤਮ ਸਿੰਘ, ਅਮਰਜੀਤ ਸਿੰਘ ਅਤੇ ਗੁਰਮੀਤ ਸਿੰਘ ਆਪਣੀ ਮਾਤਾ ਦੇ ਪਾਏ ਪੂਰਨਿਆਂ 'ਤੇ ਚੱਲਦੇ ਹੋਏ ਸਮਾਜ ਸੇਵਾ ਦੇ ਕੰਮਾਂ ਵਿਚ ਵਧ-ਚੜ੍ਹ ਕੇ ਹਿੱਸਾ ਲੈ ਰਹੇ ਹਨ।

ਉਨ੍ਹਾਂ ਦੀ 22ਵੀਂ ਬਰਸੀ 'ਤੇ ਉਨ੍ਹਾਂ ਦੇ ਪਰਵਾਰ ਤੇ ਸਨੇਹੀਆਂ ਵੱਲੋਂ ਗੁਰਦੁਆਰਾ ਭਾਈ ਜਗਤਾ ਜੀ ਵਿਖੇ ਪਾਠ ਦੇ ਭੋਗ ਪਾਏ ਜਾਣਗੇ ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣਗੇ।

# ਬਠਿੰਡਾ 'ਚ 10 ਤੱਕ ਕਰਾਈ ਜਾ ਰਹੀ 'ਸ਼ਿਵ ਮਹਾਂਪੁਰਾਣ ਕਥਾ'

## 7 ਦਿਨ ਚੱਲੇਗਾ ਕਥਾ ਦਾ ਪ੍ਰਵਾਹ

**ਬਠਿੰਡਾ (ਪਰਵਿੰਦਰਜੀਤ ਸਿੰਘ)**

ਪੰਜਾਬ ਕ੍ਰਿਕਟ ਐਸੋਸੀਏਸਨ ਦੇ ਪ੍ਰਧਾਨ ਅਮਰਜੀਤ ਮਹਿਤਾ ਵੱਲੋਂ ਬਠਿੰਡਾ ਵਿੱਚ 4 ਤੋਂ 10 ਜਨਵਰੀ ਤੱਕ ਖੇਡ ਸਟੇਡੀਅਮ ਵਿਖੇ ਦੁਪਹਿਰ 2 ਵਜੇ ਤੋਂ ਸ਼ਾਮ 5 ਵਜੇ ਤੱਕ 'ਸ਼ਿਵ ਮਹਾਂਪੁਰਾਣ ਕਥਾ' ਦਾ ਆਯੋਜਨ ਕਰਾਇਆ ਜਾ ਰਿਹਾ ਹੈ, ਜਿਸ ਲਈ ਤਿਆਰੀਆਂ ਮੁਕੰਮਲ ਕਰ ਲਈਆਂ ਹਨ। ਇਹ ਧਾਰਮਿਕ ਸਮਾਗਮ ਮਾਲਵਾ ਦੇ ਪ੍ਰਸਿੱਧ ਸ਼ਹਿਰ ਬਠਿੰਡਾ ਲਈ ਇੱਕ ਇਤਿਹਾਸਕ ਯਾਦਗਾਰ ਸਾਬਤ ਹੋਵੇਗਾ, ਜਿਸ ਦਾ ਮੁੱਖ ਮਕਸਦ ਸਮਾਜਿਕ ਕੁਰੀਤੀਆਂ ਖਿਲਾਫ਼ ਲੋਕਾਂ ਨੂੰ ਲਾਮਬੰਦ ਕਰਕੇ ਨਸ਼ਿਆਂ ਦੀ ਕੁੜੱਤਣ ਨੂੰ ਖਤਮ ਕਰਨ ਲਈ ਜਾਗਰੂਕ ਕਰਨਾ ਤੇ ਗੁਰੂ ਦੇ ਗਿਆਨ ਨਾਲ ਭੰਡਾਰ ਭਰਨਾ ਹੈ।

ਅਮਰਜੀਤ ਮਹਿਤਾ ਪ੍ਰਧਾਨ ਪੰਜਾਬ ਕ੍ਰਿਕਟ ਐਸੋਸੀਏਸ਼ਨ ਨੇ ਦੱਸਿਆ ਕਿ 'ਸ਼ਿਵ ਮਹਾਂਪੁਰਾਣ ਕਥਾ' ਵਿੱਚ ਅੰਤਰਰਾਸ਼ਟਰੀ ਕਥਾ ਪ੍ਰਵਕਤਾ ਭਾਗਵਤ ਭੂਸ਼ਣ ਪੰਡਤ ਪ੍ਰਦੀਪ ਮਿਸ਼ਰਾ ਜੀ ਸੀਹੋਰ ਵਾਲੇ ਪ੍ਰਵਚਨ ਕਰਨ ਲਈ ਪਹੁੰਚ ਰਹੇ ਹਨ, ਜਿਨ੍ਹਾਂ ਦੇ ਬਠਿੰਡਾ ਆਗਮਨ ਮੌਕੇ ਰੇਲਵੇ ਸਟੇਸ਼ਨ ਦੇ ਨਜ਼ਦੀਕ ਪੋਸਟ ਆਫਿਸ ਬਜ਼ਾਰ ਦੇ ਪ੍ਰਸਿੱਧ ਸ੍ਰੀ ਹਨੂੰਮਾਨ ਮੰਦਰ ਤੋਂ ਲੈ ਕੇ ਪ੍ਰਧਾਨ ਪੰਜਾਬ ਕ੍ਰਿਕਟ ਐਸੋਸੀਏਸ਼ਨ ਅਮਰਜੀਤ ਮਹਿਤਾ ਜੀ ਦੇ ਨਿਵਾਸ ਸਥਾਨ ਬੀਬੀ ਵਾਲਾ ਰੋਡ ਤੱਕ ਰੱਥ ਯਾਤਰਾ ਵੀ ਕੱਢੀ ਜਾਵੇਗੀ।

ਸਮਾਜਿਕ ਕੁਰੀਤੀਆਂ ਖਿਲਾਫ਼ ਸੰਦੇਸ਼ ਦੇਣ ਵਾਲੇ ਇਸ ਧਾਰਮਿਕ ਸਮਾਗਮ ਮੌਕੇ ਸਕੂਲੀ ਬੱਚਿਆਂ ਦੇ ਡਰਾਇੰਗ ਮੁਕਾਬਲਿਆਂ ਤੋਂ ਇਲਾਵਾ ਖੂਨਦਾਨ ਕੈਂਪ, ਸਾਈਕਲ ਅਤੇ ਬਾਈਕ ਰੈਲੀ ਵੀ ਕੱਢੀ ਜਾਵੇਗੀ, ਤਾਂ ਜੁ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਖਿਲਾਫ ਲਾਮਬੰਦ ਕਰਕੇ ਤੰਦਰੁਸਤ ਸਿਹਤ ਲਈ ਜਾਗਰੂਕ ਕੀਤਾ ਜਾਵੇ ਅਤੇ ਧਾਰਮਿਕ ਸਮਾਗਮ ਰਾਹੀਂ ਸਮੂਹ ਸ਼ਰਧਾਲੂਆਂ ਨੂੰ ਗੁਰੂ ਦੇ ਗਿਆਨ ਪ੍ਰਤੀ ਜਾਣਕਾਰੀ ਦੇਣ ਦੇ ਨਾਲ ਲਾਮਬੰਦ ਕੀਤਾ ਜਾ ਸਕੇ। 7 ਦਿਨ ਚੱਲਣ ਵਾਲੀ ਸ਼ਿਵ ਮਹਾਂਪੁਰਾਣ ਕਥਾ ਦਾ ਇਹ ਧਾਰਮਿਕ ਸਮਾਗਮ ਪ੍ਰਸਿੱਧ ਸ਼ਹਿਰ ਬਠਿੰਡਾ ਵਿੱਚ ਇਤਿਹਾਸਕ ਹੋਵੇਗਾ, ਕਿਉਂਕਿ ਇਸ ਵਿੱਚ ਹਜ਼ਾਰਾਂ ਸ਼ਰਧਾਲੂਆਂ ਦੇ ਪਹੁੰਚਣ ਲਈ ਯੋਗ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਪ੍ਰੋਗਰਾਮ ਦੀ ਸਫਲਤਾ ਲਈ ਜ਼ਿਲ੍ਹਾ ਪ੍ਰਸ਼ਾਸਨ ਦਾ ਵੀ ਪੂਰਨ ਸਹਿਯੋਗ ਰਹੇਗਾ ਅਤੇ ਇਸ ਸਮਾਗਮ ਵਿੱਚ ਪੰਜਾਬ ਸਰਕਾਰ ਦੇ ਮੰਤਰੀ ਸਮੇਤ ਵਿਧਾਇਕ, ਚੇਅਰਮੈਨ ਤੇ ਹੋਰ ਸ਼ਖ਼ਸੀਅਤਾਂ ਵੀ ਸ਼ਮੂਲੀਅਤ ਕਰਨ ਲਈ ਪਹੁੰਚ ਰਹੀਆਂ ਹਨ।

# ਡੀ ਏ ਵੀ ਕਕਰਾਲਾ 'ਚ ਕਲੱਸਟਰ ਪੱਧਰੀ ਖੇਡ ਮੁਕਾਬਲੇ ਕਰਾਏ




**ਸਮਾਣਾ (ਇਕਬਾਲ ਸਿੰਘ ਬੱਲ)**-ਡੀ.ਏ.ਵੀ ਨੈਸ਼ਨਲ ਸਪੋਰਟਸ ਅਧੀਨ ਪਟਿਆਲਾ ਕਲੱਸਟਰ ਦੇ ਇੰਚਾਰਜ ਸ੍ਰੀ ਵਿਵੇਕ ਤਿਵਾੜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਡੀ.ਏ.ਵੀ ਨੈਸ਼ਨਲ ਸਪੋਰਟਸ ਦੀਆਂ ਵੱਖ-ਵੱਖ ਖੇਡਾਂ ਕਲੱਸਟਰ ਪੱਧਰ 'ਤੇ ਡੀ.ਏ.ਵੀ ਪਬਲਿਕ ਸਕੂਲ ਕਕਰਾਲਾ ਵਿਖੇ ਕਰਾਈਆਂ ਗਈਆਂ। ਇਹ ਪ੍ਰੋਗਰਾਮ ਸਕੂਲ ਦੇ ਪ੍ਰਿੰਸੀਪਲ ਮਨੋਜ ਕੁਮਾਰ ਸਰਮਾ ਦੀ ਦੇਖ-ਰੇਖ ਹੇਠ ਕਰਾਇਆ ਗਿਆ। ਸਕੂਲ ਦੇ ਵਿਹੜੇ 'ਚ ਅੰਡਰ 14, ਅੰਡਰ 17 ਤੇ 19 ਸਾਲ ਤੋਂ ਘੱਟ ਉਮਰ ਵਰਗ ਦੇ ਲੜਕੇ ਅਤੇ ਲੜਕੀਆਂ ਦੀਆਂ ਖੋ-ਖੋ ਅਤੇ ਕਰਾਟੇ ਦੀਆਂ ਖੇਡਾਂ ਕਰਾਈਆਂ ਗਈਆਂ ।

ਟੂਰਨਾਮੈਂਟ 'ਚ ਪਟਿਆਲਾ ਕਲੱਸਟਰ ਦੇ ਡੀ.ਏ.ਵੀ ਕਕਰਾਲਾ, ਡੀ.ਏ.ਵੀ ਸਮਾਣਾ ਤੇ ਡੀ.ਏ.ਵੀ ਬਾਦਸ਼ਾਹਪੁਰ ਦੀਆਂ ਟੀਮਾਂ ਨੇ ਭਾਗ ਲਿਆ। ਟੂਰਨਾਮੈਂਟ ਵਿੱਚ ਆਏ ਹੋਏ ਖਿਡਾਰੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਹ ਮੁਕਾਬਲੇ ਖੇਡ ਮਾਹਿਰਾਂ ਦੀ ਦੇਖ-ਰੇਖ ਹੇਠ ਕਰਾਏ ਗਏ।

ਖੋ-ਖੋ ਅੰਡਰ-14 ਵਰਗ ਵਿੱਚ ਡੀ.ਏ.ਵੀ ਕਕਰਾਲਾ ਦੇ ਖਿਡਾਰੀਆਂ ਨੇ ਡੀ.ਏ.ਵੀ ਬਾਦਸ਼ਾਹਪੁਰ ਦੇ ਲੜਕਿਆਂ ਨੂੰ ਹਰਾ ਕੇ ਸੋਨ ਤਗਮਾ ਜਿੱਤਿਆ। ਖੋ-ਖੋ ਦੇ ਬਾਕੀ ਵਰਗਾਂ ਵਿੱਚ ਡੀ.ਏ.ਵੀ ਕਕਰਾਲਾ ਦੀ ਟੀਮਾਂ ਬਿਨਾਂ ਮੁਕਾਬਲਾ ਜੇਤੂ ਰਹੀਆਂ ।

ਕਰਾਟੇ ਵਿੱਚ ਅੰਡਰ-14 (ਲੜਕਿਆਂ) ਦੇ 40 ਕਿਲੋ ਤੇ 60 ਕਿਲੋ ਭਾਰ ਵਰਗ ਵਿੱਚ ਡੀ.ਏ.ਵੀ ਸਮਾਣਾ ਨੇ ਗੋਲਡ ਮੈਡਲ ਹਾਸਲ ਕੀਤਾ ਤੇ ਅੰਡਰ-14 (ਲੜਕੀਆਂ) ਦੇ 26 ਕਿਲੋ, 30 ਕਿਲੋ, 34 ਕਿਲੋ ਅਤੇ 46 ਕਿਲੋ ਭਾਰ ਵਰਗ ਵਿੱਚ ਡੀ.ਏ.ਵੀ ਬਾਦਸ਼ਾਹਪੁਰ ਤੇ 38 ਕਿਲੋ, 42 ਕਿਲੋ ਭਾਰ ਵਰਗ ਡੀ.ਏ.ਵੀ ਕਕਰਾਲਾ ਨੇ ਗੋਲਡ ਮੈਡਲ ਹਾਸਲ ਕੀਤਾ। ਕਰਾਟੇ ਵਿੱਚ ਅੰਡਰ-17 (ਲੜਕਿਆਂ) ਦੇ 62 ਕਿਲੋ ਵਰਗ ਵਿੱਚ ਡੀ.ਏ.ਵੀ ਸਮਾਣਾ ਨੇ ਗੋਲਡ ਅਤੇ ਡੀ.ਏ.ਵੀ ਕਕਰਾਲਾ ਨੇ ਸਿਲਵਰ ਮੈਡਲ ਹਾਸਲ ਕੀਤਾ, 66 ਕਿਲੋ ਵਰਗ ਵਿੱਚ ਡੀ.ਏ.ਵੀ ਕਕਰਾਲਾ ਨੇ ਗੋਲਡ ਤੇ ਡੀ.ਏ.ਵੀ ਸਮਾਣਾ ਨੇ ਸਿਲਵਰ ਮੈਡਲ ਹਾਸਲ ਕੀਤਾ ਤੇ ਅੰਡਰ-17 (ਲੜਕੀਆਂ) ਦੇ 40 ਕਿਲੋ ਭਾਰ ਵਰਗ ਵਿੱਚ ਡੀ.ਏ.ਵੀ ਕਕਰਾਲਾ ਨੇ ਗੋਲਡ ਮੈਡਲ ਹਾਸਲ ਕੀਤਾ, 44 ਕਿਲੋ ਭਾਰ ਵਰਗ ਵਿੱਚ ਡੀ.ਏ.ਵੀ ਸਮਾਣਾ ਨੇ ਗੋਲਡ ਕਕਰਾਲਾ ਨੇ ਸਿਲਵਰ ਤੇ ਬਾਦਸ਼ਾਹਪੁਰ ਨੇ ਬ੍ਰੌਂਜ ਮੈਡਲ ਜਿੱਤਿਆ। 48 ਕਿਲੋ ਭਾਰ ਵਰਗ ਵਿੱਚ ਡੀ.ਏ.ਵੀ ਕਕਰਾਲਾ ਨੇ ਗੋਲਡ ਸਮਾਣਾ ਨੇ ਸਿਲਵਰ ਤੇ ਬਾਦਸ਼ਾਹਪੁਰ ਨੇ ਬ੍ਰੌਂਜ ਮੈਡਲ ਜਿੱਤਿਆ। 52 ਕਿਲੋ ਭਾਰ ਵਰਗ ਵਿੱਚ ਡੀ.ਏ.ਵੀ ਬਾਦਸ਼ਾਹਪੁਰ ਨੇ ਗੋਲਡ ਤੇ ਸਮਾਣਾ ਨੇ ਸਿਲਵਰ ਮੈਡਲ ਜਿੱਤਿਆ। 60 ਕਿਲੋ ਭਾਰ ਵਰਗ ਵਿੱਚ ਡੀ.ਏ.ਵੀ ਕਕਰਾਲਾ ਨੇ ਗੋਲਡ ਤੇ ਸਿਲਵਰ ਮੈਡਲ ਹਾਸਲ ਕੀਤੇ। ਕਰਾਟੇ 'ਚ ਅੰਡਰ-19 (ਲੜਕੀਆਂ) ਦੇ 44 ਕਿਲੋ ਭਾਰ ਵਰਗ ਵਿੱਚ ਡੀ.ਏ.ਵੀ ਕਕਰਾਲਾ ਨੇ ਗੋਲਡ ਮੈਡਲ ਹਾਸਲ ਕੀਤਾ।

# ਸੁੰਦਰ ਸਿੰਘ ਤੇ ਮਾਨਸ ਕੌਰ ਦੀ ਯਾਦ 'ਚ ਲਾਇਆ ਅੱਖਾਂ ਦਾ ਕੈਂਪ



**ਨਾਭਾ (ਵਰਿੰਦਰ ਵਰਮਾ)**-ਰੋਟਰੀ ਕਲੱਬ ਨਾਭਾ ਵੱਲੋਂ ਸਵ. ਸੁੰਦਰ ਸਿੰਘ ਅਤੇ ਸਵ. ਮਾਨਸ ਕੌਰ ਦੀ ਨਿੱਘੀ ਯਾਦ ਵਿੱਚ ਬਿਨਾਂ ਚੀਰਾ ਬਿਨਾਂ ਟਾਂਕਾ ਅੱਖਾਂ ਵਿੱਚ ਲੈਂਜ਼ ਪਾਉਣ ਦਾ ਮੁਫ਼ਤ ਚੈੱਕਅਪ ਅਤੇ ਅਪ੍ਰੇਸ਼ਨ ਕੈਂਪ ਰੋਟਰੀ ਭਵਨ ਪਟਿਆਲਾ ਗੇਟ ਵਿਖੇ ਲਾਇਆ ਗਿਆ। ਇਸ ਕੈਂਪ ਵਿੱਚ ਡਾ. ਅਤੁੱਲ ਕੱਕੜ (ਅੱਖਾਂ ਦੇ ਮਾਹਿਰ), ਡਾ. ਦਿਨਕਰ ਮਿੱਤਲ, ਡਾ. ਐਚ.ਐਸ.ਰੰਧਾਵਾ ਦੀ ਟੀਮ ਵੱਲੋਂ 470 ਦੇ ਕਰੀਬ ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕਅਪ ਕੀਤਾ ਗਿਆ ਅਤੇ ਕੱਕੜ ਆਈ ਹਸਪਤਾਲ, ਪਟਿਆਲਾ ਵਿਖੇ 92 ਦੇ ਕਰੀਬ ਮਰੀਜ਼ਾਂ ਦੇ ਬਿਨਾਂ ਚੀਰਾ ਬਿਨਾਂ ਟਾਂਕਾ ਲੈਂਜ਼ ਪਾਏ ਜਾਣਗੇ। ਕੈਂਪ ਵਿੱਚ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਰੋਟਰੀ ਕਲੱਬ ਵੱਲੋਂ ਹਮੇਸ਼ਾ ਹੀ ਸਮਾਜ ਭਲਾਈ ਦੇ ਕਾਰਜ ਕੀਤੇ ਜਾਂਦੇ ਹਨ। ਇਸ ਤਰ੍ਹਾਂ ਦੇ ਕੈਂਪ ਲਗਾਉਣਾ ਬਹੁਤ ਹੀ ਵਧੀਆ ਉਪਰਾਲਾ ਹੈ, ਜਿਸ ਨਾਲ ਜਰੂਰਤਮੰਦਾਂ ਦੀ ਮਦਦ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਦਰਸ਼ਨ ਬੁੱਟਰ ਅਤੇ ਪ੍ਰੋਜੈਕਟ ਚੇਅਰਮੈਨ ਦਲਜੀਤ ਸੰਧੂ ਵੱਲੋਂ ਅੱਖਾਂ ਦਾ ਕੈਂਪ ਲਾਉਣਾ ਬਹੁਤ ਹੀ ਵਧੀਆ ਉਪਰਾਲਾ ਹੈ। ਕੈਂਪ ਵਿੱਚ ਮਰੀਜ਼ਾਂ ਨੂੰ ਦਵਾਈਆਂ ਕਲੱਬ ਵੱਲੋਂ ਮੁਫ਼ਤ ਦਿੱਤੀਆਂ ਗਈਆਂ ਅਤੇ ਮਰੀਜ਼ਾਂ ਲਈ ਚਾਹ ਪਾਣੀ ਅਤੇ ਲੰਗਰ ਦਾ ਪ੍ਰਬੰਧ ਕਲੱਬ ਵੱਲੋਂ ਕੀਤਾ ਗਿਆ।

# 'ਆਪ' ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਲਾਹੇਵੰਦ ਸਾਬਤ ਹੋ ਰਹੀਆਂ : ਗੈਰੀ ਬੜਿੰਗ



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**

ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਪੰਜਾਬ ਵਾਸੀਆਂ ਨਾਲ ਕੀਤੇ ਗਏ ਵਾਅਦਿਆਂ ਨੂੰ ਇਕ-ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ, ਉਥੇ ਹੀ ਜਲਦ ਹੁਣ ਔਰਤਾਂ ਨੂੰ ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਵੀ ਦੇਣ ਜਾ ਰਹੀ ਹੈ, ਉਥੇ ਹੀ 'ਆਪ' ਸਰਕਾਰ ਸਾਰੇ ਵਾਅਦਿਆਂ ਨੂੰ ਪੂਰਾ ਕਰੇਗੀ। ਵਿਧਾਇਕ ਵੱਲੋਂ ਕੱਚੇ ਮਕਾਨ ਦੇ 59 ਲਾਭਪਾਤਰੀਆਂ ਨੂੰ 15 ਲੱਖ ਦੇ ਕਰੀਬ ਰਾਸ਼ੀ ਜਾਰੀ ਕੀਤੀ ਗਈ। ਵਿਧਾਇਕ ਬੜਿੰਗ ਨੇ ਅੱਗੇ ਕਿਹਾ ਕਿ 'ਆਪ' ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਬਣਦੀਆਂ ਸਹੂਲਤਾਂ ਮੁਹੱਈਆ ਕਰਾਈਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਦਾ ਲਾਭ ਵੀ ਸਹੀ ਹੱਕਦਾਰਾਂ ਤੱਕ ਪੁੱਜਦਾ ਕੀਤਾ ਜਾ ਰਿਹਾ ਹੈ। ਵਿਧਾਇਕ ਬੜਿੰਗ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਸ਼ੁਰੂ ਕੀਤੀ ਗਈ ਹੈ, ਜਿਸ ਨਾਲ ਧਰਮਿਕ ਅਸਥਾਨਾਂ ਦੇ ਦਰਸਨ ਕਰਨ ਦਾ ਕਾਫੀ ਲੋਕਾਂ ਦਾ ਸੁਪਨਾ ਪੂਰਾ ਹੋਵੇਗਾ। ਵਿਧਾਇਕ ਬੜਿੰਗ ਨੇ ਕਿਹਾ ਕਿ ਕੱਚੇ ਮਕਾਨ ਦੇ 59 ਲਾਭਪਾਤਰੀਆਂ ਨੂੰ 15 ਲੱਖ ਦੇ ਕਰੀਬ ਰਾਸ਼ੀ ਜਾਰੀ ਕੀਤੀ ਗਈ ਅਤੇ ਹੁਣ ਤੱਕ ਕੁੱਲ 122 ਲਾਭਪਾਤਰੀਆਂ ਨੂੰ 44 ਲੱਖ ਦੇ ਕਰੀਬ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਹੈ ਅਤੇ ਕਿਸੇ ਨਾਲ ਵੀ ਕੋਈ ਪੱਖਪਾਤ ਨਹੀਂ ਕੀਤਾ ਜਾ ਰਿਹਾ।

ਇਸ ਮੌਕੇ ਬਲਾਕ ਪ੍ਰਧਾਨ ਸਿਕੰਦਰ ਸਿੰਘ ਗੋਗੀ, ਪ੍ਰਧਾਨ ਅਮਰੀਕ ਸਿੰਘ ਔਲਖ, ਪ੍ਰਧਾਨ ਦਰਸ਼ਨ ਸਿੰਘ ਭੱਦਲਥੂਹਾ, ਦਫ਼ਤਰ ਇੰਚਾਰਜ ਰਾਮ ਬਾਵਾ, ਜਸਵੀਰ ਸਿੰਘ ਫੌਜੀ, ਗੁਰਪਾਲ ਸਿੰਘ, ਸਨੀ ਮਾਹੀ, ਅਸ਼ੀਸ਼ ਜਿੰਦਲ, ਪ੍ਰਧਾਨ ਕੁਲਦੀਪ ਦੀਪਾ, ਹਰਵਿੰਦਰ ਵਾਲੀਆ, ਦਵਿੰਦਰ ਅਰੋੜਾ, ਸੂਰਜ ਸਿੰਘ, ਬੰਟੀ ਅਮਲੋਹ, ਜਗਦੇਵ ਸਿੰਘ, ਬੰਤ ਸਿੰਘ, ਰੁਪਿੰਦਰ ਜਿੰਦਲ ਤੇ ਕੱਚੇ ਮਕਾਨਾਂ ਦੇ ਲਾਭਪਾਤਰੀ ਮੌਜੂਦ ਸਨ।

# ਮਾਨ ਦੀ ਅਗਵਾਈ ਵਾਲੀ ਸਰਕਾਰ ਹਰ ਫਰੰਟ 'ਤੇ ਫੇਲ੍ਹ : ਡਿੰਪੀ ਢਿੱਲੋਂ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**

ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਤ ਹੋ ਰਹੀ ਹੈ। ਪੰਜਾਬ ਵਿੱਚ ਕਾਨੂੰਨ ਵਿਵਸਥਾ ਨਹੀ ਰਹੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਹਲਕਾ ਗਿੱਦੜਬਾਹਾ ਦੇ ਮੁੱਖ ਸੇਵਾਦਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਕੀਤਾ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਤੋਂ ਦੋ ਤਿੰਨ ਦਿਨ ਪਹਿਲਾ ਦੀ ਚਰਨ ਛੋਹ ਪ੍ਰਾਪਤ ਧਰਤੀ ਸੁਲਤਾਨਪੁਰ ਲੋਧੀ ਵਿਖੇ ਗੁਰਦੁਆਰਾ ਸਾਹਿਬ ਵਿਖੇ ਪੁਲਸ ਵੱਲੋਂ ਜੋੜੇ ਪਾ ਕੀਤੀ ਗਈ ਗੋਲੀਬਾਰੀ ਨਾਲ ਹੋਈ ਬੇਅਦਬੀ ਬੇਹੱਦ ਮੰਦਭਾਗੀ ਘਟਨਾ ਹੈ, ਜਿਸ ਨਾਲ ਸਮੂਹ ਸਿੱਖ ਸੰਗਤ ਅਤੇ ਗੁਰੂ ਨਾਨਕ ਨਾਮ ਲੇਵਾ ਸੰਗਤ ਦੇ ਹਿਰਦੇ ਨੂੰ ਭਾਰੀ ਠੇਸ ਪੁੱਜੀ ਹੈ।

ਉਨ੍ਹਾਂ ਕਿਹਾ ਕਿ ਬਹਿਬਲ ਕਾਂਡ ਤੇ ਬਰਗਾੜੀ ਗੋਲੀ ਕਾਂਡ ਵਿੱਚ ਧਰਮ ਦੇ ਠੇਕੇਦਾਰ ਅਖਵਾਉਣ ਵਾਲੇ ਆਗੂ ਤੇ ਭਗਵੰਤ ਮਾਨ ਸਮੇਤ ਵਿਰੋਧੀ ਸਾਰੇ ਅਕਾਲੀ ਦਲ ਦੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾ ਰਹੇ ਸਨ, ਪਰ ਹੁਣ ਸਰਕਾਰ ਭਗਵੰਤ ਮਾਨ ਦੀ ਹੈ ਤੇ ਨਾ ਕੋਈ ਕਾਂਗਰਸੀ ਤੇ ਨਾ ਧਰਮ ਦੇ ਠੇਕੇਦਾਰ ਅਖਵਾਉਣ ਵਾਲੇ ਕੋਈ ਵੀ ਨਹੀ ਬੋਲ ਰਿਹਾ, ਕਿਉਂਕਿ ਇਸ ਬੇਅਦਬੀ ਦੇ ਖਿਲਾਫ਼ ਕਿਸੇ ਦਾ ਨਾ ਬੋਲਣਾ ਸਾਬਤ ਕਰਦਾ ਹੈ ਕਿ ਅਖੌਤੀ ਪੰਥਕ ਆਗੂ ਤੇ ਅਕਾਲੀ ਦਲ ਵਿਰੋਧੀ ਸਿਰਫ਼ ਸ਼੍ਰੋਮਣੀ ਅਕਾਲੀ ਦਲ ਨੂੰ ਬਦਨਾਮ ਕਰਨਾ ਚਾਹੁੰਦੇ ਸਨ, ਪਰ ਹੁਣ ਸੱਚ ਲੋਕਾਂ ਸਾਹਮਣੇ ਆ ਰਿਹਾ ਹੈ ਸਿਰਫ ਸ਼੍ਰੋਮਣੀ ਅਕਾਲੀ ਦਲ ਪੰਥਕ ਪਾਰਟੀ ਹੀ ਪੰਜਾਬ ਪੰਜਾਬੀਅਤ ਤੇ ਪੰਜਾਬ ਦੇ ਲੋਕਾਂ ਦੀ ਸੱਚੀ ਹਮਦਰਦ ਪਾਰਟੀ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਘਟਨਾਂ ਦੀ ਸੀ ਬੀ ਆਈ ਤੋਂ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ ਤਾਂ ਜੁ ਅਸਲੀ ਦੋਸ਼ੀਆਂ ਖਿਲਾਫ ਬਣਦੀ ਕਾਰਵਾਈ ਕਰਕੇ ਸਜ਼ਾਵਾਂ ਦਿੱਤੀਆਂ ਜਾਣ।

# ਸਿਹਤ ਵਿਭਾਗ ਨੇ ਰਾਸ਼ਟਰੀ ਪ੍ਰਦੂਸ਼ਣ ਕੰਟਰੋਲ ਦਿਵਸ 'ਤੇ ਜਾਗਰੂਕਤਾ ਪੋਸਟਰ ਕੀਤਾ ਜਾਰੀ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸਿਵਲ ਸਰਜਨ ਫਤਿਹਗੜ੍ਹ ਸਾਹਿਬ ਡਾ. ਦਵਿੰਦਰਜੀਤ ਕੌਰ ਦੀ ਅਗਵਾਈ ਹੇਠ ਸਿਹਤ ਵਿਭਾਗ ਵੱਲੋਂ ਰਾਸ਼ਟਰੀ ਪ੍ਰਦੂਸ਼ਣ ਕੰਟਰੋਲ ਦਿਵਸ ਮੌਕੇ ਜਾਗਰੂਕਤਾ ਪੋਸਟਰ ਜਾਰੀ ਕੀਤਾ ਗਿਆ। ਜਾਗਰੂਕਤਾ ਪੋਸਟਰ ਜਾਰੀ ਕਰਦਿਆਂ ਡਾ. ਦਵਿੰਦਰਜੀਤ ਕੌਰ ਨੇ ਕਿਹਾ ਕਿ ਸਿਹਤਮੰਦ ਜੀਵਨ ਲਈ ਸਾਫ ਸੁਥਰੇ ਵਾਤਾਵਰਣ ਦਾ ਹੋਣਾ ਅਤੀ ਹੁੰਦਾ ਹੈ ਅਤੇ ਪ੍ਰਦੂਸ਼ਣ ਨੂੰ ਕੰਟਰੋਲ ਕਰਕੇ ਹੀ ਵਾਤਾਵਰਣ ਨੂੰ ਸਾਫ ਸੁਥਰਾ ਰੱਖਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਵਾਤਾਵਰਣ ਦਾ ਪ੍ਰਦੂਸਣ ਮਨੁੱਖੀ ਸਿਹਤ ਲਈ ਸਭ ਤੋਂ ਵੱਡਾ ਖਤਰਾ ਹੈ ਜਿਸ ਨਾਲ ਦਿਲ, ਫੇਫੜਿਆਂ, ਦਿਮਾਗ ਅਤੇ ਅੱਖਾਂ ਦੀਆਂ ਬਿਮਾਰੀਆਂ ਆਦਿ ਤੋਂ ਇਲਾਵਾ ਹੋਰ ਵੀ ਬਹੁਤ ਕਿਸਮ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ। ਇਸ ਲਈ ਸਾਨੂੰ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਲਈ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਡਿਪਟੀ ਮੈਡੀਕਲ ਕਮਿਸਨਰ ਡਾ. ਸਰਿਤਾ ਨੇ ਕਿਹਾ ਕਿ ਵਾਤਾਵਰਣ ਨੂੰ ਪ੍ਰਦਸ਼ਤ ਹੋਣ ਤੋਂ ਬਚਾਉਣ ਲਈ ਪਲਾਸਟਿਕ ਵਸਤਾਂ ਦੀ ਵਰਤੋਂ ਬੰਦ ਕੀਤੀ ਜਾਵੇ, ਖਾਣਾ ਬਣਾਉਣ ਲਈ ਧੂੰਏ ਵਾਲੇ ਬਾਲਣ ਦੀ ਵਰਤੋਂ ਨਾ ਕੀਤੀ ਜਾਵੇ, ਪਰਾਲੀ ਨੂੰ ਅੱਗ ਨਾ ਲਗਾਈ ਜਾਵੇ, ਧੂਮਰਪਾਨ ਨਾ ਕੀਤਾ ਜਾਵੇ, ਫੈਕਟਰੀਆਂ ਦੇ ਧੂੰਏ ਲਈ ਪਲੂਸ਼ਨ ਕੰਟਰੋਲ ਬੋਰਡ ਦੀ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ, ਨਿੱਜੀ ਸਾਧਨਾਂ ਦੀ ਥਾਂ ਪਬਲਿਕ ਟ੍ਰਾਂਸਪੋਰਟ ਦੀ ਵਰਤੋਂ ਕੀਤੀ ਜਾਵੇ। ਇਸ ਮੌਕੇ ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਰਾਜੇਸ਼ ਕੁਮਾਰ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਬਲਜਿੰਦਰ ਸਿੰਘ, ਗੁਰਦੀਪ ਸਿੰਘ, ਜਸਵਿੰਦਰ ਕੌਰ, ਸਟੈਨੋ ਬਲਜੀਤ ਕੌਰ, ਬੀ.ਸੀ.ਸੀ ਅਮਰਜੀਤ ਸਿੰਘ, ਬੀ.ਈ.ਈ ਮਹਾਂਬੀਰ ਸਿੰਘ, ਵਿੱਕੀ ਵਰਮਾ, ਸੁਨੀਲ ਕੁਮਾਰ ਆਦਿ ਹਾਜ਼ਰ ਸਨ।

# ਇੰਟਰ ਸਕੂਲ ਡਾਂਸ ਮੁਕਾਬਲਿਆਂ 'ਚ ਗਲੋਬਲ ਸਕੂਲ ਦੀ ਝੰਡੀ

**ਸਮਰਾਲਾ (ਸੁਰਜੀਤ ਸਿੰਘ)**



ਸਹੋਦਿਆ ਸਕੂਲ ਕੰਪਲੈਕਸ ਲੁਧਿਆਣਾ ਈਸਟ-ਜ਼ੋਨ (ਖੰਨਾ) ਇੰਟਰ ਸਕੂਲ ਗਰੁੱਪ ਡਾਂਸ ਮੁਕਾਬਲਾ 2023 ਟੈਗੋਰ ਗਲੋਬਲ ਸਕੂਲ ਸੀਨੀਅਰ ਸੈਕੰਡਰੀ ਵਿਖੇ ਸ਼ੁਰੂ ਹੋਇਆ, ਜਿਸ ਵਿੱਚ 13 ਸਕੂਲਾਂ ਦੀਆਂ 19 ਟੀਮਾਂ ਨੇ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ।

ਸਮਾਗਮ ਦੀ ਸ਼ੁਰੂਆਤ ਸਕੂਲ ਦੇ ਪ੍ਰਿੰਸੀਪਲ ਸ੍ਰੀ ਮਨੋਜ ਕੁਮਾਰ ਤੇ ਮੁੱਖ ਮਹਿਮਾਨਾਂ ਨੇ ਸ਼ਮ੍ਹਾ ਰੌਸ਼ਨ ਕਰਕੇ ਕੀਤੀ। ਸਮਾਗਮ ਵਿੱਚ ਛੇਵੀਂ ਤੋਂ ਅੱਠਵੀਂ ਅਤੇ ਨੌਵੀਂ ਤੋਂ ਬਾਰ੍ਹਵੀਂ ਸ਼੍ਰੇਣੀ ਅਧੀਨ ਮੁਕਾਬਲੇ ਕਰਾਏ ਗਏ। ਇਸ ਮੌਕੇ ਜੱਜ ਦੀ ਭੂਮਿਕਾ ਸ੍ਰੀਮਤੀ ਆਭਾ ਬਖ਼ਸ਼ੀ ਡਾਂਸ ਅਧਿਆਪਕ ਲਾਲਾ ਸਰਕਾਰੂ ਮੱਲ ਸੀਨੀਅਰ ਸੈਕੰਡਰੀ ਸਕੂਲ ਖੰਨਾ ਤੇ ਐਸ਼ਵਰਿਆ ਭਾਰਦਵਾਜ ਡਾਂਸ ਅਧਿਆਪਕ ਦਿੱਲੀ ਪਬਲਿਕ ਸਕੂਲ ਖੰਨਾ ਨੇ ਨਿਭਾਈ। ਇਸ ਮੁਕਾਬਲੇ ਵਿੱਚ ਸ਼੍ਰੇਣੀ ਛੇਵੀਂ ਤੋਂ ਅੱਠਵੀਂ ਅਧੀਨ ਕ੍ਰਮਵਾਰ ਓਕਸਫੋਰਡ ਸੀਨੀਅਰ ਸਕੂਲ ਪਾਇਲ, ਮਾਊਂਟ ਇੰਟਰਨੈਸ਼ਨਲ ਸਕੂਲ ਲੁਧਿਆਣਾ, ਸੈਕਰਡ ਹਾਰਟ ਸੀਨੀਅਰ ਸੈਕੰਡਰੀ ਸਕੂਲ ਜਲਾਲਪੁਰ ਨੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ ਅਤੇ ਸ਼੍ਰੇਣੀ ਨੌਵੀਂ ਤੋਂ ਬਾਰ੍ਹਵੀਂ ਅਧੀਨ ਕ੍ਰਮਵਾਰ ਓਕਸਫੋਰਡ ਸੀਨੀਅਰ ਸਕੂਲ ਪਾਇਲ, ਮਾਊਂਟ ਇੰਟਰਨੈਸ਼ਨਲ ਸਕੂਲ ਲੁਧਿਆਣਾ, ਯੂ ਐੱਸ ਪੀ ਸੀ ਜੈਨ ਪਬਲਿਕ ਸਕੂਲ ਲੁਧਿਆਣਾ ਨੇ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਛੇਵੀਂ ਤੋਂ ਅੱਠਵੀਂ ਸ਼੍ਰੇਣੀ ਲਈ ਨਨਕਾਣਾ ਸਾਹਿਬ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕੋਟ ਗੰਗੂ ਰਾਏ ਤੇ ਨੌਵੀਂ ਤੋਂ ਬਾਰ੍ਹਵੀਂ ਸ੍ਰੇਣੀ ਲਈ ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਬੇਲਾ ਨੂੰ ਕਨਸੋਲੇਸ਼ਨ ਪੁਰਸਕਾਰ ਦਿੱਤੇ ਗਏ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ੍ਰੀ ਮਨੋਜ ਕੁਮਾਰ ਨੇ ਜੱਜ ਦੀ ਭੂਮਿਕਾ ਨਿਭਾਉਣ ਵਾਲੇ ਸ੍ਰੀਮਤੀ ਆਭਾ ਬਖ਼ਸ਼ੀ ਤੇ ਐਸ਼ਵਰਿਆ ਭਾਰਦਵਾਜ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਅਤੇ ਇਸ ਮੌਕੇ ਡਾਇਰੈਕਟਰ ਸ੍ਰੀ ਬਾਲ ਕ੍ਰਿਸ਼ਨ ਅਨੇਜਾ, ਸ੍ਰੀਮਤੀ ਸਵਾਤੀ ਅਨੇਜਾ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਮੁਕਾਬਲਿਆਂ 'ਚ ਭਾਗ ਲੈਣ ਲਈ ਪ੍ਰੇਰਤ ਕਰਦੇ ਹੋਏ ਕਿਹਾ ਕਿ ਸਕੂਲ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਹੋਰ ਗਤੀਵਿਧੀਆਂ ਵਿੱਚ ਵੀ ਭਾਗ ਲੈਣਾ ਚਾਹੀਦਾ ਹੈ ਤਾਂ ਜੁ ਉਨ੍ਹਾਂ ਦਾ ਸਰਵਪੱਖੀ ਵਿਕਾਸ ਹੋ ਸਕੇ।

page-6-4-(DEC)-2023-G-(BV).qxd 12/3/2023 10:33 PM Page 1



## ਨਾਭਾ ਉਤਸਵ ਸੰਮਤੀ ਨੁਮਾਇੰਦਿਆਂ ਨੇ ਐੱਸ ਐੱਸ ਪੀ ਨਾਲ ਕੀਤੀ ਮੁਲਾਕਾਤ



**ਨਾਭਾ (ਵਰਿੰਦਰ ਵਰਮਾ)**- ਬੀਤੇ ਦਿਨ ਨਾਭਾ ਵਿਚ ਇਕ ਸਾਂਤੀਪੂਰਨ ਭਗਵਾਨ ਖਾਟੂ ਸ਼ਿਆਮ ਜੀ ਨਿਸ਼ਾਨ ਧਾਰਮਿਕ ਯਾਤਰਾ 'ਤੇ ਤੇਜ਼ਾਬ ਸੁੱਟਿਆ ਗਿਆ। ਯਾਤਰਾ 'ਤੇ ਮੁਹੰਮਦ ਇਮਰਾਨ ਨਾਂ ਦੇ ਵਿਅਕਤੀ ਨੇ ਆਪਣੀ ਦੁਕਾਨ 'ਤੇ ਕੰਮ ਕਰਦੇ ਨਾਬਾਲਗ ਬੱਚਿਆਂ ਨੂੰ ਭੜਕਾ ਕੇ ਤੇਜ਼ਾਬ ਸੁਟਾਇਆ। ਜਿਸ ਨਾਲ ਕਾਫੀ ਮਹਿਲਾਵਾਂ ਤੇ ਬੱਚੇ ਜ਼ਖ਼ਮੀ ਹੋਏ। ਜਿਸ ਨੂੰ ਲੈ ਕੇ ਹਲਕਾ ਨਾਭਾ ਵਿਖੇ ਰੋਸ ਦੀ ਲਹਿਰ ਪਾਈ ਗਈ। ਹਿੰਦੂ ਸਮਾਜ ਨੇ ਕਿਹਾ ਕਿ ਇਹ ਇਕ ਸੋਚੀ ਸਮਝੀ ਸਾਜਿਸ਼ ਹੈ ਜੋ ਕਿ ਸਮਾਜ ਵਿਚ ਦੰਗਾ ਫੈਲਾ ਸਕਦੀ ਸੀ ਅਤੇ ਇਸ ਘਟਨਾ ਨੇ ਹਿੰਦੂ ਸਮਾਜ ਦੇ ਦਿਲਾਂ ਨੂੰ ਠੇਸ ਪਹੁੰਚੀ ਹੈ। ਸ਼ਹਿਰ ਵਿਚ ਬਹੁਤ ਅਣਪਛਾਤੇ ਲੋਕ ਹਨ ਜੋ ਕਿ ਪ੍ਰਸਾਸਨ ਲਈ ਕੋਈ ਹੋਰ ਦੁਰਘਟਨਾ ਨੂੰ ਅੰਜਾਮ ਦੇ ਸਕਦੇ ਹਨ। ਇਨ੍ਹਾਂ ਦੀ ਵੀ ਜਾਂਚ ਕੀਤੀ ਜਾਵੇ। ਜਿਸ ਨੂੰ ਲੈ ਕੇ ਵੱਖ-ਵੱਖ ਸੰਸਥਾਵਾਂ ਦੇ ਅਹੁਦੇਦਾਰਾਂ ਤੇ ਮੈਂਬਰਾਂ ਦੀ ਮਾਤਾ ਰਾਣੀ ਮੰਦਰ ਵਿਖੇ ਇਕੱਤਰਤਾ ਹੋਈ। ਇਸ ਮਾਮਲੇ ਨੂੰ ਲੈ ਕੇ ਨਾਭਾ ਉਤਸਵ ਕਮੇਟੀ ਨਾਭਾ ਵਲੋਂ ਐਸ ਐਸ ਪੀ ਪਟਿਆਲਾ ਨਾਲ ਮੁਲਾਕਾਤ ਕੀਤੀ ਗਈ। ਸਮੂਹ ਧਾਰਮਿਕ ਸੰਸਥਾਵਾਂ ਨਾਭਾ ਦੇ ਅਹੁਦੇਦਾਰਾਂ ਨੇ ਐਸ ਐਸ ਪੀ ਤੋਂ ਮੰਗ ਕੀਤੀ ਕਿ ਉਨ੍ਹਾਂ ਮੁਲਜ਼ਮਾਂ ਵਿਰੁੱਧ ਬਣਦੀ ਧਾਰਾ 307, 326, 295,153, 34 ਤੇ 120 ਤੇ ਹੋਰ ਧਾਰਾਵਾਂ ਨਾਲ ਮੁਕੱਦਮਾ ਦਰਜ ਕੀਤਾ ਜਾਵੇ। ਇਸ ਵਫਦ ਵਿੱਚ ਉਤਸਵ ਸੰਮਤੀ ਦੇ ਪ੍ਰਧਾਨ ਕ੍ਰਿਸ਼ਨ ਕੁੱਕੀ ਮੰਗਲਾ, ਹਰੀ ਕ੍ਰਿਸ਼ਨ ਸੇਠ ਪ੍ਰਧਾਨ ਸਵਰਨਕਾਰ ਸੰਘ ਨਾਭਾ, ਰਜਨੀਸ਼ ਮਿੱਤਲ ਸੈਂਟੀ ਸਾਬਕਾ ਨਗਰ ਕੌਂਸਲ ਪ੍ਰਧਾਨ ਅਤੇ ਕੌਂਸਲਰ ਨਾਭਾ, ਸੁਮਿਤ ਗੋਇਲ ਸੈਂਟੀ ਸ੍ਰੀ ਸ਼ਿਆਮ ਸੇਵਾ ਸੰਮਤੀ ਪ੍ਰਧਾਨ, ਪ੍ਰਵੀਨ ਗੋਗੀ ਮਿੱਤਲ, ਅਸ਼ੋਕ ਜਿੰਦਲ ਧਰਮ ਜਾਗਰਨ ਮੰਚ, ਗੌਰਵ ਗਾਬਾ ਵੱਲੋਂ ਅਤੇ ਹੋਰ ਬਹੁਤ ਸਾਰੀਆਂ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਪੁਲਸ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਇਸ ਤੇਜ਼ਾਬ ਕੇਸ ਦੀ ਘਟਨਾ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ ਅਤੇ ਅਸਲ ਸਾਜਿਸ਼ ਨੂੰ ਬੇਨਕਾਬ ਕੀਤਾ ਜਾਵੇ। ਇਸ ਮੌਕੇ ਪਵਨ ਗੁਪਤਾ ਸ਼ਿਵ ਸੈਨਾ ਦੇ ਪ੍ਰਧਾਨ ਪੰਜਾਬ ਵੀ ਮੀਟਿੰਗ ਵਿੱਚ ਮੌਜੂਦ ਰਹੇ। ਮੀਟਿੰਗ ਵਿੱਚ ਐਸ ਐਸ ਪੀ ਨੇ ਭਰੋਸਾ ਦਿੱਤਾ ਕਿ ਪ੍ਰਸ਼ਾਸਨ ਬਹੁਤ ਮੁਸਤੈਦੀ ਨਾਲ ਕੇਸ 'ਤੇ ਲੱਗਿਆ ਹੋਇਆ ਹੈ ਤੇ ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ।

## ਪ੍ਰਕਾਸ਼ ਸਿੰਘ ਬਾਦਲ ਦੇ ਜਨਮ ਦਿਨ ਮੌਕੇ ਹਰੇਕ ਵਿਧਾਨ ਸਭਾ ਹਲਕੇ 'ਚ ਲੱਗਣਗੇ ਖ਼ੂਨਦਾਨ ਕੈਂਪ

**ਮਮਦੋਟ ( ਹਰਪਾਲ ਸਿੰਘ ਸੋਢੀ )** ਪੰਜਾਬ ਦੀ ਇਤਿਹਾਸਕ ਪਾਰਟੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਕਈ ਵਾਰ ਪੰਜਾਬ ਦੇ ਮੁੱਖ ਮੰਤਰੀ ਰਹਿ ਚੁੱਕੇ ਸਵ: ਪ੍ਰਕਾਸ਼ ਸਿੰਘ ਬਾਦਲ ਦੇ ਜਨਮ ਦਿਵਸ ਨੂੰ ਸਮਰਪਿਤ 8 ਦਸੰਬਰ ਨੂੰ ਪੰਜਾਬ ਦੇ ਹਰ ਵਿਧਾਨ ਸਭਾ ਹਲਕੇ ਵਿੱਚ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਅਤੇ ਖ਼ੂਨਦਾਨ ਕੈਂਪ ਲਗਾਏ ਜਾਣੇ ਹਨ ।

ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਸ਼੍ਰੋਮਣੀ ਅਕਾਲੀ ਦਲ ( ਬਾਦਲ) ਫਿਰੋਜ਼ਪੁਰ ਦੇ ਜ਼ਿਲ੍ਹਾ ਪ੍ਰਧਾਨ ਜਥੇਦਾਰ ਚਮਕੌਰ ਸਿੰਘ ਟਿੱਬੀ ਨੇ ਦੱਸਿਆ ਕਿ ਇਸ ਲੜੀ ਦੇ ਤਹਿਤ ਪੰਜਾਬ ਅਤੇ ਪੰਜਾਬੀਅਤ ਦੇ ਹਿੱਤਾਂ ਦੀ ਰਾਖੀ ਕਰਨ ਵਾਲੇ ਪੰਥ ਰਤਨ ਪੰਜਾਬ ਦੇ ਦਰਵੇਸ਼ ਸਾਬਕਾ ਮੁੱਖ ਮੰਤਰੀ ਸਵ: ਪ੍ਰਕਾਸ਼ ਸਿੰਘ ਬਾਦਲ ਦੇ ਜਨਮ ਦਿਵਸ ਮੌਕੇ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਚਾਰ ਵਿਧਾਨ ਸਭਾ ਹਲਕਿਆਂ ਫਿਰੋਜ਼ਪੁਰ ਦਿਹਾਤੀ, ਫਿਰੋਜ਼ਪੁਰ ਸ਼ਹਿਰੀ , ਗੁਰੂਹਰਸਹਾਏ ਅਤੇ ਜ਼ੀਰਾ ਵਿਖੇ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਵਿਸ਼ਾਲ ਖ਼ੂਨਦਾਨ ਕੈਂਪ ਲਗਾਏ ਜਾਣਗੇ।

## ਦੀ ਰਿਟਾਇਰਡ ਰੈਵੀਨਿਊ ਕਾਨੂੰਨਗੋ ਪਟਵਾਰੀ ਵੈਲਫੇਅਰ ਐਸੋਸੀਏਸ਼ਨ ਦੀ ਮੀਟਿੰਗ



**ਮੋਗਾ (ਅਮਰਜੀਤ ਬੱਬਰੀ)**-ਦੀ ਰਿਟਾਇਰਡ ਰੈਵੀਨਿਊ ਕਾਨੂੰਨਗੋ ਪਟਵਾਰੀ ਵੈਲਫੇਅਰ ਐਸੋਸੀਏਸ਼ਨ ਦੀ ਮੀਟਿੰਗ ਦਰਸ਼ਨ ਸਿੰਘ ਗਿੱਲ ਜ਼ਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਨੇਚਰ ਪਾਰਕ ਮੋਗਾ ਵਿਖੇ ਹੋਈ। ਮੀਟਿੰਗ ਦੌਰਾਨ ਐਸੋਸੀਏਸ਼ਨ ਦਾ ਨਵੇਂ ਸਾਲ ਦਾ ਕੈਲੰਡਰ ਤਿਆਰ ਕਰਵਾਉਣ 'ਤੇ ਚਰਚਾ ਕੀਤੀ ਗਈ। ਪਾਸ ਹੋਇਆ ਕਿ ਇਸ ਵਾਰ ਕੈਲੰਡਰ 'ਤੇ ਐਸੋਸੀਏਸ਼ਨ ਮੈਂਬਰਾਂ ਦੀ ਗਰੁੱਪ ਫੋਟੋ ਲਗਵਾ ਕੇ ਕੈਲੰਡਰ ਤਿਆਰ ਕਰਵਾਇਆ ਜਾਵੇ।

ਮੀਟਿੰਗ ਦੌਰਾਨ ਬਿੱਲ ਕਲਰਕ ਨਿਹਾਲ ਸਿੰਘ ਵਾਲਾ ਵੱਲੋਂ ਰਿਟਾਇਰਡ ਸਾਥੀਆਂ ਦੇ ਡੀ ਏ ਦੇ ਬਿੱਲ ਖਜ਼ਾਨਾ ਦਫ਼ਤਰ ਨਾ ਭੇਜਣ 'ਤੇ ਇਤਰਾਜ਼ ਪ੍ਰਗਟਾਇਆ ਗਿਆ। ਐਸੋਸੀਏਸ਼ਨ ਬਿੱਲ ਕਲਰਕ ਨੂੰ ਤਾੜਨਾ ਕਰਦੀ ਹੈ ਕਿ ਬਿੱਲ ਤਰੁੰਤ ਤਿਆਰ ਕਰਕੇ ਖਜ਼ਾਨਾ ਦਫ਼ਤਰ ਭੇਜੇ ਜਾਣ।ਅੱਜ ਦੀ ਮੀਟਿੰਗ ਵਿੱਚ ਲਾਲ ਸਿੰਘ ਰਿਟਾਇਰਡ ਪਟਵਾਰੀ ਧਰਮਕੋਟ ਤੇ ਪ੍ਰਸ਼ੋਤਮ ਸਿੰਘ ਸਾਥੀ ਭਿੰਡਰ ਐਸੋਸੀਏਸ਼ਨ ਦੀ ਮੈਂਬਰਸ਼ਿਪ ਲੈ ਕੇ ਮੈਂਬਰ ਬਣੇ ਜਿਸ ਦਾ ਐਸੋਸੀਏਸ਼ਨ ਵੱਲੋਂ ਸਵਾਗਤ ਕੀਤਾ ਗਿਆ। ਨਵੇਂ ਮੈਂਬਰਾ ਨੂੰ ਐਸੋਸੀਏਸ਼ਨ ਵੱਲੋਂ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਗਿਆ। ਅੱਜ ਦੀ ਮੀਟਿੰਗ ਵਿੱਚ ਹਰੀਕ੍ਰਿਸ਼ਨ ਸਿੰਘ ਜਨਰਲ ਸਕੱਤਰ, ਗੁਰਮੇਲ ਸਿੰਘ ਖਜ਼ਾਨਚੀ, ਨਾਇਬ ਸਿੰਘ ਸਹਾਇਕ ਸਕੱਤਰ, ਜਗਰਾਜ ਸਿੰਘ ਸਹਾਇਕ ਖਜ਼ਾਨਚੀ, ਗੁਰਚਰਨ ਸਿੰਘ ਮੀਤ ਪ੍ਰਧਾਨ, ਠਾਣਾ ਸਿੰਘ ਮੀਤ ਪ੍ਰਧਾਨ, ਬਲਦੇਵ ਸਿੰਘ ਮੀਤ ਪ੍ਰਧਾਨ, ਮੱਖਣਜੀਤ ਕਾਨੂੰਨੀ ਸਕੱਤਰ, ਸੁਖਦੇਵ ਸਿੰਘ ਖੋਸਾ ਦਫ਼ਤਰ ਸਕੱਤਰ, ਨਾਇਬ ਸਿੰਘ ਸੰਗਠਨ ਸਕੱਤਰ, ਬਲਦੇਵ ਸਿੰਘ ਪ੍ਰਚਾਰ ਸਕੱਤਰ, ਗੁਰਮੇਲ ਸਿੰਘ ਪ੍ਰੈਸ ਸਕੱਤਰ, ਗੁਰਮੇਲ ਸਿੰਘ ਰਖਾਲਾ, ਗੁਰਮੀਤ ਸਿੰਘ ਸੰਘਾ, ਗੁਰਦੌਰ ਸਿੰਘ, ਪਦਾਰਥ ਸਿੰਘ, ਸਰਜੀਤ ਸਿੰਘ ਢਿਪਾਲੀ, ਸੰਤੋਖ ਸਿੰਘ, ਬਲਦੇਵ ਸਿੰਘ ਸੰਧੂ, ਮੋਹਣ ਸਿੰਘ, ਮੱਖਣ ਸਿੰਘ, ਚੰਦ ਸਿੰਘ ਸਾਰੇ ਪਟਵਾਰੀ ਹਰਿੰਦਰਪਾਲ ਸਿੰਘ ਕਾਨੂੰਨਗੋ, ਸੁਖਦੇਵ ਸਿੰਘ ਸੰਧੂ, ਪ੍ਰਸ਼ੋਤਮ ਸਿੰਘ ਭਿੰਡਰ ਤੇ ਗੁਰਮੇਲ ਸਿੰਘ ਚੌਕੀਦਾਰ ਗਲੋਟੀ ਸ਼ਾਮਲ ਹੋਏ।

## ਪੱਤਰਕਾਰ ਰਿਸ਼ੀ ਨਾਗਰ ਦੇ ਮਾਤਾ ਦੀ ਅੰਤਿਮ ਵਿਦਾਇਗੀ ਅੱਜ



*ਸੁਦਰਸ਼ਨ ਨਾਗਰ ਆਪਣੇ ਪੁੱਤਰ ਰਿਸ਼ੀ ਨਾਗਰ ਨਾਲ*

ਜਲੰਧਰ-ਪੰਜਾਬੀ ਪੱਤਰਕਾਰੀ ਦੇ ਖੇਤਰ 'ਚ ਜਾਣੇ ਪਹਿਚਾਣੇ ਨਾਮ ਰਿਸ਼ੀ ਨਾਗਰ ਜੋ ਕਿ ਅੱਜ ਕੱਲ੍ਹ ਕੈਲਗਰੀ (ਕਨੇਡਾ) ਵਿਖੇ ਰੈੱਡ ਐੱਫ ਐੱਮ 'ਤੇ ਸੀਨੀਅਰ ਪੱਤਰਕਾਰ ਹਨ ਦੇ ਮਾਤਾ ਸ੍ਰੀਮਤੀ ਸੁਦਰਸ਼ਨ ਨਾਗਰ ਪਿੰਡ ਸ਼ੰਕਰ (ਜਲੰਧਰ ) ਜੋ ਕਿ 2 ਦਸੰਬਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ ਉਨ੍ਹਾ ਦਾ ਅੰਤਿਮ ਸੰਸਕਾਰ 4 ਦਸੰਬਰ ਦੁਪਹਿਰ ਇੱਕ ਵਜੇ ਬੱਸ ਸਟੈਂਡ ਵਾਲੇ ਸ਼ਮਸ਼ਾਨਘਾਟ ਪਿੰਡ ਸ਼ੰਕਰ (ਜਲੰਧਰ) ਵਿਖੇ ਕੀਤਾ ਜਾ ਰਿਹਾ ਹੈ।

ਇਸ ਮੌਕੇ ਕਨੇਡਾ ਤੋਂ ਰਿਸ਼ੀ ਨਾਗਰ ਵੀ ਉਚੇਚੇ ਤੌਰ 'ਤੇ ਸ਼ਾਮਲ ਹੋਣ ਆਏ ਰਹੇ ਹਨ।

ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਨੇ ਰਿਸ਼ੀ ਨਾਗਰ ਦੇ ਪਰਵਾਰ, ਸਾਕ-ਸਬੰਧੀਆਂ ਅਤੇ ਸੰਗੀ-ਸਾਥੀਆਂ ਨਾਲ ਦੁੱਖ ਸਾਂਝਾ ਕਰਦਿਆਂ ਮਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ।

ਕਮੇਟੀ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਅਤੇ ਵਿੱਤ ਸਕੱਤਰ ਸੀਤਲ ਸਿੰਘ ਸੰਘਾ ਸਮੇਤ ਸਮੂਹ ਕਮੇਟੀ ਮੈਂਬਰਾਂ ਨੇ ਰਿਸ਼ੀ ਨਾਗਰ ਨਾਲ ਦੁੱਖ ਦੀ ਇਸ ਘੜੀ ਹਰ ਤਰ੍ਹਾਂ ਅੰਗ ਸੰਗ ਹੋਣ ਦਾ ਵਿਸ਼ਵਾਸ ਦੁਆਇਆ।

## ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਬਲੀਦਾਨ ਦਿਵਸ ਮੌਕੇ ਬੱਚਿਆਂ ਦੇ ਭਾਸ਼ਣ ਮੁਕਾਬਲੇ




**ਬੱਸੀ ਪਠਾਣਾ (ਪ੍ਰਮੋਦ ਭਾਰਦਵਾਜ)** -ਭਾਰਤ ਵਿਕਾਸ ਪ੍ਰੀਸ਼ਦ ਬੱਸੀ ਪਠਾਣਾ ਵੱਲੋਂ ਮਨੋਜ ਭੰਡਾਰੀ ਦੀ ਪ੍ਰਧਾਨਗੀ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਵਿਖੇ ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਜੀ ਦੇ ਬਲੀਦਾਨ ਦਿਵਸ ਮੌਕੇ ਉਨ੍ਹਾਂ ਦੀ ਜੀਵਨੀ ਤੇ ਵੱਖ ਵੱਖ ਸਕੂਲਾਂ ਦੇ ਬੱਚਿਆਂ ਦੇ ਹਿੰਦ ਦੀ ਚਾਦਰ, ਗੁਰੂ ਜੀ ਦੀ ਨਜ਼ਰ ਵਿੱਚ ਪਰਵਾਰ ਦੀ ਮਹੱਤਤਾ ਤੇ ਸਨਾਤਨ ਧਰਮ ਦੀ ਰਾਖੀ ਲਈ ਗੁਰੂ ਜੀ ਦੇ ਪਾਏ ਯੋਗਦਾਨ ਵਿਸ਼ੇ 'ਤੇ ਭਾਸ਼ਣ ਮੁਕਾਬਲੇ ਕਰਵਾਏ ਗਏ ਜਿਨ੍ਹਾਂ ਵਿਚ ਹੋਲੀ ਹਾਰਟ ਪਬਲਿਕ ਸਕੂਲ ਦੀ ਲੜਕੀ ਖੁਸ਼ਪ੍ਰੀਤ ਪਹਿਲੇ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਬੱਸੀਪਠਾਣਾ ਦੀ ਲੜਕੀ ਰਾਜਮੀਤ ਕੌਰ ਦੂਜੇ ਅਤੇ ਗੁਰੂ ਨਾਨਕ ਪਬਲਿਕ ਸਕੂਲ ਬੱਸੀ ਪਠਾਣਾ ਦਾ ਲੜਕਾ ਹਰਬੀਰ ਸਿੰਘ ਤੀਜੇ ਨੰਬਰ 'ਤੇ ਆਇਆ। ਪ੍ਰੀਸ਼ਦ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਸਰਟਫਿਕੇਟ ਤੇ ਟਰਾਫੀਆਂ ਦੇ ਕੇ ਸਨਮਾਨਤ ਕੀਤਾ। ਮਨਵੀਰ ਸਿੰਘ ਨੇ ਗੁਰੂ ਜੀ ਦੀ ਬਾਣੀ 'ਤੇ ਸ਼ਬਦ ਪੇਸ਼ ਕੀਤਾ। ਇਸ ਮੌਕੇ ਪ੍ਰੀਸ਼ਦ ਪ੍ਰਧਾਨ ਮਨੋਜ ਭੰਡਾਰੀ ਨੇ ਸਕੂਲ ਪ੍ਰਿੰਸੀਪਲ ਅਧਿਆਪਕਾਂ ਤੇ ਬੱਚਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪ੍ਰੀਸ਼ਦ ਵੱਲੋਂ ਅਜਿਹੇ ਭਾਸ਼ਣ ਮੁਕਾਬਲਿਆਂ ਦਾ ਮੁੱਖ ਮਨੋਰਥ ਸਾਡੇ ਗੁਰੂਆਂ ਦੁਆਰਾ ਦੂਸਰੇ ਧਰਮ ਨੂੰ ਬਚਾਉਣ ਲਈ ਦਿੱਤੀਆਂ ਕੁਰਬਾਨੀਆਂ ਪ੍ਰਤੀ ਆਪਣੀ ਨੌਜਵਾਨ ਪੀੜ੍ਹੀ ਨੂੰ ਜਾਗਰੂਕ ਕਰਨਾ ਹੈ । ਸਕੂਲ ਪ੍ਰਿੰਸਪਲ ਸਰਬਜੀਤ ਕੌਰ ਨੇ ਭਾਰਤ ਵਿਕਾਸ ਪ੍ਰੀਸ਼ਦ ਦੇ ਮੈਂਬਰਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਾਡੇ ਗੁਰੂਆਂ ਵੱਲੋਂ ਦਿੱਤੀਆਂ ਕੁਰਬਾਨੀਆਂ ਬਾਰੇ ਨੌਜਵਾਨ ਪੀੜ੍ਹੀ ਨੂੰ ਜਾਗਰੂਕ ਕਰਨਾ ਸ਼ਲਾਘਾਯੋਗ ਕਦਮ ਹੈ। ਸਮਾਗਮ ਵਿੱਚ ਜੈ ਕ੍ਰਿਸ਼ਨ ਕਸ਼ਯਪ ਸਟੇਟ ਮੀਡੀਆ ਇੰਚਾਰਜ, ਬਲਦੇਵ ਸਿੰਘ, ਅਜੇ ਮਲਹੋਤਰਾ, ਧਰਮਿੰਦਰ ਕੁਮਾਰ ਪੀ ਆਰ ਓ ਰਾਕੇਸ਼ ਗੁਪਤਾ, ਨੀਰਜ ਮਲਹੋਤਰਾ, ਨੀਰਜ ਗੁਪਤਾ, ਪ੍ਰੀਤਮ ਰੱਬੜ, ਸਕੂਲ ਅਧਿਆਪਕ ਮਨਜੀਤ ਸਿੰਘ ਵਿਕਾਸ ਬਾਂਸਲ, ਮਨਦੀਪ ਕੌਰ, ਕੈਂਪਸ ਮੈਨੇਜਰ ਜਸਪਾਲ ਸਿੰਘ ਆਦਿ ਅਧਿਆਪਕ ਤੇ ਬੱਚੇ ਸਮਾਗਮ ਵਿੱਚ ਸ਼ਾਮਲ ਸਨ।

## ਸ਼੍ਰੋਮਣੀ ਭਗਤ ਨਾਮਦੇਵ ਜੀ ਦੇ ਭਵਨ ਦੀ ਉਸਾਰੀ ਦਾ ਕੰਮ ਜਲਦ ਹੋ ਰਿਹੈ ਸ਼ੁਰੂ : ਜੱਸਲ, ਬਾਗੜੀ



**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)** : ਪਿਛਲੇ ਦਿਨੀਂ ਰਾਜ ਸਭਾ ਮੈਂਬਰ ਤੇ ਪਦਮ ਸ੍ਰੀ ਵਾਤਾਵਰਣ ਪ੍ਰੇਮੀ ਸੰਤ ਬਲਵੀਰ ਸਿੰਘ ਸੀਚੇਵਾਲ ਅਤੇ ਸੰਤ ਬਾਬਾ ਜਗਜੀਤ ਸਿੰਘ ਜੀ ਹਰਖੋਵਾਲ ਵਾਲਿਆਂ ਵੱਲੋਂ ਸ਼੍ਰੋਮਣੀ ਭਗਤ ਨਾਮਦੇਵ ਜੀ ਦੇ ਭਵਨ ਦੀ ਨਵੀਂ ਉਸਾਰੀ ਜਾਣ ਵਾਲੀ ਇਮਾਰਤ ਦਾ ਉਦਘਾਟਨ ਕੀਤਾ ਗਿਆ ਸੀ ਪਰ ਕਾਫੀ ਦਿਨ ਲੰਘਣ 'ਤੇ ਵੀ ਨਵੀਂ ਉਸਾਰੀ ਜਾਣ ਵਾਲੀ ਇਮਾਰਤ ਦਾ ਕੰਮ ਨਾ ਸ਼ੁਰੂ ਹੋਣ ਦੇ ਕਾਰਨਾਂ ਬਾਰੇ ਦੱਸਦੇ ਹੋਏ ਭਗਤ ਨਾਮਦੇਵ ਸਭਾ ਦੇ ਪ੍ਰਧਾਨ ਅਮਨਦੀਪ ਸਿੰਘ ਜੱਸਲ ਅਤੇ ਐਨ.ਆਰ.ਆਈ. ਸਨੀ ਬਾਗੜੀ ਨੇ ਦੱਸਿਆ ਕਿ ਭਗਤ ਨਾਮਦੇਵ ਭਵਨ ਦੀ ਨਵੀਂ ਉਸਾਰੀ ਜਾ ਰਹੀ ਇਮਾਰਤ ਦਾ ਕੰਮ ਆਉਣ ਵਾਲੇ ਦਿਨਾਂ ਵਿਚ ਜਲਦ ਸ਼ੁਰੂ ਕਰਵਾਇਆ ਜਾ ਰਿਹਾ ਹੈ। ਨਵੀਂ ਬਣਨ ਜਾ ਰਹੀ ਇਮਾਰਤ 'ਤੇ 40 ਤੋਂ 50 ਲੱਖ ਰੁਪਏ ਦੇ ਕਰੀਬ ਖਰਚ ਆਉਣ ਦੀ ਸੰਭਾਵਨਾ ਹੈ, ਇਸ ਲਈ ਕੰਮ ਨੂੰ ਵਧੀਆ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਬਿਲਡਿੰਗ ਲਾਈਨ ਦੇ ਵੱਖ-ਵੱਖ ਤਜਰਬੇਕਾਰ ਵਿਅਕਤੀਆਂ ਦੇ ਸੁਝਾਅ ਲਏ ਜਾ ਰਹੇ ਹਨ।

ਛੇਤੀ ਹੀ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ। ਸਭਾ ਦੇ ਪ੍ਰਧਾਨ ਅਤੇ ਅਹੁਦੇਦਾਰਾਂ ਨੇ ਇਮਾਰਤ ਬਣਾਉਣ ਲਈ ਸਹਿਯੋਗ ਕਰਨ ਵਾਲੇ ਸੱਜਣਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਮਨੋਹਰ ਸਿੰਘ ਬੱਗਾ, ਸਵਿੰਦਰ ਸਿੰਘ, ਮਨਜੀਤ ਸਿੰਘ ਬਿੱਟਾ, ਸੋਨੂੰ ਜੱਸਲ, ਅਮੋਲਕ ਸਿੰਘ ਕੰਬੋਜ, ਇੰਦਰਜੀਤ ਸਿੰਘ, ਜਸਬੀਰ ਸਿੰਘ ਰਤਨ, ਆਦਿ ਹਾਜ਼ਰ ਸਨ।

## ਬੁਰਜ ਸਿੱਧਵਾਂ ਦੇ ਸਰਕਾਰੀ ਸਕੂਲ 'ਚ ਸਲਾਨਾ ਇਨਾਮ ਵੰਡ ਸਮਾਗਮ



**ਮਲੋਟ (ਗੁਰਮੀਤ ਸਿੰਘ ਮੱਕੜ)**:-ਪਿੰਡ ਬੁਰਜ ਸਿੱਧਵਾਂ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਸਮਾਗਮ ਵਿਚ ਮਹਾਰਾਜਾ ਰਣਜੀਤ ਸਿੰਘ ਕਾਲਜ ਦੇ ਪ੍ਰਿੰਸੀਪਲ ਡਾ. ਰਜਿੰਦਰ ਸਿੰਘ ਸੇਖੋਂ ਨੇ ਮੁੱਖ ਮਹਿਮਾਨ ਵਜੋਂ ਅਤੇ ਪਰਵਿੰਦਰ ਸਿੰਘ ਸਟੇਟ ਐਵਾਰਡੀ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੂਹੜੀ ਵਾਲਾ ਧੰਨਾ ਅਤੇ ਰਮਨ ਮਹਿਤਾ ਹੈਡਮਾਸਟਰ ਸਰਕਾਰੀ ਹਾਈ ਸਕੂਲ ਆਧਨੀਆਂ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਇਲਾਕੇ ਦੇ ਵੱਖ ਵੱਖ ਸਕੂਲਾਂ ਦੇ ਪ੍ਰਿੰਸੀਪਲ ਸਾਹਿਬਾਨ ਨੇ ਅਤੇ ਵਿਦਿਆਰਥੀਆਂ ਦੇ ਮਾਪਿਆਂ ਨੇ ਵੀ ਸਮਾਗਮ ਵਿਚ ਆਪਣੀ ਆਮਦ ਨਾਲ ਸਕੂਲ ਦਾ ਮਾਣ ਵਧਾਇਆ। ਸਮਾਗਮ ਦੀ ਪ੍ਰਧਾਨਗੀ ਕਰਦੇ ਹੋਏ ਸਕੂਲ ਦੇ ਪ੍ਰਿੰਸੀਪਲ ਸੰਤ ਰਾਮ ਨੇ ਆਏ ਹੋਏ ਮਹਿਮਾਨਾਂ ਦੀ ਜਾਣ ਪਛਾਣ ਵਿਦਿਆਰਥੀਆਂ ਨਾਲ ਅਤੇ ਪਿੰਡ ਵਾਸੀਆਂ ਨਾਲ ਕਰਵਾਈ। ਹਰਪ੍ਰੀਤ ਕੌਰ ਲੈਕਚਰ ਅੰਗਰੇਜ਼ੀ ਨੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਅੰਮ੍ਰਿਤਪਾਲ ਕੌਰ ਅਤੇ ਰਾਜਵੀਰ ਕੌਰ ਨੇ ਸਟੇਜ ਸਕੱਤਰ ਵਜੋਂ ਭੂਮਿਕਾ ਨਿਭਾਈ।

ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵੱਖ ਵੱਖ ਖੇਤਰਾਂ ਵਿਚ ਉਨ੍ਹਾਂ ਦੀਆਂ ਪ੍ਰਾਪਤੀਆਂ ਲਈ ਸਨਮਾਨਤ ਕੀਤਾ ਗਿਆ। ਵਿਦਿਆਰਥੀਆਂ ਦੀ ਪੇਸ਼ਕਾਰੀ ਤੋਂ ਖੁਸ਼ ਹੋ ਕੇ ਪ੍ਰਿੰਸੀਪਲ ਡਾ. ਰਜਿੰਦਰ ਸਿੰਘ ਸੇਖੋਂ ਵਲੋਂ 21000 ਰੁਪਏ ਅਤੇ ਸਾਬਕਾ ਸਰਪੰਚ ਰਣਜੀਤ ਸਿੰਘ ਵਲੋਂ 10000 ਰੁਪਏ ਸਕੂਲ ਨੂੰ ਦਿੱਤੇ ਗਏ। ਅੰਤ ਵਿਚ ਪ੍ਰਿੰਸੀਪਲ ਸੰਤ ਰਾਮ ਨੇ ਆਏ ਮਹਿਮਾਨਾਂ, ਵਿਦਿਆਰਥੀਆਂ, ਮਾਪਿਆਂ, ਪਿੰਡ ਵਾਸੀਆਂ ਅਤੇ ਅਧਿਆਪਕਾਂ ਦਾ ਧੰਨਵਾਦ ਕੀਤਾ।

## ਪ੍ਰਾਇਮਰੀ ਸਕੂਲ ਅਹਿਮਦਪੁਰ ਦੇ ਵਿਦਿਆਰਥੀਆਂ ਨੇ ਲਗਾਇਆ ਵਿੱਦਿਅਕ ਟੂਰ

**ਮਾਨਸਾ (ਆਤਮਾ ਸਿੰਘ ਪਮਾਰ)**- ਸਰਕਾਰੀ ਪ੍ਰਾਇਮਰੀ ਸਕੂਲ ਅਹਿਮਦਪੁਰ ਦੇ ਵਿਦਿਆਰਥੀਆਂ ਨੇ ਇੱਕ ਰੋਜ਼ਾ ਵਿਦਿਅਕ ਟੂਰ ਲਾਇਆ। ਸਕੂਲ ਮੁਖੀ ਅਮਨਦੀਪ ਸ਼ਰਮਾ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਪੰਜਾਬ ਹਰਿਆਣਾ ਅਤੇ ਰਾਜਸਥਾਨ ਤਿੰਨ ਸਟੇਟਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਮੁਹੱਈਆ ਕਰਵਾਈ ਗਈ। ਵਿਦਿਆਰਥੀਆਂ ਨੂੰ ਹਰਿਆਣੇ ਦਾ ਸ਼ਹਿਰ ਰਤੀਆ, ਫਤਿਹਾਬਾਦ, ਹਿਸਾਰ ਅਤੇ ਅਗਰੋਹਾ ਧਾਮ ਮੰਦਰਾਂ ਦੀ ਮਹੱਤਤਾ ਬਾਰੇ ਦੱਸਿਆ ਗਿਆ। ਟੂਰ ਇੰਚਾਰਜ ਮੈਡਮ ਟੇਨੂ ਬਾਲਾ ਨੇ ਦੱਸਿਆ ਕਿ ਟੂਰ ਵਿੱਚ ਤੀਜੀ, ਚੌਥੀ, ਪੰਜਵੀਂ ਕਲਾਸ ਦੇ 50 ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ। ਉਨਾ ਵਿਦਿਆਰਥੀਆਂ ਨੂੰ ਅਗਰੋਹਾਧਾਮ ਮੰਦਰ ਦੀ ਮਹੱਤਤਾ ਸਬੰਧੀ ਹਰਿਆਣਾ, ਰਾਜਸਥਾਨ ਰਾਜਾਂ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਮੁਹੱਈਆ ਕਰਵਾਈ। ਇਸ ਸਮੇਂ ਮੈਡਮ ਗੁਰਪ੍ਰੀਤ ਕੌਰ, ਪ੍ਰੀਤੀ ਅਰੋੜਾ, ਰਾਣੀ ਸ਼ਰਮਾ, ਮਨਪ੍ਰੀਤ ਕੌਰ, ਮੰਜੂ ਸ਼ਰਮਾ, ਮਨਜੀਤ ਕੌਰ, ਵੀਰਪਾਲ ਆਦਿ ਅਧਿਆਪਕ ਵੀ ਹਾਜ਼ਰ ਸਨ।

## ਘਰ ਘਰ ਜਾ ਕੇ ਡੇਂਗੂ ਤੇ ਚਿਕਨਗੁਨੀਆ ਬੁਖਾਰ ਸਬੰਧੀ ਜਾਣਕਾਰੀ ਦਿੱਤੀ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਸਿਵਲ ਸਰਜਨ ਤਰਨਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਦੀ ਯੋਗ ਅਗਵਾਈ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਅਫਸਰ ਤਰਨਤਾਰਨ ਡਾ. ਸਿਮਰਨ ਕੌਰ ਤੇ ਡਾ. ਅਮਨਦੀਪ ਸਿੰਘ ਦੀ ਰਹਿਨੁਮਾਈ ਅਤੇ ਕਾਰਜਕਾਰੀ ਸੀਨੀਅਰ ਮੈਡੀਕਲ ਅਫਸਰ ਡਾ. ਜਤਿੰਦਰ ਕੌਰ ਦੀ ਦੇਖ ਰੇਖ ਹੇਠ ਅਤੇ ਸਕੂਲੀ ਬੱਚਿਆਂ ਦੇ ਸਹਿਯੋਗ ਨਾਲ ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਤਹਿਤ ਸੀ ਐਚ ਸੀ ਖੇਮਕਰਨ ਵਿਖੇ ਘਰ ਘਰ ਜਾ ਕੇ ਡੇਂਗੂ ਤੇ ਚਿਕਨਗੁਨੀਆ ਬੁਖਾਰ ਸੰਬੰਧੀ ਜਾਣਕਾਰੀ ਦਿੱਤੀ ਗਈ।

ਜੁਗਰਾਜ ਸਿੰਘ ਐਸ ਆਈ ਨੇ ਦੱਸਿਆ ਕਿ ਡੇਂਗੂ ਬੁਖਾਰ ਮਾਦਾ ਏਡੀਜ ਐਜਿਪਟੀ ਨਾਂ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ।

ਇਹ ਮੱਛਰ ਸਾਫ ਅਤੇ ਖੜ੍ਹੇ ਪਾਣੀ ਵਿੱਚ ਪਨਪਦਾ ਹੈ। ਇਹ ਮੱਛਰ ਸਾਡੇ ਘਰਾਂ ਵਿੱਚ ਲੱਗੇ ਕੂਲਰਾਂ ਫਰਿਜਾਂ ਦੀਆਂ ਟਰੇਆਂ, ਫਟੇ ਪੁਰਾਣੇ ਟਾਇਰਾਂ, ਗਮਲਿਆਂ ਅਤੇ ਹੋਰ ਪਾਣੀ ਸਟੋਰ ਹੋਣ ਵਾਲੀਆਂ ਥਾਵਾਂ 'ਤੇ ਪੈਦਾ ਹੁੰਦਾ ਹੈ। ਇਸ ਲਈ ਸਾਨੂੰ ਹਫਤੇ ਵਿਚ ਇਕ ਵਾਰ ਇਨ੍ਹਾਂ ਸਾਫ ਸਫਾਈ ਜਤਰੂਰ ਕਰਨੀ ਚਾਹੀਦੀ ਹੈ ਤਾਂ ਜੋ ਮੱਛਰ ਨੂੰ ਪੈਦਾ ਹੋਣ ਤੋ ਰੋਕਿਆ ਜਾਵੇ।

ਇਸ ਤੋਂ ਬਚਾਅ ਵਾਸਤੇ ਘਰਾਂ ਵਿਚ ਜਾਲੀਦਾਰ ਦਰਵਾਜ਼ਿਆਂ, ਮੱਛਰ ਭਜਾਊ ਕਰੀਮਾਂ ਅਤੇ ਪੂਰੇ ਬਾਜੂ ਦੇ ਕੱਪੜੇ ਪਹਿਨਣੇ ਚਾਹੀਦੇ ਹਨ। ਬੁਖਾਰ ਹੋਣ 'ਤੇ ਕਿਸੇ ਨੇੜੇ ਦੇ ਸਿਹਤ ਕੇਂਦਰ ਤੋਂ ਖੂਨ ਦੀ ਜਾਂਚ ਕਰਵਾਉਣੀ ਚਾਹੀਦੀ ਹੈ ਜੋ ਕਿ ਸਾਰੇ ਸਰਕਾਰੀ ਹਸਪਤਾਲਾ ਵਿੱਚ ਫਰੀ ਕੀਤੇ ਜਾਂਦੇ ਹਨ।

## ਗਰੀਨਲੈਂਡ ਸਕੂਲ 'ਚ ਯੂਟੋਪੀਆ ਮੇਲੇ ਦਾ ਆਗਾਜ਼



**ਬਰੇਟਾ (ਰੀਤਵਾਲ)**- ਸਥਾਨਕ ਸ਼ਹਿਰ ਦੇ ਗਰੀਨਲੈਂਡ ਸਕੂਲ 'ਚ ਸਰਦ ਰੁੱਤ ਮੇਲੇ ਦਾ ਆਗਾਜ਼ ਯੂਟੋਪੀਆ ਦੇ ਬੈਨਰ ਹੇਠ ਕੀਤਾ ਗਿਆ। ਜਿਸ ਵਿੱਚ ਸੈਂਕੜੇ ਸਕੂਲੀ ਵਿਦਿਆਰਥੀ, ਮਾਪੇ ਅਤੇ ਰਿਸ਼ਤੇਦਾਰਾਂ ਨੇ ਭਾਗ ਲਿਆ। ਇਸ ਖੇਤਰ ਵਿੱਚ ਪਹਿਲੀ ਵਾਰ ਕਲਪਨਾ 'ਚ ਬਣਿਆ ਸੰਸਾਰ ਯੂਟੋਪੀਆ ਦੀ ਪੇਸ਼ਕਾਰੀ ਆਪਣੇ ਆਪ 'ਚ ਇੱਕ ਖਿੱਚ ਦਾ ਕੇਂਦਰ ਬਣੀ ਹੋਈ ਸੀ। ਜਿਸ ਨੂੰ ਵਿਦਿਆਰਥੀਆਂ ਵੱਲੋਂ ਉਜਾਗਰ ਕੀਤੀਆਂ ਕਲਪਨਾਵਾਂ ਦੇ ਆਧਾਰਤ ਪੇਸ਼ਕਾਰੀ ਕੀਤੀ ਗਈ ਸੀ। ਇਸ ਮੇਲੇ 'ਚ ਗਿੱਧਾ, ਭੰਗੜਾ, ਕੋਰਿਉਗ੍ਰਾਫੀ, ਸਕਿੱਟਾਂ, ਗੀਤ ਸੰਗੀਤ ਪੇਸ਼ ਕੀਤਾ ਗਿਆ। ਮੇਲੇ ਵਿੱਚ ਸੱਭਿਆਚਾਰ ਤੋਂ ਇਲਾਵਾ ਖੇਡਾਂ ਦੇ ਮੁਕਾਬਲੇ ਵੀ ਕਰਵਾਏ ਗਏ। ਖੇਡਾਂ ਚ ਭਾਗ ਲੈਣ ਵਾਲੇ ਜੇਤੂ ਮਾਪਿਆਂ ਅਤੇ ਬੱਚਿਆਂ ਨੂੰ ਲੱਕੀ ਕੂਪਨ ਰਾਹੀਂ ਇਨਾਮ ਵੰਡੇ ਗਏ। ਜਿਸ ਵਿੱਚ ਵਾਸ਼ਿੰਗ ਮਸ਼ੀਨ, ਸਾਈਕਲ, ਰਜਾਈਆਂ, ਡਿਨਰ ਸੈਟ ਦਿੱਤੇ ਗਏ।

ਇਸ ਮੌਕੇ ਰੂਬਲ ਬਾਂਸਲ ਨੇ ਕਿਹਾ ਕਿ ਇਹੋ ਜਿਹੇ ਯੂਟੋਪੀਆ ਮੇਲੇ ਕਰਵਾ ਕੇ ਵਿਦਿਆਰਥੀਆਂ ਅੰਦਰ ਛੁਪੀ ਹੋਈ ਪ੍ਰਤਿਭਾ ਨੂੰ ਉਜਾਗਰ ਕਰਨ ਦਾ ਉਪਰਾਲਾ ਹੈ ਜੋ ਵਿਦਿਆਰਥੀਆਂ ਦੇ ਬੌਧਿਕ ਅਤੇ ਸਰੀਰਿਕ ਵਿਕਾਸ ਲਈ ਸਮੇਂ ਸਮੇਂ ਸਿਰ ਕਰਵਾਉਣੇ ਚਾਹੀਦੇ ਹਨ। ਪ੍ਰਿੰਸੀਪਲ ਉਰਮਿਲ ਜੈਨ ਨੇ ਕਿਹਾ ਕਿ ਸਰਦ ਰੁੱਤ ਦਾ ਮੇਲਾ ਬੱਚਿਆਂ ਲਈ ਯਾਦਗਾਰੀ ਹੋ ਨਿੱਬੜਿਆ ਹੈ। ਇਸ ਮੌਕੇ ਸਾਬਕਾ ਵਿਧਾਇਕ ਮੰਗਤ ਰਾਏ ਬਾਂਸਲ ਅਤੇ ਸਕੂਲ ਪ੍ਰਬੰਧਕ ਕਮੇਟੀ ਦੀ ਚੇਅਰਪਰਸਨ ਮੰਜੂ ਬਾਂਸਲ, ਵਾਇਸ ਪ੍ਰਿੰਸੀਪਲ ਨੀਰਜ ਵਰਮਾ ਵੀ ਹਾਜ਼ਰ ਸਨ।

## ਜੇ ਐੱਨ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਰਾਸ਼ਟਰਪਤੀ ਭਵਨ ਦਾ ਕੀਤਾ ਐਜੂਕੇਸਨਲ ਟੂਰ



**ਗੁਰੂਹਰਸਹਾਏ (ਫ਼ਕੀਰ ਚੰਦ ਸਿਕਰੀ)**- ਜੇ. ਐਨ. ਇੰਟਰਨੈਸ਼ਨਲ ਸਕੂਲ ਸੈਦੇ ਕੇ ਮੋਹਨ ਦੇ ਵਿਦਿਆਰਥੀਆਂ ਨੂੰ ਇਕ ਦਸੰਬਰ ਤੋਂ ਚਾਰ ਦਸੰਬਰ ਤੱਕ ਦਿੱਲੀ ਦੇ ਇਤਿਹਾਸਿਕ ਅਤੇ ਐਜੂਕੇਸ਼ਨਲ ਟੂਰ ਲਈ ਸਕੂਲ ਦੇ ਚੇਅਰਮੈਨ ਜਨਕ ਰਾਜ ਮੁੰਜਾਲ , ਮਨੇਜਿੰਗ ਡਾਇਰੈਕਟਰ ਅਰਜੁਨ ਮੁੰਜਾਲ, ਮਨੇਜਮੈਂਟ ਮੈਂਬਰ ਏਕਤਾ ਮੁੰਜਾਲ , ਮਨੇਜਮੈਂਟ ਮੈਂਬਰ ਅੰਜਲੀ ਚਾਨਣਾ ਅਤੇ ਸਕੂਲ ਦੇ ਪ੍ਰਿੰਸੀਪਲ ਰਵਿੰਦਰ ਕੁਮਾਰ ਨੇ ਫਿਰੋਜ਼ਪੁਰ ਛਾਉਣੀ ਦੇ ਰੇਲਵੇ ਸਟੇਸ਼ਨ ਤੋਂ ਸ਼ੁੱਭ ਇੱਛਾਵਾਂ ਦੇ ਨਾਲ ਇਸ ਇਤਿਹਾਸਿਕ ਅਤੇ ਐਜੂਕੇਸ਼ਨਾਲ ਟੂਰ ਲਈ ਰਵਾਨਾ ਕੀਤਾ।

ਇਸ ਟੂਰ ਵਿੱਚ ਵਿਦਿਆਰਥੀਆਂ ਨੂੰ ਦੇਸ਼ ਦਾ ਅਹਿਮ ਅਤੇ ਇਤਿਹਾਸਿਕ ਭਵਨ ਰਾਸ਼ਟਰਪਤੀ ਭਵਨ, ਰਾਸ਼ਟਰਪਤੀ ਨਿਵਾਸ, ਮੁੱਖ ਬਿਲਡਿੰਗ, ਫਾਰਕੌਰਟ, ਨਵਚਾਰਾ ਬੇਨਕੁਟ ਹਾਲ, ਗੈਸਟ ਵਿੰਗ, ਅਸ਼ੋਕ ਹਾਲ, ਨੌਰਥ ਡਰਾਇੰਗ ਰੂਮ, ਲਾਇਬ੍ਰੇਰੀ ਲੌਂਗ ਡਰਾਇੰਗ ਰੂਮ, ਦਰਬਾਰ ਹਾਲ ਅਤੇ ਲਾਰਡ ਬੁੱਧ ਸਟੈਚੂ ਵਰਗੀਆਂ ਦੇਸ਼ ਦੀਆ ਬਹੁਮੁੱਲੀਆਂ ਇਤਿਹਾਸਿਕ ਸਥਾਨਾਂ ਉਪਰ ਲਿਜਾਇਆ ਗਿਆ।

ਜੇ. ਐਨ. ਇੰਟਰਨੈਸ਼ਨਲ ਸਕੂਲ ਦੇ ਪ੍ਰਿੰਸੀਪਲ ਰਵਿੰਦਰ ਕੁਮਾਰ ਨੇ ਦੱਸਿਆ ਕਿ ਵਿਦਿਆਰਥੀਆਂ ਦਾ ਸੰਪੂਰਨ ਵਿਕਾਸ ਅਤੇ ਉਨ੍ਹਾਂ ਦੇ ਸੋਚਣ, ਸਮਝਣ ਦੇ ਨਜਰੀਏ ਨੂੰ ਹੋਰ ਵਿਸ਼ਾਲ ਬਣਾਉਣ ਲਈ ਇਨ੍ਹਾਂ ਇਤਿਹਾਸਿਕ ਸਥਾਨਾਂ ਦੇ ਟੂਰ ਦਾ ਆਯੋਜਨ ਕੀਤਾ ਗਿਆ ਹੈ।



## Public Notice

I Rajbir Singh S/o Hardev Singh R/o H.No. 69, Ravi Dass Nagar Road, Basera Enclave, Shergarh, District Hoshiarpur, Punjab, Declare that i am not having Cordial and Peaceful Relationship with my Family Members i.e. Ramnik Singh ( Brother) and his wife, Harji Kaur Gill ( Sister), Harjit Joginder Singh Gill ( Brother-In-Law), Hardev Singh (Father) & Davinder Kaur( Mother) due to their Adamant and Indecent behavior with me, my wife Mrs. Kamaldeep Rajbir Singh and my Son Jigar Rajbir Singh, So we dis-inherit them from our Moveable and Immoveable Properties if any body doing any dealing with them, doing at their own Risk.

## Court Notice

(U/o 5 Rule 20 CPC)
In the Court of
**Ms. Amanpreet Kaur**
Civil Judge Junior
Division-12, Patiala
CNR No. : PBPT02-000427-2023
Next Date : 15.01.2024
Narinder Kumar Dhiman
Vs.
Narinder Walia

Publication issued to : (1) Narinder Walia (2) Rajesh walia (3) Rakesh Walia (4) Varinder Walia All Sons of Harbans Lal Walia All R/o H.No. D-19/680, Shahi Samadhan, Patiala

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 15.01.2024 at 10.00 a.m.

For details logon to https://highcourtchd.gov.in/?trs=district notice & district=Patiala

Civil Judge Junior
Division-12, Patiala
Dated, this day of 02.12.2023


## ਨਾਇਬ ਤਹਿਸੀਲਦਾਰ ਤੇ ਸੇਵਾਦਾਰ ਨੂੰ ਰਿਟਾਇਰਮੈਂਟ ਮੌਕੇ ਨਿੱਘੀ ਵਿਦਾਇਗੀ



**ਸਮਾਣਾ (ਇਕਬਾਲ ਸਿੰਘ ਬੱਲ)**-ਨਾਇਬ ਤਹਿਸੀਲਦਾਰ ਸਤਿਗੁਰ ਸਿੰਘ ਤੇ ਸੇਵਾਦਾਰ ਦਰਸ਼ਨਾਂ ਕੌਰ ਦੀ ਰਿਟਾਇਰਮੈਂਟ ਤੇ ਪਾਰਟੀ ਤੇ ਪਟਵਾਰ ਯੂਨੀਅਨ ਤਹਿਸੀਲ ਸਮਾਣਾ ਦੇ ਪ੍ਰਧਾਨ ਕਰਮਜੀਤ ਸਿੰਘ ਦੀ ਅਗਵਾਈ ਹੇਠ ਨਿੱਘੀ ਵਿਦਾਇਗੀ ਪਾਰਟੀ ਕੀਤੀ ਗਈ। ਨਾਇਬ ਤਹਿਸੀਲਦਾਰ ਸਤਿਗੁਰ ਸਿੰਘ ਅਤੇ ਸੇਵਾਦਾਰ ਦਰਸ਼ਨਾਂ ਕੌਰ ਵੱਲੋਂ ਸਮੂਹ ਸਟਾਫ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸੇਵਾਦਾਰ ਦਰਸ਼ਨਾਂ ਕੌਰ ਵੱਲੋਂ ਵਾਟਰ ਕੂਲਰ ਲਈ ਦਾਨ ਰਾਸ਼ੀ ਭੇਟ ਕੀਤੀ ਗਈ। ਇਸ ਮੌਕੇ ਤਹਿਸੀਲਦਾਰ ਲਾਰਸਨ ਸਿੰਗਲਾ, ਪ੍ਰਧਾਨ ਕਰਮਜੀਤ ਸਿੰਘ, ਜਨਰਲ ਸਕੱਤਰ ਜਤਿੰਦਰਪਾਲ ਸਿੰਘ, ਕਾਨੂੰਗੋ ਦਲਜੀਤ ਸਿੰਘ, ਕਾਨੂੰਗੋ ਬੇਅੰਤ ਸਿੰਘ, ਖਜ਼ਾਨਚੀ ਰਾਮ ਕਿਸੋਰ, ਜਿਲ੍ਹਾ ਮੈਂਬਰ ਗੌਰਵ ਕੁਮਾਰ, ਸੂਬਾ ਜਨਰਲ ਸਕੱਤਰ ਸੁਖਵਿੰਦਰ ਸਿੰਘ, ਸੁਖਬੀਰ ਸਿੰਘ, ਜਸਵੀਰ ਸਿੰਘ, ਕੁਲਵੰਤ ਸਿੰਘ, ਬਲਬੀਰ ਕੁਮਾਰ, ਗੁਰਵਿੰਦਰ ਸਿੰਘ, ਅੰਕੁਸ਼ ਕੁਮਾਰ, ਪ੍ਰਿੰਸ ਕੁਮਾਰ, ਸੂਰਜ ਗੋਇਲ, ਦਰਸ਼ਨਾਂ ਕੌਰ ਦਾ ਪਰਵਾਰ ਵੀ ਮੌਕੇ 'ਤੇ ਹਾਜ਼ਰ ਰਿਹਾ।


ਪੰਜਾਬ ਨੈਸ਼ਨਲ ਬੈਂਕ
punjab national bank

**ADAMPUR(056510), NEAR PUNJAB KHADI MANDAL, JALANDHAR, PIN CODE:144102**

**NOTICE FOR ARREARS OF RENT OF LOCKERS AT OUR BRANCH**

That the Punjab National Bank, BO: Adampur(056510), Near Punjab Khadi Mandal, Jalandhar, had rented safe deposit Vaults (Lockers) to the respective locker hirers as mentioned in the tables below.The rent has not been paid by the locker hirers since more than 3 Years and there are arrears of rent against hirers Mentioned below. The bank has issued three notices to the respective locker hirers for payment of overdue lockers rent in arrear, but still not deposited.

| SR NO. | LOCEKR NO. | NAME | BRANCH |
|---|---|---|---|
| 1. | 999 | VIJAY KUMAR AND AJAY KUMAR | ADAMPUR(056510) NEAR PUNJAB KHADI MANDAL, JALANDHAR |

The notice is hereby given to the locker hirers that if the rent in above mentioned lockers are not received by the bank within 18 days. Then the locker will be break open at the risk and cost of the respective locker hirer in accordance with Locker agreement clause as per OBC agreement clause no.14 of the rent deed and the Bank will realize its dues by public or private sale of a part or the whole of the contents of the locker. Any amount and or contents of the locker remaining after the Bank`s dues have been satisfied will be held by the bank at the entire risk, responsibility and cost of the respective locker hirer. In Case, the proceeds of such sale be insufficient to recover the bank`s dues, the locker hirer will be liable for deficiency.

Date : 04-12-2023, Place : ADAMPUR-(056510), Jalandhar. Punjab National Bank.



ਕਲਾਸੀਫਾਈਡ ਇਸ਼ਤਿਹਾਰ

## ਆਮ ਸੂਚਨਾ

ਸੂਚਿਤ ਕੀਤਾ ਜਾਂਦਾ ਹੈ ਕਿ ਉਪ ਮੰਡਲ ਦਫਤਰ ਅਜਨਾਲਾ ਵਿਖੇ ਟਿਊਬਵੈੱਲ ਖਾਤਾ ਨੰਬਰ 3004911240 (ਸੁਰਿੰਦਰ ਸਿੰਘ ਪੁੱਤਰ ਕਰਨੈਲ ਸਿੰਘ ਪਿੰਡ ਗੁਜਰਪੁਰਾ) ਨੂੰ ਗੁਰਦਿਆਲ ਸਿੰਘ ਪੁੱਤਰ ਕਰਨੈਲ ਸਿੰਘ ਪਿੰਡ ਗੁਜਰਪੁਰਾ ਦੇ ਨਾਮ ਬਦਲਣ ਸਬੰਧੀ ਬੇਨਤੀ-ਪੱਤਰ ਆਇਆ ਹੈ, ਇਸ ਸਬੰਧੀ ਕਿਸੇ ਨੂੰ ਇਤਰਾਜ ਹੋਵੇ, ਤਾਂ 30 ਦਿਨਾਂ ਦੇ ਅੰਦਰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਦਫਤਰ ਅਜਨਾਲਾ ਵਿਖੇ ਸੰਪਰਕ ਕਰ ਸਕਦਾ ਹੈ।

ਮੈਂ, ਹਰਜਿੰਦਰ ਸਿੰਘ ਪੁੱਤਰ ਬੂਟਾ ਸਿੰਘ ਵਾਸੀ ਛਿਛਰੇਵਾਲ ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਮੇਰਾ ਆਰਮ ਲਾਇਸੰਸ 12 ਬੋਰ 4623/ਪੀ.ਐਸ. ਜੋ ਕਿ 6-11-2023 ਨੂੰ ਗੁੰਮ ਹੋ ਗਿਆ ਹੈ । ਉਕਤ ਲਾਇਸੰਸ ਨੂੰ ਲੱਭਣ ਦੀ ਕਾਫੀ ਕੋਸ਼ਿਸ਼ ਕੀਤੀ, ਪਰ ਨਹੀ ਲੱਭਾ । ਮੈਨੂੰ ਲਾਇਸੰਸ ਦੀ ਗੁੰਮਸੁਦਗੀ ਰਿਪੋਰਟ ਦਿੱਤੀ ਜਾਵੇ।

## ਬੇਦਖਲੀ ਨੋਟਿਸ

ਮੈਂ, ਮੰਗਲ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਪਿੰਡ ਫਤਿਹ ਜਲਾਲ ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਜਸਕਿਰਤ ਸਿੰਘ ਤੇ ਮੇਰੀ ਨੂੰਹ ਮਨਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਰਾਕੇਸ਼ ਕੁਮਾਰ ਪੁੱਤਰ ਮਦਨ ਲਾਲ ਅਤੇ ਸ਼ੁਸ਼ਮਾ ਕਪੂਰ ਪਤਨੀ ਰਾਕੇਸ਼ ਕੁਮਾਰ ਵਾਸੀਆਨ ਮਕਾਨ ਨੰ. 105, ਸ਼ਿਵ ਨਗਰ ਸੋਡਲ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸੰਜੀਵ ਕਪੂਰ ਅਤੇ ਉਸਦੀ ਪਤਨੀ ਕਸ਼ਿਸ਼ ਕਪੂਰ ਅਤੇ ਇਨ੍ਹਾਂ ਦੇ ਬੱਚੇ ਮੰਨਥਨ ਕਪੂਰ ਅਤੇ ਗਿਤਿਕਾ, ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਹਨਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਹਨਾਂ ਸਾਰਿਆਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾਂ ਸਾਰਿਆਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀਂ, ਮਦਨ ਲਾਲ ਪੁੱਤਰ ਕਰਤਾਰ ਚੰਦ ਅਤੇ ਰਾਧਾ ਰਾਣੀ ਪਤਨੀ ਮਦਨ ਲਾਲ ਵਾਸੀਆਨ ਮਕਾਨ ਨੰ. 20, ਰਸੀਲਾ ਨਗਰ, ਬਸਤੀ ਦਾਨਿਸ਼ਮੰਦਾ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਯੋਗੇਸ਼ ਅਤੇ ਉਸਦੀ ਪਤਨੀ ਅਨੀਤਾ ਰਾਣੀ, ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## Change of Name

I,KUSHAL S/o NIRMAL KUMAR, R/o Vill.KotliKhakhian, PO. Mandhali, TehsilPhillaur District Jalandhar 144501. I have changed-my Name from KUSHAL to KUSHAL CHANDHER. All concern to be note.

I, Sandeep S/o Balvir Kumar R/o V.P.O. Alawalpur, Distt. Jalandhar (Pb), India, have changed my name from Sandeep to Sandeep Singh. Please note.

I, Poonam W/o Jagdish Lal R/o Block Majitha Kathu Nangal, Kathunangal, Amritsar, Punjab-143502. have changed my name and shall hereafter be Known as Punni Devi. All Please Note.

I, Surbhi D/o Shiv Jyoti Sharma R/o Qtr No- D- Type Power Grid Corporation of India Limited, Ramdarbar Road, OPP Ramdarbar Vegetable Ground, Hallo Majra, Chandigarh- 160002. have changed my name as Surbhi Sharma. All Please Note.

I, Hirender Sharma S/o Hitesh Dutt Sharma R/o H.No. 303, Gulmohar Appartment, Near Eicher School, Sector- 46, Faridabad, Nhpc Colony Faridabad, Haryana- 121010, have changed my name as Ojasvi Bhardwaj. All Please Note.

I, Himanshu S/o Munish Takiar R/o H.No. B-12/20, Near Shiv Mandir, Prem Garh Road, Ward No. 21, Hoshiarpur have changed my name from Himanshu to Himanshu Takiar. (Surname as Takiar) All Please Note.

I, Pola Ram S/o Sadhu Ram R/o H.No. 7/57/2, Sidh Mohalla Banga, Distt. S.B.S Nagar have changed my name spelling from Pola Ram to Pohla Ram. All Please Note.

I, Krishana Kumari W/o Pohla Ram H.No. 7/57/2, Sidh Mohalla Banga, Distt. S.B.S Nagar have changed my name spelling from Krishana Kumari to Krishna Kumari. All Please Note.

## Change of Name

I Jiwan Kumar S/O Sohan Lal R/O H .No. 310, Street No. 02 , Opp. Sai Karyana Store, New Anand Puri, Kali Sadak, Ludhiana-141008 have changed my name/spelling from Jeevan Kumar to Jiwan Kumar .(one and same person). All concerned please note.

I, Sarbjit Kaur D/o Shingara Singh R/o H.No. 422, Gali No. 3, Mohalla Hargobind Nagar, Jalandhar, Punjab-144012 have changed my name from Sarbjit Kaur to Sarabjit Kaur. All concerned please note.

I rajvinder kaur w/o tehail singh r/o ward no 01 mohalla kot fateh chand, tehsil dera baba nanak distt gurdaspur punjab 143604, india, i have changed my name from balwinder kaur to rajvinder kaur please note all concern.

I, Navneet Kaur W/o Deepak Verma R/o H.No 15 Ward No 1 Sarafan Mohalla , Dasuya, Hoshiarpur - 144205 Punjab have changed my name to Navneet Kaur Verma.(Verma as a Surname)

I, Aruna W/O Baljit Singh R/O Vill-Fazalpur, Po Pattar Ka Lan District Jalandhar Have Changed My Name From Aruna To Aruna Pathania, Given Name As Aruna & Surname As Pathania. All Note.

I Jaswinder Singh S/O Parminder Singh R/O 82, Friends Avenue, Opp. Power Colony Majitha Road Amritsar Have Changed My Name From Jaswinder Singh To Jaswinder Singh Bal.

I, Kunal s/o Om Parkash r/o H.No.B-36/913, Guru Amardas Nagar, Ludhiana, Punjab-141001 have changed my name to Kunal Bagnial. All Please Note.

I, Manjit Kaur w/o Om Pal r/o VPO.Bhangala Teh. Phillaur, Distt.Jalandhar have changed my name to Kaur Manjit (Surname as Kaur) All Please Note.

I, Darshan Kaur W/o Gian Singh R/o Vill. Bussowal, Po. Sultanpur Lodhi, Distt. Kapurthala (144626) Punjab have changed my name from Darshan Kaur to Darshana. All Please Note.

I, Manisha W/o Bharat Bushan R/o Gali. No. 15, Moh. Plahi Gate, Phagwara, Distt. Kapurthala have changed my name from Manisha to Manisha Kaur. All Please Note.

I, Jaspal S/o Pritam Singh R/o Vill. Kotli Khakhian, Po. Kultham, Tehsil Phillaur, Distt. Jalandhar have changed my name from Jaspal to Singh Jaspal (Surname as Singh) All Please Note.

I, Karamjit Singh S/o Charanjit Singh R/o Patti Purewal, Village and Post Office Shankar, Tehsil Nakodar, Distt. Jalandhar have changed my name from Karamjit Singh to Karamjit Singh Purewal (Surname as Purewal) All Please Note.

I, Manish S/o Laxmi Kant Sharma R/o H.No.E.D-276, Dhan Mohalla, Jalandhar-144001, Punjab have changed my name from Manish to Manish Sharma (Surname as Sharma). All Please Note.

I, Niranjan Dass S/o Basant Lal R/o H.No.111, Green Velly, Basti Danishmandan, Jalandhar, Punjab have changed my name from Niranjan Dass to Naranjan Dass. All Please Note.

I, Ajaib Singh Maan S/o Karnail Singh R/o VPO. Mullanpur Garibdass, Tehsil Kharar, SAS Nagar, Punjab-140901, have changed my name and shall hereafter be Known as Ajaib Singh Mann. All Please Note.

I, Amarjit Kaur W/o Sukhwinder Singh R/o Vill.Bassi Balidad Kha, Po. Bassi Ballo, Distt.Hoshiarpur, Punjab-144208. have changed my name and shall hereafter be Known as Amarjit. All Please Note.

I, Gurmeet Kaur W/o Sundip Singh R/o VPO. Bariar, Tehsil Bholath, Distt. Kapurthala-144621, Punjab have changed my name to Given name as Gurmeet & Surname as Kaur. All Please Note.

I, Gurmeet Kaur W/o Sundip Singh R/o VPO. Bariar, Tehsil Bholath, Distt. Kapurthala-144621, Punjab have changed the name of my minor son Simardeep Singh to Singh Simardeep. (Surname as Singh) All Please Note.

I, Manjit Kaur W/o Amrik Singh R/o VPO. Bariar, Tehsil Bholath, Distt. Kapurthala-144621, Punjab have changed my name to Given name as Manjit & Surname as Kaur. All Please Note.

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


## ਮਰੇਂਗੋ ਹਾਸਪਿਟਲ ਬਣਿਆ ਦਿਲ ਦੇ ਟ੍ਰਾਂਸਪਲਾਂਟ ਲਈ ਪ੍ਰਮੁੱਖ ਕੇਂਦਰ

**ਜਲੰਧਰ** : ਮਰੇਂਗੋ ਸੀਆਈਐੱਮਐੱਸ ਹਾਸਪਿਟਲ ਇਸ ਸਮੇਂ ਦਿਲ ਦੇ ਟ੍ਰਾਂਸਪਲਾਂਟ ਲਈ ਆਲਮੀ ਪੱਧਰ 'ਤੇ ਵੱਡੀ ਮਾਨਤਾ ਪ੍ਰਾਪਤ ਇੱਕ ਡਾਕਟਰੀ ਉੱਤਮਤਾ ਵਾਲੀ ਟੀਮ ਦੇ ਨਾਲ ਇੱਕ ਆਧੁਨਿਕ ਕੇਂਦਰ ਵਜੋਂ ਜਾਣਿਆ ਜਾਂਦਾ ਹੈ। ਡਾਕਟਰਾਂ ਦੀ ਟੀਮ ਹਰ ਸਾਲ ਦੋਹਰੇ ਅੰਕਾਂ ਵਾਲੇ ਅੰਕੜਿਆਂ ਵਿਚ ਟ੍ਰਾਂਸਪਲਾਂਟ ਕਰਦੀ ਹੈ, ਤਾਂ ਹੀ ਕਰਕੇ ਉਨ੍ਹਾਂ ਨੂੰ ਇਹ ਮਸ਼ਹੂਰੀ ਪ੍ਰਾਪਤ ਹੋਈ ਹੈ। ਡਾਕਟਰਾਂ ਦੀ ਟੀਮ ਦੀ ਅਗਵਾਈ ਡਾ: ਧੀਰੇਨ ਸ਼ਾਹ, ਡਾਇਰੈਕਟਰ ਹਾਰਟ ਟ੍ਰਾਂਸਪਲਾਂਟ ਪ੍ਰੋਗਰਾਮ ਕਰ ਰਹੇ ਹਨ। ਦਿਲ ਦਾ ਟ੍ਰਾਂਸਪਲਾਂਟੇਸ਼ਨ ਪਿਛਲੇ ਚਾਰ ਤੋਂ ਪੰਜ ਦਹਾਕਿਆਂ ਵਿੱਚ ਦਿਲ ਦੀ ਵੱਡੇ ਪੱਧਰ ਦੀ ਖ਼ਰਾਬੀ ਦੇ ਲਈ ਇੱਕ ਬਿਹਤਰੀਨ ਇਲਾਜ ਵਜੋਂ ਉੱਭਰ ਕੇ ਸਾਹਮਣੇ ਆਇਆ ਹੈ। ਡਾ: ਧੀਰੇਨ ਸ਼ਾਹ, ਡਾਇਰੈਕਟਰ ਹਾਰਟ ਟ੍ਰਾਂਸਪਲਾਂਟ ਪ੍ਰੋਗਰਾਮ ਕਹਿੰਦੇ ਹਨ ਕਿ ਦਿਲ ਦੀ ਅੰਤਿਮ ਪੜਾਅ ਦੀ ਬਿਮਾਰੀ ਵਾਲੇ ਮਰੀਜ਼ਾਂ ਲਈ ਦਿਲ ਦਾ ਟਰਾਂਸਪਲਾਂਟੇਸ਼ਨ ਇੱਕ ਪਸੰਦੀਦਾ ਵਿਕਲਪ ਬਣਨ ਦੇ ਕਈ ਸਾਰੇ ਅਹਿਮ ਕਾਰਨ ਹਨ। ਦਿਲ ਦਾ ਟ੍ਰਾਂਸਪਲਾਂਟ ਅਕਸਰ ਉਨ੍ਹਾਂ ਮਰੀਜ਼ਾਂ ਲਈ ਜੀਵਨ ਬਚਾਉਣ ਵਾਲਾ ਤਰੀਕਾ ਹੁੰਦਾ ਹੈ ਜਿਨ੍ਹਾਂ ਨੇ ਦੂਜੇ ਡਾਕਟਰੀ ਇਲਾਜ ਅਤੇ ਤਰੀਕਿਆਂ ਨੂੰ ਅਜ਼ਮਾ ਕੇ ਦੇਖ ਲਿਆ ਹੈ।

## ਮਨੋਜ ਕੁਮਾਰ ਇੰਨੋਵੇਟਿਵ ਟੀਚਿੰਗ ਬੈਸਟ ਟੀਚਰ ਨੈਸ਼ਨਲ ਐਵਾਰਡ ਨਾਲ ਸਨਮਾਨਤ

**ਬਾਘਾ ਪੁਰਾਣਾ (ਮਨੀ ਸਿੰਗਲਾ)**- ਚੰਡੀਗੜ੍ਹ ਯੂਨੀਵਰਸਿਟੀ ਵਿਖੇ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ ਐਂਡ ਐਸੋਸੀਏਸ਼ਨ ਵੱਲੋਂ ਪ੍ਰਧਾਨ ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਫੈਪ ਨੈਸ਼ਨਲ ਐਵਾਰਡ 2023 ਦਾ ਅਰੰਭ ਹੋਇਆ, ਜਿਸ ਲਈ ਪੂਰੇ ਦੇਸ਼ ਦੇ ਪ੍ਰਾਈਵੇਟ ਸਕੂਲਾਂ ਦੇ ਅਧਿਆਪਕਾਂ ਨੇ ਅਰਜ਼ੀ ਦਿੱਤੀ ਅਤੇ ਬੈਸਟ ਟੀਚਰ ਲਈ ਆਪਣਾ ਦਾਅਵਾ ਪੇਸ਼ ਕੀਤਾ, ਜਿਸ ਵਿੱਚੋਂ ਸਿਰਫ 300 ਅਧਿਆਪਕਾਂ ਨੂੰ ਹੀ ਬੈਸਟ ਇੰਨੋਵੇਟਿਵ ਬੈਸਟ ਟੀਚਰ ਨੈਸ਼ਨਲ ਐਵਾਰਡ 2023 ਲਈ ਸਨਮਾਨਤ ਕੀਤਾ ਗਿਆ।

ਇਸ ਐਵਾਰਡ ਲਈ ਮੋਗਾ ਜ਼ਿਲੇ ਦੇ 10 ਅਧਿਆਪਕਾਂ ਨੂੰ ਹੀ ਚੁਣਿਆ ਗਿਆ, ਜਿਨ੍ਹਾਂ ਵਿਚੋਂ ਬਾਘਾ ਪੁਰਾਣਾ ਇਲਾਕੇ ਦੀ ਇਕੋ ਇਕ ਉੱਭਰਦੀ ਹੋਈ ਸੰਸਥਾ ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰ: ਮਨੋਜ ਕੁਮਾਰ ਨੂੰ ਫੈਪ ਐਵਾਰਡ 2023 ਦੇ ਤਾਜ ਨਾਲ ਸਨਮਾਨਤ ਕੀਤਾ ਗਿਆ ਜੋ ਕਿ ਬਾਘਾ ਪੁਰਾਣਾ ਇਲਾਕੇ ਲਈ ਬਹੁਤ ਹੀ ਮਾਣ ਦੀ ਵੱਲ ਹੈ। ਇਹ ਐਵਾਰਡ ਮਨੋਜ ਕੁਮਾਰ ਨੂੰ ਲੈਫਟੀਨੈਂਟ ਜਨਰਲ ਕੰਵਲਜੀਤ ਸਿੰਘ ਢਿੱਲੋਂ, ਡਾ.ਰਾਜ ਕੁਮਾਰ, ਰੰਜਨ ਸਿੰਘ, ਮਾਣਯੋਗ ਮਨਿਸਟਰ ਆਫ ਸਟੇਟ ਅਜਜੂਕੇਸ਼ਨ ਅਤੇ ਫੈਪ ਦੇ ਪ੍ਰਧਾਨ ਜਗਜੀਤ ਸਿੰਘ ਧੂਰੀ ਅਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਨਾਮ ਸਿੰਘ ਸੰਧੂ ਦੇ ਹੱਥੋਂ ਪ੍ਰਾਪਤ ਹੋਇਆ। ਲਾਰੈਂਸ ਸਕੂਲ ਦੇ ਚੇਅਰਮੈਨ ਤਰਸੇਮ ਲਾਲ ਗਰਗ ਅਤੇ ਪ੍ਰਿੰਸੀਪਲ ਮੈਡਮ ਜੀਨਮ ਗਰਗ ਅਤੇ ਮਨੋਜ ਕੁਮਾਰ ਨੇ ਇਸ ਐਵਾਰਡ ਦੀ ਪ੍ਰਾਪਤੀ 'ਤੇ ਫੈਪ ਦਾ ਧੰਨਵਾਦ ਕੀਤਾ ਉਨ੍ਹਾਂ ਨੇ ਕਿਹਾ ਕਿ ਸਕੂਲ ਵਿਚ ਸਮੇਂ ਸਿਰ ਪੜ੍ਹਾਈ ਨਾਲ ਸਬੰਧਤ ਗਤੀਵਿਧੀਆਂ ਮੁਕਾਬਲੇ ਕਰਵਾਏ ਜਾਂਦੇ ਹਨ ਤਾਂ ਜੋ ਬੱਚਿਆਂ ਦੀ ਪੜ੍ਹਾਈ ਵਿਚ ਰੁਚੀ ਬਣੀ ਰਹੇ।

## ਨੱਥੋਵਾਲ 'ਚ ਪ੍ਰਕਾਸ਼ ਪੁਰਬ ਮਨਾਇਆ



**ਰਾਏਕੋਟ (ਇਕਬਾਲ ਸਿੰਘ ਫੇਰੂਰਾਈਂ)**-ਕਰੀਬੀ ਪਿੰਡ ਨੱਥੋਵਾਲ ਦੇ ਗੁਰਦੁਆਰਾ ਭਗਤ ਰਵਿਦਾਸ ਜੀ ਵਿਖੇ ਗੁਰਦੁਆਰਾ ਕਮੇਟੀ ਵੱਲੋ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ ਗਿਆ। ਇਸ ਸੰਬੰਧ ਵਿੱਚ ਸ੍ਰੀ ਆਖੰਡ ਪਾਠ ਸਾਹਿਬ ਪ੍ਰਕਾਸ਼ ਕਰਵਾਏ ਗਏ ਸਨ, ਜਿਨ੍ਹਾ ਦੇ ਅੱਜ ਭੋਗ ਪਾਏ ਗਏ। ਤਿੰਨ ਰੋਜ਼ਾ ਧਾਰਮਿਕ ਸਮਾਗਮ ਦੌਰਾਨ ਸੰਤ ਬਾਬਾ ਗੁਰਚਰਨ ਸਿੰਘ ਨਾਨਕਸਰ ਕਲੇਰਾਂ ਵਾਲਿਆਂ ਵੱਲੋਂ ਆਪਣੀ ਹਾਜ਼ਰੀ ਲਗਵਾਈ ਗਈ। ਗੁਰਦੁਆਰਾ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ, ਇਕਬਾਲ ਸਿੰਘ ਗੁਲਾਬ ਸਮੇਤ ਸਮੂਹ ਕਮੇਟੀ ਮੈਂਬਰਾਂ ਵੱਲੋਂ ਸੰਤ ਬਾਬਾ ਗੁਰਚਰਨ ਸਿੰਘ ਨਾਨਕਸਰ ਕਲੇਰਾਂ ਵਾਲਿਆਂ ਨੂੰ ਸਨਮਾਨ ਨਿਸ਼ਾਨੀ ਅਤੇ ਦੋਸ਼ਾਲਾ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਡੀਪੀਆਰਓ ਪ੍ਰਭਦੀਪ ਸਿੰਘ, ਜਸਵਿੰਦਰ ਸਿੰਘ, ਬਲਬੀਰ ਸਿੰਘ, ਇਕਬਾਲ ਸਿੰਘ, ਕਰਮਜੀਤ ਸਿੰਘ, ਕੌਰ ਸਿੰਘ, ਮਲਕੀਤ ਸਿੰਘ, ਕਾਲਾ ਸਿੰਘ, ਜਗਰਾਜ ਸਿੰਘ, ਸੁਖਦੇਵ ਸਿੰਘ, ਮਨਸ਼ਾ ਖਾਨ, ਮਨਜੀਤ ਸਿੰਘ, ਰਣਜੀਤ ਸਿੰਘ, ਮਨਪ੍ਰੀਤ ਸਿੰਘ ਸਮੇਤ ਸੰਗਤਾਂ ਹਾਜ਼ਰ ਸਨ।

# ਕਿਸਾਨ-ਮਜ਼ਦੂਰ ਰੋਸ ਰੈਲੀ ਦੀ ਸਫ਼ਲਤਾ ਹਰਿਆਣਾ ਦੀ ਜਨਤਾ ਦੀ ਜਿੱਤ : ਹੁੱਡਾ




ਰੈਲੀ ਨੂੰ ਸੰਬੋਧਨ ਕਰ ਰਹੇ ਸੰਸਦ ਮੈਂਬਰ ਦਪਿੰਦਰ ਹੁੱਡਾ।

**ਸਿਰਸਾ (ਸੁਰਿੰਦਰ ਪਾਲ ਸਿੰਘ)**

ਸੰਸਦ ਮੈਂਬਰ ਦਪਿੰਦਰ ਸਿੰਘ ਹੁੱਡਾ ਨੇ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ-ਮਜ਼ਦੂਰਾਂ ਦੀ ਯਾਦ ਵਿਚ ਕਿਸਾਨ-ਮਜ਼ਦੂਰ ਰੋਸ ਰੈਲੀ ਨੂੰ ਸਫ਼ਲ ਬਣਾਉਣ ਲਈ ਸਭ ਦਾ ਧੰਨਵਾਦ ਕੀਤਾ। ਉਨ੍ਹਾਂ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੀ ਕੁਰਬਾਨੀ ਅਜਾਈਂ ਨਹੀਂ ਜਾਵੇਗੀ ਅਤੇ ਪੂਰੇ ਦੇਸ਼ ਵਿੱਚ ਬਦਲਾਅ ਦਾ ਮਾਹੌਲ ਹੈ।ਸਿਰਸਾ ਵਿੱਚ ਕਿਸਾਨ-ਮਜ਼ਦੂਰ ਇਸ ਰੋਸ ਰੈਲੀ ਰਾਹੀਂ 750 ਕਿਸਾਨਾਂ ਦੀਆਂ ਕੁਰਬਾਨੀ ਨੂੰ ਯਾਦ ਕਰਾਇਆ ਗਿਆ। ਹੁੱਡਾ ਨੇ ਅੱਗੇ ਕਿਹਾ ਕਿ ਕਿਸਾਨ ਹੀ ਨਹੀਂ ਪੰਚ-ਸਰਪੰਚ, ਪੇਂਡੂ ਚੌਕੀਦਾਰ, ਮੁਲਾਜ਼ਮ, ਇੱਥੋਂ ਤੱਕ ਕਿ ਦੇਸ਼ ਲਈ ਤਗਮੇ ਜਿੱਤਣ ਵਾਲੀਆਂ ਖਿਡਾਰੀ ਧੀਆਂ ਨੂੰ ਵੀ ਜ਼ਲੀਲ ਕੀਤਾ ਗਿਆ।

ਹੁੱਡਾ ਨੇ ਕਿਹਾ ਕਿ ਬੇਰੁਜ਼ਗਾਰੀ ਕਾਰਨ ਹਰਿਆਣਾ ਦੇ ਕਰੀਬ 5 ਲੱਖ ਨੌਜਵਾਨ ਆਪਣੇ ਮਾਤਾ-ਪਿਤਾ ਨੂੰ ਛੱਡ ਕੇ ਦੂਜੇ ਦੇਸ਼ਾਂ ਚ ਜਾਣ ਲਈ ਮਜਬੂਰ ਹਨ।ਉਨ੍ਹਾਂ ਕਿਹਾ ਕਿ ਇਹ ਰੈਲੀ ਇਸ ਸਰਕਾਰ ਦੀ ਹਉਮੈ ਨੂੰ ਤੋੜਨ ਦੀ ਲੜਾਈ ਹੈ।ਉਨ੍ਹਾਂ ਕਿਹਾ ਕਿ ਜੇ ਸਾਡੀ ਸਰਕਾਰ ਬਣੇਗੀ ਤਾਂ ਮੁਲਾਜ਼ਮਾਂ ਨੂੰ ਪੁਰਾਣੀ ਪੈਨਸ਼ਨ ਸਕੀਮ ਅਤੇ ਪੰਜਾਬ ਸਕੇਲ ਦੇਣ ਦਾ ਕੰਮ ਕਰਾਂਗੇ। ਉਨ੍ਹਾਂ ਕਿਹਾ ਕਿ ਪਿਛਲੇ 10 ਸਾਲਾਂ ਵਿੱਚ ਹਰਿਆਣਾ ਵਿੱਚ ਬੇਰੁਜ਼ਗਾਰੀ ਨੇ ਸਥਿਤੀ ਨੂੰ ਵਿਗਾੜ ਦਿੱਤਾ ਹੈ। ਲੋਕਾਂ ਦੀ ਭਰਵੀਂ ਹਾਜ਼ਰੀ ਸਮੇਤ ਇਸ ਮੌਕੇ ਡਾ. ਕੇ. ਵੀ ਸਿੰਘ, ਵਿਧਾਇਕ ਸ਼ੀਸ਼ਪਾਲ ਕੇਹਰਵਾਲਾ, ਵਿਧਾਇਕ ਅਮਿਤ ਸਿਹਾਗ, ਸਾਬਕਾ ਮੰਤਰੀ ਪਰਮਬੀਰ ਸਿੰਘ, ਸਾਬਕਾ ਵਿਧਾਇਕ ਭਰਤ ਸਿੰਘ ਬੈਨੀਵਾਲ, ਸਾਬਕਾ ਵਿਧਾਇਕ ਜਰਨੈਲ ਸਿੰਘ, ਸਾਬਕਾ ਸੰਸਦ ਮੈਂਬਰ ਸੁਸ਼ੀਲ ਇੰਦੌਰਾ, ਪ੍ਰਹਿਲਾਦ ਸਿੰਘ ਗਿੱਲਾਖੇੜਾ, ਸਾਬਕਾ ਵਿਧਾਇਕ ਕੁਲਬੀਰ ਬੈਨੀਵਾਲ, ਰਣਧੀਰ ਸਿੰਘ, ਰਾਜ ਕੁਮਾਰ ਸ਼ਰਮਾ ਸਮੇਤ ਕਾਂਗਰਸੀ ਵਰਕਰ ਵੱਡੀ ਗਿਣਤੀ ਵਿੱਚ ਸ਼ਾਮਲ ਹਨ।

# ਪੈਨਸ਼ਨਰ ਡੇਅ ਮਨਾਉਣ ਸੰਬੰਧੀ ਕਾਰਜਕਾਰਨੀ ਦੀ ਮੀਟਿੰਗ ਅੱਜ

## ਚਾਵਾਂ ਨਾਲ ਮਨਾਇਆ ਜਾਵੇਗਾ ਪੈਨਸ਼ਨਰ ਦਿਵਸ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਜ਼ਿਲ੍ਹੇ ਅੰਦਰ ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਅਗਵਾਈ ਹੇਠ ਵੱਖ-ਵੱਖ ਵਿਭਾਗਾਂ ਦੀਆਂ ਪੈਨਸ਼ਨਰਜ਼ ਜਥੇਬੰਦੀਆਂ ਪਿਛਲੇ ਲੰਮੇ ਸਮੇਂ ਤੋਂ ਸੇਵਾਮੁਕਤ ਕ੍ਰਮਚਾਰੀਆਂ ਅਤੇ ਫੈਮਲੀ ਪੈਨਸ਼ਨਰਾਂ ਦੇ ਹੱਕਾਂ ਲਈ ਸੰਘਰਸ਼ਸ਼ੀਲ ਹੈ। ਸਮੇਂ-ਸਮੇਂ 'ਤੇ ਸਟੇਟ ਬਾਡੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਉਲੀਕੇ ਗਏ ਪ੍ਰੋਗਰਾਮਾਂ ਵਿਚ ਐਸੋਸੀਏਸ਼ਨ ਵਧ ਚੜ੍ਹ ਕੇ ਹਿੱਸਾ ਲੈਂਦੀ ਰਹੀ ਹੈ। ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪੈਨਸ਼ਨਰ ਡੇਅ ਖੁਸ਼ੀਆਂ ਤੇ ਚਾਵਾਂ ਨਾਲ ਮਨਾਇਆ ਜਾਵੇਗਾ। ਇਸ ਸਬੰਧੀ ਵਿਸ਼ੇਸ਼ ਸਮਾਗਮ ਆਉਂਦੀ 20 ਦਸੰਬਰ ਨੂੰ ਕੀਤਾ ਜਾਵੇਗਾ। ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਉੱਘੇ ਟਰੇਡ ਯੂਨੀਅਨ ਆਗੂ ਕਰਮਜੀਤ ਸ਼ਰਮਾ ਤੇ ਹੋਰਨਾਂ ਪੈਨਸ਼ਨਰ ਜਥੇਬੰਦੀਆਂ ਦੇ ਮੁਖੀਆਂ ਵੱਲੋਂ ਸਾਂਝੇ ਤੌਰ 'ਤੇ ਸਮਾਰੋਹ ਦੀ ਪ੍ਰਧਾਨਗੀ ਕੀਤੀ ਜਾਵੇਗੀ। ਸਟੇਜ ਸਕੱਤਰ ਦੀ ਡਿਊਟੀ ਜ਼ਿਲ੍ਹਾ ਜਨਰਲ ਸਕੱਤਰ ਬਲਵੰਤ ਸਿੰਘ ਅਟਵਾਲ ਵੱਲੋਂ ਨਿਭਾਈ ਜਾਵੇਗੀ। ਸ਼ਹਿਰ ਦੀਆਂ ਕਈ ਸਮਾਜ ਸੇਵੀ ਸੰਸਥਾਵਾਂ ਨਾਲ ਜੁੜੇ ਪ੍ਰਸਿੱਧ ਸਮਾਜ ਸੇਵਕ ਤੇ ਪਿਛਲੇ ਗਿਆਰਾਂ ਸਾਲ ਤੋਂ ਪੈਨਸ਼ਨਰਜ਼ ਐਸੋਸੀਏਸ਼ਨ ਦੇ ਲਗਾਤਾਰ ਚੱਲੇ ਆ ਰਹੇ ਜ਼ਿਲ੍ਹਾ ਪ੍ਰੈਸ ਸਕੱਤਰ ਜਗਦੀਸ਼ ਰਾਏ ਢੋਸੀਵਾਲ ਨੇ ਦੱਸਿਆ ਹੈ ਕਿ ਇਸ ਵਾਰ ਪੈਨਸ਼ਨਰ ਦਿਵਸ ਆਉਂਦੀ 20 ਦਸੰਬਰ ਨੂੰ ਮਨਾਇਆ ਜਾਵੇਗਾ। ਸਮਾਰੋਹ ਦੀ ਤਿਆਰੀ ਸਬੰਧੀ ਕਾਰਜਕਾਰਨੀ ਦੀ ਵਿਸ਼ੇਸ਼ ਮੀਟਿੰਗ ਆਉਂਦੀ 04 ਦਸੰਬਰ ਨੂੰ ਸਥਾਨਕ ਕੋਟਕਪੂਰਾ ਰੋਡ ਸਥਿਤ ਪੈਨਸ਼ਨਰ ਭਵਨ ਵਿਖੇ ਦੁਪਹਿਰ ਦੇ 12:00 ਵਜੇ ਹੋਵੇਗੀ। ਸਮੂਹ ਕਾਰਜਕਾਰੀ ਮੈਂਬਰਾਂ ਨੂੰ ਮੀਟਿੰਗ ਵਿੱਚ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ ਗਈ ਹੈ।

# ਬਹਿਜਾ-ਬਹਿਜਾ ਕਰਾ ਗਿਆ ਯੂਨੀਵਰਸਲ ਪਬਲਿਕ ਸਕੂਲ ਦਾ ਸਾਲਾਨਾ ਸਮਾਗਮ



**ਤਲਵੰਡੀ ਸਾਬੋ (ਜਗਦੀਪ ਗਿੱਲ)**

ਯੂਨੀਵਰਸਲ ਪਬਲਿਕ ਸਕੂਲ ਦਾ 19ਵਾਂ ਸਾਲਾਨਾ ਸਮਾਗਮ, ਜਿਹੜਾ ਕੁੱਝ ਵਰ੍ਹਿਆਂ ਦੀ ਖੜੋਤ ਪਿੱਛੋਂ ਪ੍ਰਬੰਧਕਾਂ ਵੱਲੋਂ ਪੂਰੀ ਤਿਆਰੀ ਨਾਲ ਕਰਾਇਆ ਗਿਆ। ਵਿਦਿਆਰਥੀਆਂ ਤੇ ਵਿਦਿਆਰਥਣਾਂ ਦੀ ਤਿੰਨ ਤੋਂ ਚਾਰ ਹਜ਼ਾਰ ਦੀ ਗਿਣਤੀ ਵਾਲੇ ਇਸ ਸਕੂਲ ਦੀ ਪ੍ਰਿੰਸੀਪਲ ਬੀਬੀ ਮਨਜੀਤ ਕੌਰ ਨੇ ਸਕੂਲ ਦੀ ਪ੍ਰਗਤੀ ਰਿਪੋਰਟ ਪੇਸ਼ ਕਰਦਿਆਂ ਦੱਸਿਆ ਕਿ ਇਹ ਕੋਈ ਪਹਿਲਾ ਮੌਕਾ ਨਹੀਂ, ਜਦੋਂ ਸਾਡੇ ਹੋਣਹਾਰ ਸਕੂਲ ਵਿਦਿਆਰਥੀਆਂ 'ਚੋਂ ਦਰਜਨਾਂ ਵਿਦਿਆਰਥੀਆਂ ਨੇ 90 ਤੋਂ 98% ਅੰਕ ਹਾਸਲ ਕਰਕੇ ਨਾ ਸਿਰਫ਼ ਆਪਣਾ ਅਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ, ਸਗੋਂ ਅਜਿਹਾ ਪਿਛਲੇ ਵਰ੍ਹਿਆਂ ਤੋਂ ਲਗਾਤਾਰ ਹੁੰਦਾ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਖੇਡਾਂ ਦੇ ਖੇਤਰ ਵਿੱਚ ਵੀ ਸਾਡੇ ਸਕੂਲ ਨੇ ਹਰ ਸਾਲ ਨਵੇਂ ਦਿਸਹੱਦਿਆਂ ਨੂੰ ਛੋਹਿਆ ਹੈ।

ਸਮਾਗਮ ਦੀ ਪ੍ਰਧਾਨਗੀ ਕਰ ਰਹੀ ਮਾਤਾ ਸਾਹਿਬ ਕੌਰ ਗਰਲਜ ਕਾਲਜ ਦੀ ਪ੍ਰਿੰਸੀਪਲ ਬੀਬਾ ਕਮਲਪ੍ਰੀਤ ਕੌਰ ਨੇ ਕਿਹਾ ਕਿ ਉਨ੍ਹਾਂ ਨੇ ਹੁਣ ਤੱਕ ਇਹ ਸੁਣ ਰੱਖਿਆ ਸੀ ਕਿ ਯੂ ਪੀ ਐਸ ਤਲਵੰਡੀ ਸਾਬੋ ਵਾਲੇ ਕਾਲਜਾਂ ਵਾਲਿਆਂ ਨੂੰ ਆਪਣੇ ਕਿਸੇ ਵੀ ਸਮਾਗਮ ਵਿੱਚ ਥੜ੍ਹੇ 'ਤੇ ਨਹੀਂ ਚੜ੍ਹਨ ਦਿੰਦੇ, ਪ੍ਰੰਤੂ ਇੱਥੇ ਆਣ ਕੇ ਉਨ੍ਹਾਂ ਨੂੰ ਅਸਲੀਅਤ ਪਤਾ ਲੱਗੀ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਦੀ ਸਟੇਜੀ ਕਲਾਕਾਰੀ ਤੇ ਪੇਸ਼ਕਾਰੀ ਦਾ ਅਨੋਖਾ ਹੁਨਰ ਵੇਖ ਕੇ ਉਨ੍ਹਾਂ ਨੂੰ ਡਾਢੀ ਪ੍ਰਸੰਨਤਾ ਹੋਈ ਹੈ।

ਬੂਟਾ ਸਿੰਘ ਸਿੱਧੂ ਵਾਈਸ ਚਾਂਸਲਰ ਮਹਾਰਾਜਾ ਰਣਜੀਤ ਸਿੰਘ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਨੇ ਕਿਹਾ ਕਿ ਉਨ੍ਹਾਂ ਨੂੰ ਇੱਥੇ ਆਣ ਕੇ ਡਾਢੀ ਖੁਸ਼ੀ ਤੇ ਮਾਣ ਮਹਿਸੂਸ ਹੋ ਰਿਹਾ ਹੈ। ਸਕੂਲ ਪ੍ਰਬੰਧਕਾਂ ਨੂੰ ਸਮਾਗਮ ਲਈ ਸ਼ਾਬਾਸ਼ ਦਿੰਦਿਆਂ ਉਨ੍ਹਾਂ ਕਿਹਾ ਕਿ ਵਿਦਿਅਕ ਪੱਖ ਸਮੇਤ ਸਾਰੇ ਪੱਖਾਂ ਤੋਂ ਸਕੂਲ ਨੂੰ ਸਿਖਰਾਂ 'ਤੇ ਪੁਚਾ ਦੇਣਾ ਸ਼ਾਇਦ ਓਨਾ ਔਖਾ ਨਹੀਂ, ਜਿੰਨਾ ਉਸ ਨੂੰ ਉੱਚੀਆਂ ਬੁਲੰਦੀਆਂ 'ਤੇ ਸਾਲ ਦਰ ਸਾਲ ਟਿਕਾਈ ਰੱਖਣਾ ਹੈ। ਬੱਚਿਆਂ, ਸਟਾਫ਼ ਅਤੇ ਆਏ ਹੋਏ ਮਾਪਿਆਂ ਸਮੇਤ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਸੰਸਥਾ ਦੇ ਚੇਅਰਮੈਨ ਸੁਖਚੈਨ ਸਿੰਘ ਸਿੱਧੂ ਨੇ ਕਿਹਾ ਕਿ ਪਿਛਲੇ ਵੀਹਾਂ ਸਾਲਾਂ ਵਿੱਚ ਸਾਡੇ ਸਕੂਲ ਨੇ ਜੋ ਮੁਕਾਮ ਹਾਸਲ ਕੀਤਾ ਹੈ, ਉਸ ਵਿੱਚ ਮੇਰਾ ਨਹੀਂ ਸਗੋਂ ਮੇਰੇ ਵਿਦਿਆਰਥੀਆਂ ਤੇ ਸਕੂਲ ਅਧਿਆਪਕਾਂ ਦਾ ਵੱਡਾ ਯੋਗਦਾਨ ਹੈ, ਜਿਸ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਸਾਲਾਨਾ ਸਕੂਲ ਸਮਾਗਮ ਮੌਕੇ ਉਨ੍ਹਾਂ ਨੂੰ ਜਿੰਨੀ ਮੁਸ਼ਕਲ ਮੁੱਖ ਮਹਿਮਾਨ ਲੱਭਣ ਲਈ ਆਉਂਦੀ ਹੈ, ਓਨੀ ਸ਼ਾਇਦ ਸਮੁੱਚਾ ਸਮਾਗਮ ਕਰਨ ਵਿੱਚ ਵੀ ਨਹੀਂ ਆਉਂਦੀ। ਉਨ੍ਹਾਂ ਕਿਹਾ ਕਿ ਬੱਚਿਆਂ ਵਿੱਚ ਕਲਾ ਦਾ ਇੱਕ ਤੋਂ ਇੱਕ ਉਹ ਹੁਨਰ ਪਿਆ ਹੈ, ਜਿਸ ਨੂੰ ਲੱਭ ਕੇ ਕੇਵਲ ਤਰਾਸ਼ਣ ਦੀ ਲੋੜ ਹੈ।

## ਕਾਤਰਾਂ

### ਹੋਲੀ ਹਾਰਟ ਸਕੂਲ ਅਜੀਤਵਾਲ 'ਚ ਛੋਟੇ ਵਿਦਿਆਰਥੀਆਂ ਦੇ ਕਵਿਤਾ ਗਾਇਨ ਮੁਕਾਬਲੇ

**ਅਜੀਤਵਾਲ (ਨਛੱਤਰ ਸੰਧੂ)**-ਅੱਜ ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਨਰਸਰੀ ਜਮਾਤ ਦੇ ਛੋਟੇ ਵਿਦਿਆਰਥੀਆਂ ਦੇ ਕਵਿਤਾ ਗਾਇਨ ਮੁਕਾਬਲੇ ਕਰਵਾਏ ਗਏ। ਇਸ ਮੌਕੇ ਵਿਦਿਆਰਥੀਆਂ ਨੇ ਕਵਿਤਾ ਗਾਇਨ ਕੀਤੀ। ਇਸ ਮੌਕੇ ਜਮਾਤ ਅਧਿਆਪਕ ਨੇ ਦੱਸਿਆ ਕਿ ਛੋਟੇ ਵਿਦਿਆਰਥੀਆਂ ਦੇ ਸਿਲੇਬਸ ਵਿੱਚ ਜੋ ਕਵਿਤਾਵਾਂ ਹਨ ਉਹ ਉਨ੍ਹਾਂ ਦੀ ਜਾਣਕਾਰੀ ਵਿੱਚ ਵਾਧਾ ਕਰਦੀਆਂ ਹਨ , ਜਿਸ ਨਾਲ ਵਿਦਿਆਰਥੀਆਂ ਦਾ ਪੜ੍ਹਾਈ ਵਿੱਚ ਮਨ ਲੱਗਾ ਰਹਿੰਦਾ ਹੈ। ਨਰਸਰੀ ਜਮਾਤ ਦੇ ਛੋਟੇ ਵਿਦਿਆਰਥੀਆਂ ਦੇ ਸਿਲੇਬਸ ਵਿੱਚ ਆਈ ਲਵ ਕਲਰਸ ਰੰਗਾਂ ਦੀ ਮਹੱਤਤਾ ਬਾਰੇ, ਟ੍ਰੈਫਿਕ ਲਾਈਟ ਟ੍ਰੈਫਿਕ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ ਅਤੇ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾਉਣ ਦਾ ਮਕਸਦ ਵਿਦਿਆਰਥੀਆਂ ਦੀ ਜਾਣਕਾਰੀ 'ਚ ਵਾਧਾ ਕਰਨਾ ਹੈ।

### ਦੀਪਕ ਸ਼ਰਮਾ ਪੰਜਾਬ ਖਾਦੀ ਤੇ ਪੇਂਡੂ ਉਦਯੋਗ ਬੋਰਡ ਦੇ ਮੈਂਬਰ ਬਣੇ



**ਗੁਰੂਹਰਸਹਾਏ (ਦੀਪਕ ਵਧਾਵਨ)** ਪੰਜਾਬ ਸਰਕਾਰ ਵੱਲੋਂ ਪਾਰਟੀ ਵਿੱਚ ਇਮਾਨਦਾਰੀ ਅਤੇ ਤਨਦੇਹੀ ਨਾਲ ਕੰਮ ਕਰਨ ਵਾਲੇ ਆਗੂਆਂ ਵਰਕਰਾਂ ਦਾ ਮਾਨ ਸਨਮਾਨ ਕੀਤਾ ਜਾ ਰਿਹਾ ਹੈ, ਜਿਸ ਦੇ ਚੱਲਦਿਆਂ ਗੁਰੂਹਰਸਹਾਏ ਦੇ ਵਾਸੀ ਵਾਸੀ ਦੀਪਕ ਸ਼ਰਮਾ ਨੂੰ ਵੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਖਾਦੀ ਅਤੇ ਪੇਂਡੂ ਉਦਯੋਗ ਬੋਰਡ ਦਾ ਮੈਂਬਰ ਨਿਯੁਕਤ ਕੀਤਾ ਗਿਆ। ਇਸ ਕੀਤੀ ਗਈ ਨਿਯੁਕਤੀ ਤੇ ਸਾਰੇ ਇਲਾਕੇ ਅੰਦਰ ਖੁਸ਼ੀ ਦੀ ਲਹਿਰ ਹੈ। ਦੀਪਕ ਸ਼ਰਮਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਾਰੀ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕਰਦੇ ਹੋਏ ਦਿੱਤੀ ਜ਼ਿੰਮੇਵਾਰੀ ਨੂੰ ਇਮਾਨਦਾਰੀ ਨਾਲ ਨਿਭਾਉਣ ਦਾ ਭਰੋਸਾ ਦਿੱਤਾ ਹੈ ਅਤੇ ਕਿਹਾ ਹੈ ਕਿ ਉਹ ਪਾਰਟੀ ਲਈ ਹੋਰ ਜ਼ਿਆਦਾ ਮਿਹਨਤ ਕਰਕੇ ਪਾਰਟੀ ਦੀਆਂ ਨੀਤੀਆਂ ਨੂੰ ਦੁਬਾਰਾ ਤੋਂ ਫਿਰ ਘਰ ਘਰ ਤੱਕ ਪੁਚਾਉਣਗੇ। ਇਸ ਮੌਕੇ ਮੰਗਤ ਮਹਿਤਾ, ਸੁਖਰਾਜ ਗੋਰਾ, ਚਰਨਜੀਤ ਸਿੰਘ ਚੰਨਾ, ਸੁਰਜੀਤ ਸਿੰਘ, ਗੋਰਾ ਬੀੜ, ਮੁਖਤਿਆਰ ਸਿੰਘ, ਜਸਨ ਕਪੂਰ, ਵਿਕਾਸ ਬੇਦੀ , ਹਰਭਜਨ ਸਿੰਘ, ਗੁਰਪ੍ਰੀਤ ਸਰਾਂ, ਕੁਲਦੀਪ ਕੰਬੋਜ, ਬੇਅੰਤ ਕੰਬੋਜ, ਹਰਪ੍ਰੀਤ ਸਿੰਘ, ਸੁਰਿੰਦਰ ਸਿੰਘ, ਕਮਲਜੀਤ ਸਿੰਘ, ਬਲਵਿੰਦਰ ਸਿੰਘ, ਅੰਗਰੇਜ ਸਿੰਘ, ਸੋਨਾ ਸਿੰਘ ਆਦੀ ਨੇ ਦੀਪਕ ਸ਼ਰਮਾ ਨੂੰ ਵਧਾਈ ਦਿੱਤੀ।

### ਭਗਤੀ ਦਾ ਸਾਗਰ ਸਨ ਸੰਤ ਕਰਨੈਲ ਦਾਸ ਜੀ ਜਲਾਲ ਵਾਲੇ : ਡਿਪਟੀ ਭਦੌੜੀਆ



**ਭਗਤਾ ਭਾਈ ਕਾ (ਰਾਜੀਵ ਗੋਇਲ)** ਭਗਤੀ ਦਾ ਸਾਗਰ ਸਨ 'ਸੰਤ ਕਰਨੈਲ ਦਾਸ ਜਲਾਲ ਵਾਲ', ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਪਾਰੀ ਹਰਸ਼ ਕੁਮਾਰ ਡਿਪਟੀ ਭਦੌੜੀਆ ਵੱਲੋਂ ਵਿਸ਼ੇਸ਼ ਗੱਲਬਾਤ ਦਰਮਿਆਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪਿਛਲੇ ਕਾਫੀ ਲੰਮੇ ਸਮੇਂ ਤੋਂ ਸੰਤ ਕਰਨੈਲ ਦਾਸ ਜੀ ਦੇ ਡੇਰਾ ਵਿਖੇ ਬਣੇ ਹਸਪਤਾਲ ਵਿੱਚ ਸੰਤ ਬ੍ਰਹਮਮੁਨੀ ਜੀ ਦੀ ਰਹਿਨੁਮਾਈ ਹੇਠ ਅੱਖਾਂ ਦੇ ਫਰੀ ਚੈੱਕਅੱਪ ਕੈਂਪ ਲੱਗਦੇ ਆ ਰਹੇ ਹਨ, ਜਿਸ ਵਿੱਚ ਲੋੜਵੰਦ ਮਰੀਜ਼ਾਂ ਦੀਆਂ ਅੱਖਾਂ ਦੇ ਲੈਂਜ ਫ੍ਰੀ ਪਾਏ ਜਾਂਦੇ ਹਨ। ਇਸ ਇਲਾਕੇ ਵਿੱਚ ਹੀ ਨਹੀਂ, ਸਗੋਂ ਦੇਸ਼ਾਂ ਵਿਦੇਸ਼ਾਂ ਵਿੱਚ ਵੀ ਸੰਤਾਂ ਦੇ ਭਗਤ ਬੈਠੇ ਹਨ, ਜਿਹੜੇ ਸੰਤ ਬਾਬਾ ਕਰਨੈਲ ਦਾਸ ਜੀ ਦੀ ਮਹਿਮਾ ਦਾ ਰਸ ਗਾਉਂਦੇ ਹਨ। 'ਗਰੀਬਾਂ ਦਾ ਯਾਰ' ਅਖਵਾਉਣ ਵਾਲੇ ਸੰਤ ਹਰੇਕ ਇਨਸਾਨ ਨਾਲ ਮੋਹ ਰੱਖਦੇ ਸਨ ਤੇ ਹਰ ਇੱਕ ਨਾਲ ਨਿਮਰਤਾ ਅਤੇ ਪਿਆਰ ਨਾਲ ਪੇਸ਼ ਆਉਂਦੇ ਸਨ।

### ਲੋਕ ਅਦਾਲਤ 9 ਨੂੰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਕਾਰਜਕਾਰੀ ਚੇਅਰਮੈਨ ਸ੍ਰੀ ਗੁਰਮੀਤ ਸਿੰਘ, ਸੰਧਾਵਾਲੀਆ, ਜੱਜ ਪੰਜਾਬ ਤੇ ਹਰਿਆਣਾ ਹਾਈਕੋਰਟ ਦੀ ਹਦਾਇਤਾਂ ਅਨੁਸਾਰ 9 ਦਸੰਬਰ ਨੂੰ ਲੱਗ ਰਹੀ ਨੈਸ਼ਨਲ ਲੋਕ ਅਦਾਲਤ ਸਬੰਧੀ ਸੀ.ਐੱਚ.ਸੀ ਚੱਕ ਸ਼ੇਰੇਵਾਲਾ ਵਿਖੇ ਸੈਮੀਨਾਰ ਲਾਇਆ ਗਿਆ। ਸ੍ਰੀ ਰਾਜ ਕੁਮਾਰ ਜ਼ਿਲ੍ਹਾ ਤੇ ਸੈਸ਼ਨਜ਼ ਜੱਜ-ਸਹਿਤ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਰਹਿਨੁਮਾਈ ਹੇਠ ਸ਼੍ਰੀਮਤੀ ਹਰਪ੍ਰੀਤ ਕੌਰ, ਸੀ.ਜੇ.ਐਮ/ਸਕੱਤਰ ਵੱਲੋਂ ਉੱਥੇ ਮੌਜੂਦ ਔਰਤਾਂ ਨੂੰ ਲੋਕ ਅਦਾਲਤਾਂ ਰਾਹ ਅਪਨਾਓ, ਝਗੜੇ ਮਿਟਾਓ, ਪਿਆਰ ਵਧਾਓ) ਨੂੰ ਜਾਗਰੂਕ ਕੀਤਾ, ਇਸ ਦੇ ਨਾਲ ਹੀ ਲੋਕ ਅਦਾਲਤ ਦੇ ਜਾਣਕਾਰੀ ਹਿੱਤ ਪ੍ਰਚਾਰ ਸਮੱਗਰੀ ਵੀ ਵੰਡੀ ਗਈ। ਲੋਕ ਅਦਾਲਤ ਵਿੱਚ ਗੰਭੀਰ ਫੌਜਦਾਰੀ ਕੇਸਾਂ ਨੂੰ ਛੱਡ ਕੇ ਹਰ ਤਰ੍ਹਾਂ ਦੇ ਪਰਵਾਰਕ ਝਗੜੇ ਜਿਵੇਂ ਪਤੀ-ਪਤਨੀ ਦਾ ਆਪਸੀ ਝਗੜਾਂ ਚੈੱਕ ਬਾਊਂਸ, ਫਾਇਨਾਂਸ ਕੰਪਨੀਆਂ, ਮੋਟਰ ਦੁਰਘਟਨਾਵਾਂ, ਬੀਮਾ ਕੰਪਨੀਆਂ ਨਾਲ ਝਗੜਿਆਂ ਦੇ ਇਲਾਵਾ ਟ੍ਰੈਫ਼ਿਕ ਚਲਾਨ, ਬਿਜਲੀ ਪਾਣੀ ਸੀਵਰੇਜ ਆਦਿ ਜਨ ਸਹੂਲਤਾਂ ਨਾਲ ਸਬੰਧਤ ਝਗੜਿਆਂ ਦਾ ਨਿਪਟਾਰਾ ਕੀਤਾ ਜਾਵੇਗਾ।

# ਵੋਟਰ ਸੂਚੀਆਂ ਦੀ ਸੁਧਾਈ ਲਈ ਲਾਏ ਸਪੈਸ਼ਲ ਕੈਂਪ : ਜ਼ਿਲ੍ਹਾ ਚੋਣ ਅਫ਼ਸਰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਡਾ. ਰੂਹੀ ਦੁੱਗ ਨੇ ਜਾਣਕਾਰੀ ਦੱਸਿਆ ਕਿ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਵੋਟਰ ਸੂਚੀਆਂ ਦੀ ਸਰਸਰੀ ਸੁਧਾਈ ਦਾ ਕੰਮ ਚੱਲ ਰਿਹਾ ਹੈ। ਵੋਟਰ ਸੂਚੀਆਂ ਦੀ ਸਰਸਰੀ ਸੁਧਾਈ ਸਬੰਧੀ ਜ਼ਿਲ੍ਹੇ ਦੇ ਕੁੱਲ 753 ਪੋਲਿੰਗ ਬੂਥਾਂ ਤੇ ਸਪੈਸ਼ਲ ਕੈਂਪ ਲਾਏ ਗਏ। ਵਿਧਾਨ ਸਭਾ ਹਲਕਾ ਸ੍ਰੀ ਮੁਕਤਸਰ ਦੇ 213, ਮਲੋਟ ਦੇ 190, ਲੰਬੀ ਦੇ 177, ਗਿੱਦੜਬਾਹਾ ਦੇ 173 ਪੋਲਿੰਗ ਬੂਥਾਂ ਤੇ ਬੀ.ਐੱਲ.ਓਜ਼ ਵੱਲੋਂ ਵੋਟਰ ਸੂਚੀਆਂ ਲਈ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ। ਆਮ ਜਨਤਾ ਇਨ੍ਹਾਂ ਬੂਥਾਂ 'ਤੇ ਬੈਠੇ ਹੋਏ ਬੀ.ਐੱਲ.ਓਜ ਤੋਂ ਆਪਣੇ ਨਵੇਂ ਵੋਟਰ ਕਾਰਡ, ਪੁਰਾਣੇ ਵੋਟਰ ਕਾਰਡਾਂ ਵਿੱਚ ਸੋਧ, ਵੋਟ ਕਟਵਾਉਣ, ਵੋਟ ਸ਼ਿਫਟ ਕਰਾਉਣ ਤੇ ਵੋਟਰ ਕਾਰਡਾਂ ਨੂੰ ਆਧਾਰ ਕਾਰਡ ਨਾਲ ਲਿੰਕ ਕਰਾ ਸਕਦੇ ਹਨ।

ਇਨ੍ਹਾਂ ਕੈਂਪਾਂ ਵਿੱਚ ਆਮ ਲੋਕ ਫਾਰਮ ਨੰ. 6 (ਨਵੀਂ ਵੋਟ ਬਨਾਉਣ ਲਈ), ਫਾਰਮ ਨੰ. 6ਏ (ਐਨ.ਆਰ.ਆਈ. ਵੋਟਰਜ ਲਈ), ਫਾਰਮ ਨੇ 6ਬੀ (ਵੋਟਰ ਕਾਰਡਾਂ ਨੂੰ ਆਧਾਰ ਕਾਰਡ ਨਾਲ ਲਿੰਕ ਕਰਨ ਲਈ), ਫਾਰਮ ਨੰ: 7 (ਵੋਟ ਕਟਵਾਉਣ ਲਈ, ਅਤੇ ਫਾਰਮ ਨੰ: 8 (ਵੋਟਰ ਕਾਰਡ ਵਿੱਚ ਕਿਸੇ ਤਰ੍ਹਾਂ ਦੀ ਸੋਧ ਕਰਨ, ਵੋਟ ਸ਼ਿਫਟ ਕਰਾਉਣ ਲਈ) ਬੀ.ਐਲ.ਓਜ ਕੋਲ ਫਾਰਮ ਭਰ ਸਕਦੇ ਹਨ। ਉਨ੍ਹਾਂ ਜ਼ਿਲ੍ਹੇ ਦੇ ਸਮੂਹ ਲੋਕਾਂ ਨੂੰ ਇਨ੍ਹਾਂ ਕੈਂਪਾਂ ਦਾ ਲਾਭ ਉਠਾਉਣ ਦੀ ਅਪੀਲ ਕੀਤੀ

# ਅਕਾਲੀ ਦਲ ਦੇ ਆਈ ਟੀ ਵਿੰਗ ਦਾ ਪ੍ਰਧਾਨ ਕੇਵਲ ਸਿੰਘ 'ਆਪ' 'ਚ ਸ਼ਾਮਲ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਸ਼੍ਰੋਮਣੀ ਅਕਾਲੀ ਦਲ ਆਈ.ਟੀ ਵਿੰਗ ਦੇ ਪ੍ਰਧਾਨ ਕੇਵਲ ਸਿੰਘ ਜੌੜਾਮਾਜਰਾ ਨੇ ਅਕਾਲੀ ਦਲ ਨੂੰ ਅਲਵਿਦਾ ਆਖ ਕੇ ਆਮ ਆਦਮੀ ਪਾਰਟੀ ਵਿੱਚ ਸ਼ਮੂਲੀਅਤ ਕਰ ਲਈ ਹੈ। 'ਆਪ' ਵਿੱਚ ਸ਼ਾਮਲ ਹੋਣ 'ਤੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਤੇ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਉਨ੍ਹਾਂ ਦਾ ਭਰਵਾਂ ਸਵਾਗਤ ਕਰਦਿਆਂ ਪਾਰਟੀ ਵਿੱਚ ਪੂਰੇ ਮਾਨ ਸਨਮਾਨ ਦਾ ਭਰੋਸਾ ਦਿੱਤਾ ਹੈ।

'ਆਪ' ਵਿੱਚ ਸ਼ਾਮਲ ਹੋਣ 'ਤੇ ਸਵਾਗਤ ਕਰਦਿਆਂ ਕਿਹਾ ਕਿ ਕੈਬਨਿਟ ਮੰਤਰੀ ਜੌੜਾਮਾਜਰਾ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਦੀਆਂ ਨੀਤੀਆਂ ਤੋਂ ਲੋਕ ਖੁਸ਼ ਹੋ ਕੇ ਆਪ ਪਾਰਟੀ ਨਾਲ ਜੁੜ ਰਹੇ ਹਨ। ਉਨ੍ਹਾਂ ਕਿਹਾ ਕਿ ਖਾਸ ਕਰਕੇ ਨੌਜਵਾਨ ਉਨ੍ਹਾਂ ਦੀ ਪਾਰਟੀ ਨਾਲ ਜੁੜ ਰਹੇ ਹਨ, ਕਿਉਂਕਿ ਮੁੱਖ ਮੰਤਰੀ ਮਾਨ ਨੇ ਆਪਣੇ ਥੋੜ੍ਹੇ ਜਿਹੇ ਕਾਰਜਕਾਲ ਵਿੱਚ ਹੀ 40 ਹਜ਼ਾਰ ਦੇ ਕਰੀਬ ਨੌਜਵਾਨਾਂ ਨੂੰ ਨੌਕਰੀਆਂ ਮੈਰਿਟ 'ਤੇ ਪ੍ਰਦਾਨ ਕੀਤੀਆਂ ਹਨ। ਕੈਬਨਿਟ ਮੰਤਰੀ ਨੇ ਕਿਹਾ ਕਿ ਨੌਜਵਾਨਾਂ ਨੂੰ ਆਪਣੇ ਹੀ ਦੇਸ਼ ਤੇ ਖਾਸ ਕਰਕੇ ਪੰਜਾਬ ਵਿੱਚ ਰੁਜ਼ਗਾਰ ਤੇ ਉਚ ਵਿੱਦਿਆ ਦੇ ਮੌਕੇ ਪ੍ਰਦਾਨ ਕਰਨ ਲਈ ਵਿਸ਼ੇਸ਼ ਨੀਤੀਆਂ ਬਣਾਈਆਂ ਹਨ, ਜਿਸ ਕਰਕੇ ਹਰ ਵਰਗ ਖੁਸ਼ ਹੈ। ਉਨ੍ਹਾਂ ਕਿਹਾ ਕਿ ਦੂਜੀਆਂ ਪਾਰਟੀਆਂ ਨੂੰ ਹੁਣ ਕੋਈ ਮੁੱਦਾ ਨਹੀਂ ਮਿਲ ਰਿਹਾ ਅਤੇ ਉਨ੍ਹਾਂ ਦੇ ਆਗੂ ਹੀ ਇਨ੍ਹਾਂ ਨੂੰ ਅਲਵਿਦਾ ਆਖ ਰਹੇ ਹਨ, ਕਿਉਂਕਿ ਇਨ੍ਹਾਂ ਪਾਰਟੀਆਂ ਨੂੰ ਲੋਕ ਹੁਣ ਮੂੰਹ ਨਹੀਂ ਲਾ ਰਹੇ। ਹਲਕਾ ਵਿਧਾਇਕ ਕੁਲਵੰਤ ਸਿੰਘ ਦੀ ਪ੍ਰੇਰਨਾ ਨਾਲ 'ਆਪ' 'ਚ ਸ਼ਾਮਲ ਹੋਇਆ ਨੌਜਵਾਨ ਆਗੂ ਕੇਵਲ ਸਿੰਘ ਲੋਕਾਂ ਨਾਲ ਜੁੜਿਆ ਨੌਜਵਾਨ ਹੈ, ਇਸ ਨੂੰ ਆਮ ਆਦਮੀ ਪਾਰਟੀ ਵਿੱਚ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ। 'ਆਪ' ਆਗੂ ਬਣੇ ਕੇਵਲ ਸਿੰਘ ਨੇ ਧੰਨਵਾਦ ਕਰਦਿਆਂ ਕਿਹਾ ਕਿ ਉਹ ਚੇਤਨ ਸਿੰਘ ਜੌੜਾਮਾਜਰਾ ਤੇ ਵਿਧਾਇਕ ਕੁਲਵੰਤ ਸਿੰਘ ਦੀ ਅਗਵਾਈ ਹੇਠ ਲੋਕਾਂ ਦੀ ਸੇਵਾ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ।



ਇਸ ਮੌਕੇ ਲੋਕ ਸਭਾ ਹਲਕਾ ਪਟਿਆਲਾ ਤੋਂ ਸੀਨੀਅਰ 'ਆਪ' ਆਗੂ ਦਲਬੀਰ ਸਿੰਘ ਗਿੱਲ ਯੂਕੇ, ਸਰਪੰਚ ਗੁਲਾਬ ਸਿੰਘ ਹਰਿਆਊ, ਬਲਜੀਤ ਸਿੰਘ ਸਹੋਤਾ, ਹਰਿੰਦਰ ਸਿੰਘ ਚੱਠਾ, ਬਲਕਾਰ ਸਿੰਘ ਗੱਜੂਮਾਜਰਾ, ਬਲਾਕ ਪ੍ਰਧਾਨ ਮਹਿੰਗਾ ਸਿੰਘ ਬਰਾੜ, ਸ਼ਹਿਰੀ ਪ੍ਰਧਾਨ ਮਦਨ ਲਾਲ ਗੋਇਲ, ਲਖਵਿੰਦਰ ਸਿੰਘ ਬਾਦਸ਼ਾਹਪੁਰ, ਹਰਦੀਪ ਸਿੰਘ ਸ਼ਾਹਪੁਰ, ਦਰਸ਼ਨ ਕਕਰਾਲਾ, ਸੁਰਜੀਤ ਸਿੰਘ ਫੌਜੀ ਤੇ ਜਸਵਿੰਦਰ ਸਿੰਘ ਸ਼ੇਰਗੜ੍ਹ ਵੀ ਮੌਜੂਦ ਸਨ।

# 'ਨਵਾਂ ਸਾਲ, ਛੋਟੀਆਂ ਬੱਚੀਆਂ ਦੇ ਨਾਲ' ਸਮਾਰੋਹ ਆਯੋਜਿਤ ਕੀਤਾ ਜਾਵੇਗਾ : ਢੋਸੀਵਾਲ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਨਵੇਂ ਸਾਲ ਨੂੰ ਜੀ ਆਇਆਂ ਕਹਿਣ ਲਈ ਵਿਲੱਖਣ ਉਪਰਾਲਾ ਕਰਨ ਦਾ ਫੈਸਲਾ ਕੀਤਾ ਹੈ। ਇਸ ਸਬੰਧੀ 'ਨਵਾਂ ਸਾਲ, ਛੋਟੀਆਂ ਬੱਚੀਆਂ ਦੇ ਨਾਲ' ਮਨਾਉਣ ਦਾ ਫੈਸਲਾ ਕੀਤਾ ਗਿਆ ਤੇ ਇਸ ਸਬੰਧੀ ਵਿਸ਼ੇਸ਼ ਸਮਾਰੋਹ ਆਯੋਜਤ ਕੀਤਾ ਜਾਵੇਗਾ। ਸਮਾਰੋਹ ਦੌਰਾਨ ਇੱਕ ਸਾਲ ਤੋਂ ਘੱਟ ਉਮਰ ਤੱਕ ਦੀ ਛੋਟੀਆਂ ਬੱਚੀਆਂ ਨੂੰ ਮਿਸ਼ਨ ਵੱਲੋਂ ਕੱਪੜੇ ਅਤੇ ਤੋਹਫੇ ਦੇ ਕੇ ਸਨਮਾਨਤ ਕੀਤਾ ਜਾਵੇਗਾ। ਮਿਸ਼ਨ ਮੁਖੀ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਨੇ ਦੱਸਿਆ ਹੈ ਕਿ ਕੰਨਿਆ ਭਰੂਣ ਹੱਤਿਆ, ਨਸ਼ੇ, ਦਾਜ ਅਤੇ ਹੋਰ ਸਮਾਜਿਕ ਬੁਰਾਈਆਂ ਨੂੰ ਸਮਾਜ ਵਿਚੋਂ ਦਰਕਿਨਾਰ ਕਰਨ ਦਾ ਸੁਨੇਹਾ ਦੇਣ ਦੇ ਮੰਤਵ ਨਾਲ ਕੀਤੇ ਜਾਣ ਵਾਲੇ ਉਕਤ ਪ੍ਰੋਗਰਾਮ ਵਿਚ ਮਿਸ਼ਨ ਦੇ ਸਮੂਹ ਅਹੁਦੇਦਾਰ ਅਤੇ ਮੈਂਬਰ ਭਾਗ ਲੈਣਗੇ। ਢੋਸੀਵਾਲ ਨੇ ਅੱਗੇ ਕਿਹਾ ਕਿ ਜਲਦੀ ਹੀ ਮੁਕਤਸਰ ਵਿਕਾਸ ਮਿਸ਼ਨ ਦੀ ਵਿਸ਼ੇਸ਼ ਮੀਟਿੰਗ ਬੁਲਾ ਕੇ ਸਮਾਰੋਹ ਸਬੰਧੀ ਸਾਰੀ ਰੂਪ ਰੇਖਾ ਤਿਆਰ ਕੀਤੀ ਜਾਵੇਗੀ। ਪ੍ਰਧਾਨ ਢੋਸੀਵਾਲ ਨੇ ਇਕ ਸਾਲ ਤੋਂ ਘੱਟ ਉਮਰ ਦੀਆਂ ਬੱਚੀਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀਆਂ ਬੱਚੀਆਂ ਦੀ ਰਜਿਸਟ੍ਰੇਸ਼ਨ ਉਨ੍ਹਾਂ ਦੇ ਮੋਬਾਇਲ ਨੰਬਰ 99144-23732 ਜਾਂ ਮਿਸ਼ਨ ਦੇ ਕਿਸੇ ਵੀ ਮੈਂਬਰ ਕੋਲ ਕਰਵਾ ਸਕਦੇ ਹਨ। ਇਹ ਰਜਿਸਟ੍ਰੇਸ਼ਨ 15 ਦਸੰਬਰ ਤੱਕ ਹੀ ਕੀਤੀ ਜਾਵੇਗੀ।

# ਨੌਜਵਾਨ ਭਰਤੀ ਮੁਹਿੰਮ ਤਹਿਤ ਸਰਬਜੀਤ ਝਿੰਜਰ ਨੇ ਨੌਜਵਾਨਾਂ 'ਚ ਭਰਿਆ ਉਤਸ਼ਾਹ : ਸੁਖਜੀਤ ਮਾਹਲਾ

**ਬਾਘਾ ਪੁਰਾਣਾ (ਮਨੀ ਸਿੰਗਲਾ)**

ਸ਼੍ਰੋਮਣੀ ਅਕਾਲੀ ਦਲ ਦੇ ਸੂਬਾ ਯੂਥ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਡਿਪਟੀ ਸੀ.ਐਮ ਦੇ ਦਿਸ਼ਾ ਨਿਰਦੇਸ਼ਾਂ 'ਤੇ ਸ਼੍ਰੋਮਣੀ ਅਕਾਲੀ ਦਲ ਦੀ ਮਜਬੂਤੀ ਲਈ ਯੂਥ ਮਿਲਣੀਆਂ ਕੀਤੀਆਂ ਜਾ ਰਹੀਆਂ ਹਨ ਤੇ ਇਨ੍ਹਾਂ ਯੂਥ ਮੀਟਿੰਗਾਂ ਵਿਚ ਨੌਜਵਾਨਾਂ ਦੇ ਹੋ ਰਹੇ ਵੱਡੇ ਇਕੱਠ ਸ਼੍ਰੋਮਣੀ ਅਕਾਲੀ ਦਲ ਲਈ ਸ਼ੁਭ ਸੰਕੇਤ ਹਨ। ਉਕਤ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਯੂਥ ਆਗੂ ਸੁਖਜੀਤ ਸਿੰਘ ਮਾਹਲਾ ਤੇ ਹਰਜੋਤ ਸਿੰਘ ਡੇਮਰੂ ਨੇ ਬੀਤੇ ਦਿਨ ਯੂਥ ਮਿਲਣੀ ਕਰਨ ਪੁੱਜੇ ਸ਼੍ਰੋਮਣੀ ਅਕਾਲੀ ਦਲ ਦੇ ਸੂਬਾ ਯੂਥ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਦੇ ਸਵਾਗਤ ਲਈ ਵੱਡੀ ਗਿਣਤੀ ਵਿੱਚ ਨੌਜਵਾਨਾਂ ਦਾ ਧੰਨਵਾਦ ਕਰਦਿਆਂ ਕੀਤਾ।

ਸੁਖਜੀਤ ਸਿੰਘ ਮਾਹਲਾ ਨੇ ਕਿਹਾ ਕਿ ਯੂਥ ਦੇ ਸੂਬਾ ਪ੍ਰਧਾਨ ਵੱਲੋਂ ਪੰਜਾਬ ਦੀ ਸ਼ਾਨ ਸਾਡੇ ਨੌਜਵਾਨ ਭਰਤੀ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਮਾਹਲਾ ਨੇ ਕਿਹਾ ਕਿ ਕਿਸਾਨ, ਮਜ਼ਦੂਰ, ਵਪਾਰੀ ਵਰਗ, ਨੌਜਵਾਨ, ਮੁਲਾਜ਼ਮ, ਔਰਤਾਂ ਹਰ ਵਰਗ ਸਰਕਾਰ ਤੋਂ ਦੁਖੀ ਨਜ਼ਰ ਆ ਰਿਹਾ ਹੈ ਅਤੇ ਲੋਕ ਸੜਕਾਂ 'ਤੇ ਰੋਸ ਪ੍ਰਦਰਸ਼ਨ ਕਰਨ ਲਈ ਮਜਬੂਰ ਹਨ। ਉਨ੍ਹਾਂ ਕਿਹਾ ਕਿ ਸੂਬੇ ਅੰਦਰ ਬਦਅਮਨੀ ਏਨੀ ਫੈਲ ਚੁੱਕੀ ਹੈ ਕਿ ਅੱਜ ਗੁੰਡਾਰਾਜ, ਫਿਰੌਤੀਆਂ, ਕਤਲੋਗਾਰਤ ਏਨੀ ਵਧ ਗਈ ਹੈ ਕਿ ਹਰੇਕ ਵਿਅਕਤੀ ਸਹਿਮ ਦੇ ਮਾਹੌਲ ਥੱਲੇ ਜੀਅ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਉਹ ਖੇਤਰੀ ਪਾਰਟੀ ਹੈ, ਜਿਸ ਨੇ ਪੰਜਾਬ ਦੇ ਹਿੱਤਾਂ ਲਈ ਮੂਹਰੇ ਹੋ ਕੇ ਲੜਾਈ ਲੜੀ ਹੈ ਅਤੇ ਅੱਜ ਲੋੜ ਹੈ ਇਸ ਦੀ ਵਾਗਡੋਰ ਆਉਣ ਵਾਲੇ ਸਮੇਂ ਵਿੱਚ ਨੌਜਵਾਨਾਂ ਦੇ ਹੱਥ ਵਿੱਚ ਦਿੱਤੀ ਜਾਵੇ ਕਿਉਂਕਿ ਨੌਜਵਾਨ ਵਰਗ ਪੰਜਾਬ ਦੇ ਹਿੱਤਾਂ ਲਈ ਲੜਾਈ ਲੜਨ ਦੇ ਪੂਰੀ ਤਰ੍ਹਾਂ ਸਮਰੱਥ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਪਾਰਟੀ ਮਜ਼ਬੂਤੀ ਲਈ ਭਰਤੀ ਮੁਹਿੰਮ ਵਿੱਢੀ ਜਾਵੇਗੀ ਅਤੇ ਨੌਜਵਾਨਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੀਆਂ ਪ੍ਰਾਪਤੀਆਂ ਬਾਰੇ ਜਾਣੂ ਕਰਾਇਆ ਜਾਵੇਗਾ। ਇਸ ਮੌਕੇ ਹਰਜੋਤ ਸਿੰਘ ਡੇਮਰੂ ਯੂਥ ਆਗੂ ਸ਼੍ਰੋਮਣੀ ਅਕਾਲੀ ਦਲ ਨੇ ਕਿਹਾ ਕਿ ਹਲਕਾ ਇੰਚਾਰਜ ਜਥੇਦਾਰ ਤੀਰਥ ਸਿੰਘ ਮਾਹਲਾ ਅਤੇ ਯੂਥ ਆਗੂ ਸੁਖਜੀਤ ਸਿੰਘ ਮਾਹਲਾ ਦੀ ਅਗਵਾਈ ਹਲਕੇ ਵਿਚ ਭਰਤੀ ਮੁਹਿੰਮ ਸ਼ੁਰੂ ਕੀਤੀ ਜਾਵੇਗੀ ਅਤੇ ਹਲਕੇ ਦੇ ਨੌਜਵਾਨਾਂ ਨੂੰ ਸ਼੍ਰੋਮਣੀ ਅਕਾਲੀ ਦਲ ਨਾਲ ਜੋੜਨ ਲਈ ਹਲਕੇ ਦੇ ਹਰ ਘਰ ਦੇ ਬੂਹੇ 'ਤੇ ਦਸਤਕ ਦਿੱਤੀ ਜਾਵੇਗੀ।

ਹਰਜੋਤ ਡੇਮਰੂ ਨੇ ਭਰਤੀ ਮੁਹਿੰਮ ਤਹਿਤ ਨੌਜਵਾਨਾਂ ਨੂੰ ਅਹੁਦੇ ਪ੍ਰਦਾਨ ਕਰਨ ਦੀ ਸ਼ਲਾਘਾ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸ਼ੁਰੂ ਤੋਂ ਹੀ ਯੂਥ ਨੂੰ ਨਾਲ ਲੈ ਕੇ ਚੱਲਦਾ ਰਿਹਾ ਹੈ। ਯੂਥ ਅਕਾਲੀ ਦਲ ਦੇ ਨਾਲ ਹੈ ਅਤੇ ਮੌਜੂਦਾ ਸਰਕਾਰ ਤੇ ਪਿਛਲੀ ਸਰਕਾਰ ਨੇ ਨਸ਼ੇ ਨੂੰ ਲੈ ਕੇ ਜੋ ਅਕਾਲੀ ਦਲ ਦਾ ਝੂਠਾ ਪ੍ਰਚਾਰ ਕਰ ਕੇ ਸੱਤਾ 'ਚੋਂ ਲਾਂਭੇ ਕੀਤਾ, ਉਨ੍ਹਾਂ ਦੀ ਆਪਣੀ ਸਰਕਾਰਾਂ ਦੇ ਵਿੱਚ ਨਸ਼ਾ ਆਪਣੇ ਪੂਰੇ ਉਫਾਨ 'ਤੇ ਹੈ। ਅਕਾਲੀ ਦਲ ਆਉਂਦੇ ਸਮੇਂ ਦੇ ਵਿਚ ਪੰਜਾਬ 'ਚ ਮੁੜ ਤੋਂ ਖੁਸ਼ਹਾਲੀ ਲੈ ਕੇ ਆਵੇਗਾ। ਇਸ ਮੌਕੇ ਵੱਡੀ ਗਿਣਤੀ ਵਿਚ ਪਾਰਟੀ ਆਗੂ ਤੇ ਵਰਕਰ ਹਾਜ਼ਰ ਸਨ।

# ਸੂਚੀਆਂ ਦੀ ਸੁਧਾਈ ਲਈ ਪੋਲਿੰਗ ਸਟੇਸ਼ਨਾਂ 'ਤੇ ਲਾਏ ਵਿਸ਼ੇਸ਼ ਕੈਂਪ

## ਵਧੀਕ ਜ਼ਿਲ੍ਹਾ ਚੋਣ ਅਫ਼ਸਰ ਵੱਲੋਂ ਅਚਨਚੇਤ ਚੈਕਿੰਗ

**ਮੂਨਕ (ਰਾਜਪਾਲ ਸਿੰਗਲਾ)**

ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਯੋਗਤਾ ਮਿਤੀ 01.01.2024 ਦੇ ਅਧਾਰ 'ਤੇ ਜ਼ਿਲ੍ਹਾ ਸੰਗਰੂਰ ਵਿੱਚ ਆਉਂਦੇ ਕੁੱਲ 05 ਵਿਧਾਨ ਸਭਾ ਚੋਣ ਹਲਕਿਆਂ (99-ਲਹਿਰਾ, 100-ਦਿੜਬਾ (ਐਸ.ਸੀ), 101-ਸੁਨਾਮ, 107-ਧੂਰੀ ਤੇ 108-ਸੰਗਰੂਰ) ਦੇ ਪੋਲਿੰਗ ਸਟੇਸਨਾਂ ਉਤੇ ਬੂਥ ਲੈਵਲ ਅਫ਼ਸਰਾਂ ਵੱਲੋਂ ਵਿਸ਼ੇਸ਼ ਕੈਂਪ ਲਾਏ ਗਏ। ਜ਼ਿਲ੍ਹਾ ਚੋਣ ਅਫ਼ਸਰ ਜਤਿੰਦਰ ਜੋਰਵਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਅਨਮੋਲ ਸਿੰਘ ਧਾਲੀਵਾਲ ਨੇ ਇਨ੍ਹਾਂ ਵਿਸ਼ੇਸ਼ ਕੈਂਪਾਂ ਦਾ ਅਚਨਚੇਤ ਦੌਰਾ ਕਰਦਿਆਂ ਬੂਥ ਲੈਵਲ ਅਫ਼ਸਰਾਂ ਦੀ ਮੌਜੂਦਗੀ ਦਾ ਜਾਇਜ਼ਾ ਲਿਆ ਅਤੇ ਕੈਂਪ ਸਬੰਧੀ ਕੀਤੇ ਪ੍ਰਬੰਧਾਂ ਦਾ ਨਿਰੀਖਣ ਕੀਤਾ।

ਉਨ੍ਹਾਂ ਦੱਸਿਆ ਕਿ ਕੋਈ ਵੀ ਯੋਗ ਵਿਅਕਤੀ, ਜਿਸ ਦੀ ਉਮਰ 01 ਜਨਵਰੀ 2024 ਨੂੰ 18 ਸਾਲ ਪੂਰੀ ਹੋ ਜਾਂਦੀ ਹੈ ਅਤੇ ਉਸਦਾ ਨਾਂਅ ਭਾਰਤ ਦੇਸ਼ ਦੇ ਕਿਸੇ ਵੀ ਚੋਣ ਹਲਕੇ ਦੀ ਵੋਟਰ ਸੂਚੀ ਵਿੱਚ ਸ਼ਾਮਲ ਨਹੀਂ ਹੈ, ਤਾਂ ਉਹ ਆਪਣਾ ਨਾਂਅ ਵੋਟਰ ਸੂਚੀ ਵਿੱਚ ਸ਼ਾਮਲ ਕਰਾਉਣ ਲਈ ਫਾਰਮ ਨੰ. 6 ਭਰਕੇ ਬਤੌਰ ਵੋਟਰ ਰਜਿਸਟਰ ਹੋ ਸਕਦਾ ਹੈ।

ਉਨ੍ਹਾਂ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਇਸ ਸਾਲ 17 ਸਾਲ ਦੀ ਉਮਰ ਪੂਰੀ ਕਰਨ ਵਾਲੇ ਨੌਜਵਾਨ ਵਰਗ ਦੇ ਬੱਚਿਆਂ, ਜਿਨ੍ਹਾਂ ਦੀ ਸਾਲ 2024 ਦੌਰਾਨ ਕਿਸੇ ਵੀ ਮਿਤੀ ਨੂੰ 18 ਸਾਲ ਦੀ ਉਮਰ ਪੂਰੀ ਹੋ ਜਾਵੇਗੀ, ਪਾਸੋਂ ਉਨ੍ਹਾਂ ਦੀ 18 ਸਾਲ ਉਮਰ ਪੂਰੀ ਹੋਣ ਦੀ ਮਿਤੀ 'ਤੇ ਬਤੌਰ ਵੋਟਰ ਰਜਿਸਟ੍ਰੇਸ਼ਨ ਕਰਨ ਸਬੰਧੀ ਐਡਵਾਂਸ ਤੌਰ ਤੇ ਫਾਰਮ ਨੰ. 6 ਪ੍ਰਾਪਤ ਕਰਨ ਦਾ ਵਿਸ਼ੇਸ ਉਪਰਾਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਹੁਣ ਸਾਲ 2024 ਵਿੱਚ ਪੈਂਦੀਆਂ ਕੁਲ ਚਾਰ ਤਿਮਾਹੀਆਂ ਯੋਗਤਾ 01 ਜਨਵਰੀ, 01 ਅਪ੍ਰੈਲ, 01 ਜੁਲਾਈ ਤੇ 01 ਅਕਤੂਬਰ ਅਨੁਸਾਰ ਕਿਸੇ ਵੀ ਯੋਗਤਾ ਮਿਤੀ ਨੂੰ ਬਿਨੈਕਾਰ ਦੀ ਉਮਰ 18 ਸਾਲ ਪੂਰੀ ਹੋ ਜਾਂਦੀ ਹੈ (ਭਾਵ ਜਿਸਦੀ ਉਮਰ ਮਿਤੀ 01 ਜਨਵਰੀ ਨੂੰ 18 ਸਾਲ ਦੀ ਪੂਰੀ ਨਹੀਂ ਹੁੰਦੀ, ਪ੍ਰੰਤੂ ਉਸਦੀ ਉਮਰ ਸਾਲ ਦੀ ਅਗਲੀ ਤਿੰਨ ਯੋਗਤਾ ਮਿਤੀ ਅਨੁਸਾਰ 18 ਸਾਲ ਪੂਰੀ ਹੋ ਜਾਂਦੀ ਹੈ) ਤਾਂ ਅਜਿਹੇ ਬਿਨੈਕਾਰ ਆਪਣੀ ਵੋਟ ਬਨਾਉਣ ਲਈ ਐਡਵਾਂਸ ਵਿੱਚ ਫ਼ਾਰਮ ਨੰ. 6 ਭਰਕੇ ਦੇ ਸਕਨਗੇ।

ਉਨ੍ਹਾਂ ਦੱਸਿਆ ਕਿ 01.01.2024 ਦੇ ਆਧਾਰ 'ਤੇ 18 ਸਾਲ ਪੂਰੀ ਕਰਨ ਵਾਲੇ ਬਿਨੈ ਪੱਤਰਾਂ ਦਾ ਨਿਪਟਾਰਾ ਵਿਧਾਨ ਸਭਾ ਚੋਣ ਹਲਕੇ ਦੇ ਸਬੰਧਤ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰਾਂ ਵੱਲੋਂ ਨਾਲ ਦੀ ਨਾਲ ਕਰ ਦਿੱਤਾ ਜਾਵੇਗਾ ਅਤੇ ਸਾਲ ਦੀਆ ਅਗਲੀਆਂ ਤਿੰਨ ਤਿਮਾਹੀਆਂ ਦੌਰਾਨ 18 ਸਾਲ ਦੀ ਉਮਰ ਪੂਰੀ ਕਰਨ ਵਾਲੇ ਬਿਨੈ ਪੱਤਰਾਂ ਦਾ ਨਿਪਟਾਰਾ ਯੋਗਤਾ ਮਿਤੀ ਦੇ ਪਹਿਲੇ ਮਹੀਨੇ ਦੌਰਾਨ ਕੀਤਾ ਜਾਵੇਗਾ।

# ਬਠਿੰਡਾ 'ਚ 'ਮੇਲਾ ਜਾਗਦੇ ਜੁਗਨੂੰਆਂ ਦਾ' ਡੀ ਸੀ ਨੇ ਕੀਤਾ ਉਦਘਾਟਨ

**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਮੇਲਾ ਜਾਗਦੇ ਜੁਗਨੂੰਆਂ ਦਾ ਵੈਲਫੇਅਰ ਸੁਸਾਇਟੀ ਰਜਿ ਬਠਿੰਡਾ ਦੇ ਪ੍ਰਧਾਨ ਜਗਤਾਰ ਸਿੰਘ ਅਣਜਾਣ ਦੀ ਅਗਵਾਈ ਹੇਠ ਕਰਾਇਆ ਜਾ ਰਿਹਾ ਹੈ। ਪਹਿਲੇ ਦਿਨ ਮੇਲਾ ਜਾਗਦੇ ਜੁਗਨੂੰਆਂ ਦਾ ਉਦਘਾਟਨ ਡਿਪਟੀ ਕਮਿਸ਼ਨਰ ਬਠਿੰਡਾ ਸ਼ੌਕਤ ਅਹਿਮਦ ਪਰੇ ਵੱਲੋਂ ਰੀਬਨ ਕੱਟ ਕੇ ਕੀਤਾ ਗਿਆ। ਇਸ ਮੌਕੇ ਪ੍ਰਧਾਨ ਜਗਤਾਰ ਅਣਜਾਣ, ਸੁਖਵਿੰਦਰ ਸਿੰਘ ਚੱਠਾ ਸਲਾਹਕਾਰ, ਹਰਵਿੰਦਰ ਬਰਾੜ ਜਨਰਲ ਸਕੱਤਰ, ਪ੍ਰੀਤ ਕੈਂਥ ਮੀਤ ਪ੍ਰਧਾਨ, ਉਜਾਗਰ ਸਿੰਘ ਢਿੱਲੋਂ ਖ਼ਜ਼ਾਨਚੀ, ਐਡਵੋਕੇਟ ਰਣਬੀਰ ਬਰਾੜ, ਗਗਨਪ੍ਰੀਤ ਬੰਗੀ ਨੇ ਡਿਪਟੀ ਕਮਿਸ਼ਨਰ ਬਠਿੰਡਾ ਨੂੰ ਗੁਲਦਸਤਾ ਦੇ ਕੇ ਜੀ ਆਇਆਂ ਨੂੰ ਆਖਿਆ ਗਿਆ। ਮੰਚ ਦਾ ਆਗਾਜ ਧਵਲੇਸ਼ਵੀਰ ਸਿੰਘ ਬਰਾੜ ਵੱਲੋਂ ਸ਼ਬਦ ਗਾਇਨ ਕਰਕੇ ਕੀਤਾ।




ਇਸ ਮੌਕੇ ਡਿਪਟੀ ਕਮਿਸ਼ਨਰ ਬਠਿੰਡਾ ਨੇ ਦੱਸਿਆ ਕਿ ਬਠਿੰਡਾ ਦੀ ਧਰਤੀ 'ਤੇ ਦੂਜੀ ਵਾਰ ਮੇਲਾ ਜਾਗਦੇ ਜੁਗਨੂੰਆਂ ਦਾ ਲਾਉਣ ਲਈ ਪ੍ਰਬੰਧਕ ਵਧਾਈ ਦੇ ਪਾਤਰ ਹਨ। ਲੋਕਾਂ ਨੂੰ ਇਹਨਾਂ ਨੌਜਵਾਨਾਂ ਪਾਸੋਂ ਸੇਧ ਲੈਣੀ ਚਾਹੀਦੀ ਹੈ। ਇਸ ਮੇਲੇ ਵਿੱਚ ਧਰਤੀ, ਪਾਣੀ, ਪੌਣ ਬਚਾਉਣ , ਪੁਰਾਤਨ ਭੋਜਨ, ਪੁਸਤਕਾਂ ਨਾਲ ਜੋੜਨ ਅਤੇ ਤੰਦਰੁਸਤ ਸਮਾਜ ਸਿਰਜਣ ਦਾ ਹੋਕਾ ਦਿੱਤਾ ਜਾ ਰਿਹਾ ਹੈ। ਪੰਜਾਬ ਰਾਜ ਦਿਹਾਤੀ ਅਜੀਵਕਾ ਮਿਸ਼ਨ ਬਠਿੰਡਾ, ਰਾਊਂਡ ਗਲਾਸ ਫਾਊਂਡੇਸ਼ਨ ਮੋਹਾਲੀ ਦੇ ਸਹਿਯੋਗ ਨਾਲ ਲੱਗ ਰਹੇ ਇਸ ਮੇਲੇ ਦੌਰਾਨ ਨੌਜਵਾਨ ਮੁਸਾਇਰਾ ਦੌਰਾਨ ਪ੍ਰਸਿੱਧ ਕਵੀਆਂ ਨੇ ਆਪਣੀਆਂ ਨਜ਼ਮਾਂ ਰਾਹੀਂ ਹਾਜ਼ਰੀਨ ਨੂੰ ਸਰਸ਼ਾਰ ਕੀਤਾ। ਇਸ ਤੋਂ ਬਾਅਦ ਜਹਿਰ ਮੁਕਤ ਖੇਤੀ ਮਾਹਰ ਕਰਮ ਸਿੰਘ ਕੁੱਤੀਵਾਲ ਨਾਲ ਹਰਜਿੰਦਰ ਸਿੰਘ ਸਿੱਧੂ ਨੇ ਸੰਵਾਦ ਰਚਾਇਆ। ਕਰਮ ਸਿੰਘ ਕੁੱਤੀਵਾਲ ਨੇ ਕੁਦਰਤੀ ਜ਼ਹਿਰਾਂ ਰਹਿਤ ਖੇਤੀ ਕਰਨ ਦੇ ਦਰਸਕਾਂ ਨਾਲ ਤਜਰਬੇ ਸਾਂਝੇ ਕੀਤੇ ਅਤੇ ਦਰਸ਼ਕਾਂ ਵੱਲੋਂ ਉਨ੍ਹਾਂ ਪਾਸੋਂ ਸਵਾਲ ਵੀ ਪੁੱਛੇ ਗਏ। ਪੁਰਾਤਨ ਖਾਣਿਆਂ 'ਚੋਂ ਮਕੀ ਦੀ ਰੋਟੀ, ਸਰ੍ਹੋਂ ਦਾ ਸਾਗ, ਕਾੜਨੀ ਵਾਲਾ ਦੁੱਧ, ਮਾਲ ਪੂੜੇ, ਖੀਰ, ਮੱਠੀਆਂ, ਗੁਲਗਲੇ, ਗੁੜ ਦੀਆਂ ਸੇਵੀਆਂ, ਦੁੱਧ ਵਾਲੀਆਂ ਸੇਵੀਆਂ, ਕਾੜ੍ਹਨੀ ਦਾ ਦੁੱਧ, ਖਿਚੜੀ, ਭੱਠੀ ਦੀਆਂ ਖਿੱਲਾਂ, ਭੂਤ ਪਿੰਨੇ, ਗੁੜ ਸ਼ੱਕਰ, ਸ਼ਹਿਦ ਅਤੇ ਸ਼ਹਿਦ ਤੋਂ ਬਣੀਆਂ ਹੋਈਆਂ ਵਸਤਾਂ, ਖੱਟੀ ਲੱਸੀ, ਮਿੱਠੀ ਲੱਸੀ, ਅੰਮ੍ਰਿਤਸਰੀ ਪਾਪੜ, ਵੜੀਆਂ ਅਤੇ ਮਸਾਲੇ ਅਤੇ ਪੁਸਤਕਾਂ ਦੀਆਂ ਸਟਾਲਾਂ 'ਤੇ ਵੱਡੀਆਂ ਭੀੜਾਂ ਰਹੀਆਂ। ਹਰੀ ਸਿੰਘ ਨਲੂਆ ਗੱਤਕਾ ਕਲੱਬ ਭੁੱਚੋ ਖੁਰਦ ਦੇ ਗੱਤਕਾ ਕੋਚ ਭਾਈ ਜਸਕਰਨ ਸਿੰਘ ਦੇ ਸ਼ਗਿਰਦ ਗੋਲਡ ਮੈਡਲਿਸਟ ਬੱਚਿਆਂ ਵੱਲੋਂ ਗੱਤਕੇ ਦੇ ਜੌਹਰ ਦਿਖਾਏ ਗਏ। ਰਾਜਿੰਦਰਾ ਕਾਲਜ ਬਠਿੰਡਾ ਦੀ ਟੀਮ ਵੱਲੋਂ ਕਿੰਨਰ ਕਮਿਊਨਿਟੀ 'ਤੇ ਆਧਾਰਿਤ ਵਿਰਾਟ ਮਹਿਲ ਦੀ ਨਿਰਦੇਸ਼ਨਾ ਹੇਠ ਨਾਟਕ ਕੀਤਾ ਗਿਆ।

# ਮਹਾਤਮਾ ਸੰਤ ਪੁਰੀ ਮਹਾਰਾਜ ਦੀ 36ਵੀਂ ਸਾਲਾਨਾ ਬਰਸੀ ਮਨਾਈ

**ਨਾਭਾ (ਵਰਿੰਦਰ ਵਰਮਾ)**

ਅਮਰ ਕੁਟੀਆ ਪਿੰਡ ਮੂਲਾਬੱਧਾ ਵਿਖੇ ਸੰਤ ਬਾਬਾ ਦਾਰਾ ਸਿੰਘ ਦੀ ਅਗਵਾਈ ਹੇਠ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸੱਚਖੰਡ ਵਾਸੀ ਮਹਾਤਮਾ ਸੰਤ ਪੁਰੀ ਮਹਾਰਾਜ ਜੀ ਦੀ 36ਵੀਂ ਸਲਾਨਾ ਬਰਸੀ ਸ਼ਰਧਾਪੂਰਵਕ ਮਨਾਈ ਗਈ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਜਥੇਦਾਰ ਬਾਬਾ ਗੁਰਮੇਲ ਸਿੰਘ ਨੇ ਸੰਗਤਾਂ ਨੂੰ ਕਥਾ ਕੀਰਤਨ ਜ਼ਰੀਏ ਗੁਰਬਾਣੀ ਨਾਲ ਜੋੜਿਆ ਅਤੇ ਮਹਾਤਮਾ ਸੰਤਪੁਰੀ ਦੇ ਜੀਵਨ ਬਾਰੇ ਚਾਨਣਾ ਪਾਇਆ। ਇਸ ਮੌਕੇ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਨੌਜਵਾਨ ਆਗੂ ਜੱਸੀ ਸੋਹੀਆਂ ਵਾਲਾ ਦੀ ਅਗਵਾਈ ਹੇਠ ਮਨੁੱਖਤਾ ਦੀ ਭਲਾਈ ਲਈ ਮਿਸ਼ਨ ਲਾਲੀ ਤੇ ਹਰਿਆਲੀ ਪਟਿਆਲਾ ਦੀ ਟੀਮ ਵਲੋਂ ਵਿਸ਼ਾਲ ਖੂਨਦਾਨ ਕੈਂਪ ਲਗਾਇਆ ਗਿਆ ਜਿਸ ਵਿੱਚ ਵੱਡੀ ਗਿਣਤੀ ਵਿੱਚ ਖੂਨਦਾਨੀਆ ਨੇ ਖੂਨਦਾਨ ਕੀਤਾ। ਇਸ ਮੌਕੇ ਸੰਤ ਬਾਬਾ ਦਾਰਾ ਸਿੰਘ, ਚੇਅਰਮੈਨ ਜੱਸੀ ਸੋਹੀਆਂ ਵਾਲਾ, ਸਮਾਜ ਸੇਵੀ ਹਰਦੀਪ ਸਨੌਰ ਤੇ ਚਰਨ ਸਿੰਘ ਐਮ. ਡੀ. ਮਲਕੀਤ ਐਗਰੋਟੈਕ ਪ੍ਰਾਈਵੇਟ ਲਿਮਟਿਡ ਨੇ ਖੂਨਦਾਨੀਆ ਨੂੰ ਸਰਟੀਫਿਕੇਟ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਸਮਾਗਮ ਨੂੰ ਸੰਬੋਧਨ ਕਰਦਿਆ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਮਹਾਤਮਾ ਸੰਤ ਪੁਰੀ ਮਹਾਰਾਜ ਨੇ ਇਲਾਕੇ ਦੀਆਂ ਸੰਗਤਾਂ ਨੂੰ ਪ੍ਰਮਾਤਮਾ ਦੇ ਨਾਮ ਨਾਲ ਜੋੜਿਆ ਅਤੇ ਹਮੇਸ਼ਾ ਸੱਚ ਦੇ ਮਾਰਗ ਤੇ ਚੱਲਣ ਦਾ ਉਪਦੇਸ਼ ਦਿੱਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਵਿਧਾਇਕ ਇਕਬਾਲ ਸਿੰਘ ਝੂੰਦਾਂ, ਜਥੇਦਾਰ ਲਾਲ ਸਿੰਘ ਰਣਜੀਤਗੜ੍ਹ, ਸੁੱਖੀ ਬਿਸ਼ਨਗੜ੍ਹ, ਹੈਪੀ ਬੁੱਗਾ, ਬੁੱਧ ਸਿੰਘ ਸੰਧਨੌਲੀ, ਜਸਪ੍ਰੀਤ ਸਿੰਘ ਰਾਇਮਲ ਮਾਜਰੀ, ਮਨਜੋਤ ਸਿੰਘ ਲੱਧਾਹੇੜੀ, ਸਰਵਨ ਸਿੰਘ ਗੁਰਥੜੀ, ਨਿਰਭੈ ਸਿੰਘ ਮੂਲਾਬੱਧਾ, ਗੁਰਦੀਪ ਸਿੰਘ ਸੁਨੱਖਾ, ਜਸਕਰਨਵੀਰ ਸਿੰਘ ਤੇਜੇ, ਗੁਰਦੀਪ ਸਿੰਘ ਸਾਬਕਾ ਸਰਪੰਚ ਮੂਲਾਬੱਧਾ, ਗੁਰਪ੍ਰੀਤ ਸਿੰਘ, ਬੇਅੰਤ ਸਿੰਘ ਸਾਹੀਏਵਾਲ, ਗੁਰਦੀਪ ਸਿੰਘ ਸੋਹੀ, ਪਰਵਿੰਦਰ ਪਹਾੜਪੁਰ, ਦੀਪਵੀਰ ਵੜੈਚ, ਬਿਕਰਮਜੀਤ ਸਿੰਘ ਵਿੱਕੀ, ਬਲਵਿੰਦਰ ਸਿੰਘ, ਬਲਜੀਤ ਸਿੰਘ, ਰਿੰਪਾ ਸਲੇਮਪੁਰ, ਸਤਵਿੰਦਰ ਸਿੰਘ, ਹਰਬੰਸ ਸਿੰਘ ਦਾਨੀਪੁਰ, ਗੋਲਡੀ ਸਰਪੰਚ ਬੁਲੇਪੁਰ ਆਦਿ ਸਮੇਤ ਵੱਡੀ ਗਿਣਤੀ ਵਿੱਚ ਸੰਤਾਂ ਨੇ ਸ਼ਮੂਲੀਅਤ ਕੀਤੀ।



# ਹਰਿਆਊ ਖੁਰਦ ਵਿਖੇ ਰੋਜ਼ ਗਾਰਡਨ ਤੇ ਖੇਡ ਗਰਾਊਂਡ ਦਾ ਉਦਘਾਟਨ

## 164 ਲੋੜਵੰਦ ਪਰਿਵਾਰਾਂ ਨੂੰ ਪੰਜ-ਪੰਜ ਮਰਲਿਆਂ ਦੇ ਪਲਾਟਾਂ ਦੀਆਂ ਸਨਦਾਂ ਤਕਸੀਮ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਬ ਡਵੀਜਨ ਪਾਤੜਾਂ ਅਧੀਨ ਆਉਂਦੇ ਪਿੰਡ ਹਰਿਆਊ ਖੁਰਦ ਵਿਖੇ ਗ੍ਰਾਮ ਪੰਚਾਇਤ ਵੱਲੋਂ ਸਰਪੰਚ ਗੁਲਾਬ ਸਿੰਘ ਦੀ ਅਗਵਾਈ ਵਿੱਚ ਉਸਾਰੇ ਗਏ ਰੋਜ਼ ਗਰਡਨ ਅਤੇ ਖੇਡ ਗਰਾਊਂਡ ਦਾ ਉਦਘਾਟਨ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਅਤੇ ਲੋਕ ਸਭਾ ਹਲਕਾ ਪਟਿਆਲਾ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਦਲਬੀਰ ਸਿੰਘ ਗਿੱਲ ਦੀ ਹਾਜ਼ਰੀ ਵਿੱਚ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਇਸ ਮੌਕੇ ਉਨ੍ਹਾਂ ਹਰਿਆਊ ਖੁਰਦ ਦੇ 164 ਗਰੀਬ ਅਤੇ ਲੋੜਵੰਦ ਪਰਿਵਾਰਾਂ ਨੂੰ ਗ੍ਰਾਮ ਪੰਚਾਇਤ ਵੱਲੋਂ ਦਿੱਤੇ ਜਾਣ ਵਾਲੇ ਪੰਜ ਪੰਜ ਮਰਲਿਆਂ ਦੇ ਪਲਾਟਾਂ ਦੀਆਂ ਸੰਨਦਾਂ ਵੀ ਲੋੜਵੰਦਾਂ ਨੂੰ ਤਕਸੀਮ ਕੀਤੀਆਂ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਉਦਘਾਟਨੀ ਪੱਥਰ ਤੋਂ ਪਰਦਾ ਹਟਾਉਣ ਉਪਰੰਤ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਸੂਚਨਾ, ਲੋਕ ਸੰਪਰਕ ਅਤੇ ਜਲ ਸਰੋਤ ਮੰਤਰੀ ਚੇਤਨ ਸਿੰਘ ਜੌੜਾ ਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਦੇ ਨੌਜਵਾਨਾਂ ਨੂੰ ਨਸਿਆਂ ਦੇ ਦਿਨੋ ਦਿਨ ਵੱਧਦੇ ਕੋਹੜ ਤੋਂ ਬਚਾਉਣ ਕੀਤੇ ਜਾ ਰਹੇ ਉਪਰਾਲਿਆਂ ਤਹਿਤ ਪਿੰਡਾਂ ਵਿੱਚ ਖੇਡ ਸਟੇਡੀਅਮ ਦੀ ਉਸਾਰੀ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਗ੍ਰਾਮ ਪੰਚਾਇਤ ਹਰਿਆਊ ਖੁਰਦ ਵੱਲੋਂ ਕੀਤੇ ਗਏ ਕਾਰਜਾਂ ਦੀ ਸਲਾਘਾ ਕਰਦਿਆਂ ਕਿਹਾ ਕਿ ਖੇਡਾਂ ਅਤੇ ਰੁਜ਼ਗਾਰ ਹੀ ਅਜਿਹੇ ਸਾਧਨ ਹਨ ਜਿਨ੍ਹਾਂ ਨਾਲ ਕੁਰਾਹੇ ਪਏ ਨੌਜਵਾਨਾਂ ਨੂੰ ਮੋੜਿਆ ਜਾ ਸਕਦਾ ਹੈ ਪਰ ਬਦਕਿਸਮਤੀ ਦੀ ਗੱਲ ਹੈ ਕਿ ਪਿਛਲੀਆਂ ਸਰਕਾਰਾਂ ਨੇ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ। ਖੇਡਾਂ ਦੇ ਖੇਤਰ ਵਿੱਚ ਮਾਨ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਸਬੰਧੀ ਜਾਣਕਾਰੀ ਦੇਣ ਦੇ ਨਾਲ ਨਾਲ ਉਨ੍ਹਾਂ ਖੇਤੀ ਨੀਤੀ ਤੇ ਗੱਲ ਕਰਦਿਆਂ ਕਿਹਾ ਕਿ ਪੰਜਾਬ ਨੂੰ ਵੱਖ-ਵੱਖ ਖਿੱਤਿਆਂ ਵਿੱਚ ਵੰਡ ਕੇ ਫਸਲਾਂ ਦੀ ਪੈਦਾਵਾਰ ਕਰਨ ਲਈ ਵਿਉਂਤਬੰਦੀ ਕੀਤੀ ਜਾ ਰਹੀ ਹੈ ਤਾਂ ਕਿ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੋ ਰਹੇ ਸੂਬੇ ਦੇ ਕਿਸਾਨਾਂ ਦੇ ਜੀਵਨ ਵਿੱਚ ਸੁਧਾਰ ਕੀਤਾ ਜਾ ਸਕੇ। ਪਟਿਆਲਾ ਵਿਖੇ 15 ਅਤੇ 16 ਦਸੰਬਰ ਨੂੰ ਲੱਗਣ ਵਾਲੇ ਗੁਲਦਾਉਦੀ ਅਤੇ ਅਮਰੂਦ ਮੇਲੇ ਵਿੱਚ ਕਿਸਾਨਾਂ ਨੂੰ ਹੁੰਮ-ਹੁੰਮਾ ਕੇ ਪਹੁੰਚਣ ਦਾ ਸੱਦਾ ਦਿੰਦਿਆਂ ਉਨ੍ਹਾਂ ਕਿਹਾ ਕਿ ਰਵਾਇਤੀ ਖੇਤੀ ਦੀ ਬਜਾਏ ਕਿਸਾਨਾਂ ਨੂੰ ਵਿਗਿਆਨਕ ਢੰਗਾਂ ਨਾਲ ਖੇਤੀ ਕਰਨੀ ਪਵੇਗੀ। ਇਸ ਲਈ ਖੇਤੀਬਾੜੀ ਅਤੇ ਬਾਗਬਾਨੀ ਵਿਭਾਗ ਵੱਲੋਂ ਲਗਾਏ ਜਾਣ ਵਾਲੇ ਮੇਲਿਆਂ ਵਿੱਚ ਪਹੁੰਚ ਕੇ ਕਿਸਾਨਾਂ ਨੂੰ ਵੱਧ ਤੋਂ ਵੱਧ ਜਾਣਕਾਰੀ ਹਾਸਿਲ ਕਰਨੀ ਚਾਹੀਦੀ ਹੈ। ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੇ ਤਹਿਤ ਪਿੰਡਾਂ ਵਿੱਚ ਖੇਡ ਸਟੇਡੀਅਮ ਦੀ ਉਸਾਰੀ ਦਾ ਕੰਮ ਸ਼ੁਰੂ ਕੀਤਾ ਗਿਆ ਹੈ ਅਤੇ ਖੇਡ ਵਿਭਾਗ ਵੱਲੋਂ ਜਲਦੀ ਇਹਨਾਂ ਖੇਡ ਸਟੇਡੀਅਮਾਂ ਵਿੱਚ ਨੌਜਵਾਨਾਂ ਨੂੰ ਨਿਪੁੰਨ ਕਰਨ ਦੇ ਮਕਸਦ ਨਾਲ ਖੇਡ ਕੋਚਾਂ ਦਾ ਪ੍ਰਬੰਧ ਵੀ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬੀਡੀਪੀਓ ਪਾਤੜਾਂ ਪਰਮਜੀਤ ਕੌਰ, ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਮਹਿੰਗਾ ਸਿੰਘ ਬਰਾੜ, ਸ਼ਹਿਰੀ ਪ੍ਰਧਾਨ ਮਦਨ ਲਾਲ ਗੋਇਲ, ਸੀਨੀਅਰ ਆਗੂ ਕੁਲਦੀਪ ਸਿੰਘ ਥਿੰਦ, ਸੁਰਜੀਤ ਸਿੰਘ ਫੌਜੀ, ਡੀਸੀਯੂ ਦੇ ਚੇਅਰਮੈਨ ਹਰਿੰਦਰ ਸਿੰਘ ਚੱਠਾ, ਕਾਰ ਡੀਲਰ ਐਸੋਸੀਏਸਨ ਦੇ ਪ੍ਰਧਾਨ ਪ੍ਰੀਤ ਗਿੱਲ, ਬਲਜੀਤ ਸਿੰਘ ਸਹੋਤਾ, ਜਸਵਿੰਦਰ ਸਿੰਘ ਕਾਕਾ ਸ਼ੇਰਗੜ੍ਹ ਤੇ ਕੁਲਦੀਪ ਸਿੰਘ ਬੰਦੇਸਾ ਆਦਿ ਹਾਜ਼ਰ ਸਨ।



# ਸੁਖਜੀਤ ਮਾਹਲਾ ਵੱਲੋਂ ਜ਼ੋਰਾਂ-ਸ਼ੋਰਾਂ ਨਾਲ ਵਿੱਢੀ ਜਾਵੇਗੀ ਯੂਥ ਭਰਤੀ ਮੁਹਿੰਮ : ਹਰਜੋਤ ਡੈਮਰੂ

**ਮੋਗਾ (ਮਨੀ ਸਿਗਲਾ)**-ਪੰਜਾਬ ਦੀ ਸ਼ਾਨ ਸਾਡੇ ਨੌਜਵਾਨ ਭਰਤੀ ਮੁਹਿੰਮ ਤਹਿਤ ਸ਼੍ਰੋਮਣੀ ਅਕਾਲੀ ਦਲ ਦੇ ਸੂਬਾ ਯੂਥ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਡਿਪਟੀ ਸੀ. ਐੱਮ. ਦੇ ਦਿਸ਼ਾ ਨਿਰਦੇਸ਼ਾਂ 'ਤੇ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਲਈ ਯੂਥ ਮਿਲਣੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਯੂਥ ਮੀਟਿੰਗਾਂ ਵਿਚ ਨੌਜਵਾਨਾਂ ਦੇ ਹੋ ਰਹੇ ਵੱਡੇ ਇਕੱਠ ਸ਼੍ਰੋਮਣੀ ਅਕਾਲੀ ਦਲ ਲਈ ਸ਼ੁਭ ਸੰਕੇਤ ਹਨ। ਉਕਤ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਯੂਥ ਆਗੂ ਸੁਖਜੀਤ ਸਿੰਘ ਮਾਹਲਾ ਅਤੇ ਹਰਜੋਤ ਸਿੰਘ ਡੇਮਰੂ ਨੇ ਬੀਤੇ ਦਿਨ ਯੂਥ ਮਿਲਣੀ ਕਰਨ ਪੁੱਜੇ ਸ਼੍ਰੋਮਣੀ ਅਕਾਲੀ ਦਲ ਦੇ ਸੂਬਾ ਯੂਥ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਦੇ ਸਵਾਗਤ ਲਈ ਵੱਡੀ ਗਿਣਤੀ ਵਿਚ ਨੌਜਵਾਨਾਂ ਦਾ ਧੰਨਵਾਦ ਕਰਦਿਆਂ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਖਜੀਤ ਸਿੰਘ ਮਾਹਲਾ ਨੇ ਕਿਹਾ ਕਿ ਯੂਥ ਦੇ ਸੂਬਾ ਪ੍ਰਧਾਨ ਵੱਲੋਂ ਪੰਜਾਬ ਦੀ ਸ਼ਾਨ ਸਾਡੇ ਨੌਜਵਾਨ ਭਰਤੀ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਸੁਖਜੀਤ ਸਿੰਘ ਮਾਹਲਾ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਅੱਜ ਕਿਸਾਨ, ਮਜ਼ਦੂਰ, ਵਪਾਰੀ ਵਰਗ, ਨੌਜਵਾਨ, ਮੁਲਾਜ਼ਮ, ਔਰਤਾਂ ਹਰ ਵਰਗ ਸਰਕਾਰ ਤੋਂ ਦੁਖੀ ਨਜ਼ਰ ਆ ਰਿਹਾ ਹੈ ਅਤੇ ਅੱਜ ਲੋਕ ਸੜਕਾਂ 'ਤੇ ਰੋਸ ਪ੍ਰਦਰਸ਼ਨ ਕਰਨ ਲਈ ਮਜਬੂਰ ਹਨ। ਉਨ੍ਹਾਂ ਕਿਹਾ ਕਿ ਸੂਬੇ ਅੰਦਰ ਬਦਅਮਨੀ ਇੰਨੀ ਫੈਲ ਚੁੱਕੀ ਹੈ ਕਿ ਅੱਜ ਗੁੰਡਾਰਾਜ, ਫਿਰੌਤੀਆਂ, ਕਤਲੋਗਾਰਤ ਇੰਨੀ ਵੱਧ ਗਈ ਹੈ ਕਿ ਹਰੇਕ ਵਿਅਕਤੀ ਸਹਿਮ ਦੇ ਮਾਹੌਲ ਥੱਲੇ ਜੀਅ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਉਹ ਖੇਤਰੀ ਪਾਰਟੀ ਹੈ ਜਿਸ ਨੇ ਪੰਜਾਬ ਦੇ ਹਿਤਾਂ ਲਈ ਮੂਹਰੇ ਹੋ ਕੇ ਲੜਾਈ ਲੜੀ ਹੈ ਅਤੇ ਅੱਜ ਲੋੜ ਹੈ ਇਸ ਦੀ ਵਾਗਡੋਰ ਆਉਣ ਵਾਲੇ ਸਮੇਂ ਵਿਚ ਨੌਜਵਾਨਾਂ ਦੇ ਹੱਥ ਵਿਚ ਦਿੱਤੀ ਜਾਵੇ ਕਿਉਂਕਿ ਨੌਜਵਾਨ ਵਰਗ ਪੰਜਾਬ ਦੇ ਹਿੱਤਾਂ ਲਈ ਲੜਾਈ ਲੜਨ ਦੇ ਪੂਰੀ ਤਰ੍ਹਾਂ ਸਮਰੱਥ ਹਨ। ਉਨ੍ਹਾਂ ਕਿਹਾ ਕਿ ਜ਼ਿਲੇ ਵਿਚ ਪਾਰਟੀ ਮਜ਼ਬੂਤੀ ਲਈ ਭਰਤੀ ਮੁਹਿੰਮ ਵਿੱਢੀ ਜਾਵੇਗੀ ਅਤੇ ਨੌਜਵਾਨਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੀਆਂ ਪ੍ਰਾਪਤੀਆਂ ਬਾਰੇ ਜਾਣੂ ਕਰਵਾਇਆ ਜਾਵੇਗਾ। ਇਸ ਮੌਕੇ ਹਰਜੋਤ ਸਿੰਘ ਡੈਮਰੂ ਯੂਥ ਆਗੂ ਸ਼੍ਰੋਮਣੀ ਅਕਾਲੀ ਦਲ ਨੇ ਕਿਹਾ ਕਿ ਹਲਕਾ ਇੰਚਾਰਜ ਜਥੇਦਾਰ ਤੀਰਥ ਸਿੰਘ ਮਾਹਲਾ ਅਤੇ ਯੂਥ ਆਗੂ ਸੁਖਜੀਤ ਸਿੰਘ ਮਾਹਲਾ ਦੀ ਅਗਵਾਈ ਹਲਕੇ ਵਿਚ ਭਰਤੀ ਮੁਹਿੰਮ ਸ਼ੁਰੂ ਕੀਤੀ ਜਾਵੇਗੀ ਅਤੇ ਹਲਕੇ ਦੇ ਨੌਜਵਾਨਾਂ ਨੂੰ ਸ਼੍ਰੋਮਣੀ ਅਕਾਲੀ ਦਲ ਨਾਲ ਜੋੜਨ ਲਈ ਹਲਕੇ ਦੇ ਹਰ ਘਰ ਦੇ ਬੂਹੇ 'ਤੇ ਦਸਤਕ ਦਿੱਤੀ ਜਾਵੇਗੀ। ਹਰਜੋਤ ਡੇਮਰੂ ਨੇ ਭਰਤੀ ਮੁਹਿੰਮ ਤਹਿਤ ਨੌਜਵਾਨਾਂ ਨੂੰ ਅਹੁਦੇ ਪ੍ਰਦਾਨ ਕਰਨ ਦੀ ਸ਼ਲਾਘਾ ਕੀਤੀ। ਅਕਾਲੀ ਦਲ ਆਉਂਦੇ ਸਮੇਂ ਦੇ ਵਿਚ ਪੰਜਾਬ 'ਚ ਮੁੜ ਤੋਂ ਖੁਸ਼ਹਾਲੀ ਲੈ ਕੇ ਆਵੇਗਾ। ਇਸ ਮੌਕੇ ਵੱਡੀ ਗਿਣਤੀ ਵਿਚ ਪਾਰਟੀ ਆਗੂ ਅਤੇ ਵਰਕਰ ਹਾਜ਼ਰ ਸਨ।



# ਕਾਸੂਪੁਰ ਦੇ ਦੋ ਰੋਜ਼ਾ ਖੇਡ ਮੇਲੇ ਦਾ ਪੋਸਟਰ ਰਿਲੀਜ਼

## ਅਗਲੇ ਸਾਲ ਨੈਸ਼ਨਲ ਸਟਾਇਲ ਕਬੱਡੀ ਕਰਵਾਈ ਜਾਵੇਗੀ : ਹਰਬੰਸ ਸਿੰਘ ਚੰਦੀ

**ਸਾਹਕੋਟ (ਗਿਆਨ ਸੈਦਪੁਰੀ)**- ਚਾਨਣ ਸਿੰਘ ਚੰਦੀ ਅਤੇ ਪ੍ਰਦੁੱਮਣ ਸਿੰਘ ਚੰਦੀ ਯਾਦਗਾਰੀ ਸਪੋਰਟਸ ਕਲੱਬ ਕਾਸੂਪੁਰ ਵੱਲੋਂ 29ਵੇਂ ਸਾਲਾਨਾ ਟੂਰਨਾਮੈਂਟ ਸੰਬੰਧੀ ਦੂਸਰੀ ਮੀਟਿੰਗ ਹੋਈ। ਮੀਟਿੰਗ ਸ਼ੁਰੂ ਕਰਨ ਤੋਂ ਪਹਿਲਾਂ ਕਲੱਬ ਦੇ ਜਥੇਬੰਦਕ ਸਕੱਤਰ ਕੰਵਰਜੀਤ ਸਿੰਘ ਚੰਦੀ (ਲਵਲੀ) ਨੇ ਸਭ ਨੂੰ ਜੀ ਆਇਆ ਕਹਿੰਦਿਆਂ ਪਿਛਲੇ ਸਮੇਂ ਵਿਛੋੜਾ ਦੇ ਗਏ ਕਲੱਬ ਦੇ ਜਨਰਲ ਸਕੱਤਰ ਸਵਰਗਵਾਸੀ ਸੁਰਿੰਦਰ ਸਿੰਘ ਵਿਰਦੀ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸਰਧਾਂਜਲੀ ਦਿੱਤੀ ਗਈ। ਉਪਰੰਤ ਟੂਰਨਾਮੈਂਟ ਡਾਇਰੈਕਟਰ ਸੇਵਾ ਮੁਕਤ ਡੀ. ਐਸ. ਪੀ. ਭੁਪਿੰਦਰ ਸਿੰਘ ਨੇ ਸਾਰੇ ਅਹੁਦੇਦਾਰਾਂ ਅਤੇ ਮੈਂਬਰਨ ਨੂੰ ਟੂਰਨਾਮੈਂਟ ਨੂੰ ਹੋਰ ਸਫਲ ਬਣਾਉਣ ਲਈ ਆਪਣੇ ਆਪਣੇ ਸੁਝਾਅ ਰੱਖਣ ਲਈ ਕਿਹਾ ਗਿਆ। ਮੀਟਿੰਗ ਦੌਰਾਨ ਕਲੱਬ ਦੇ ਪ੍ਰਧਾਨ ਹਰਬੰਸ ਸਿੰਘ ਚੰਦੀ ਨੇ ਅਹੁਦੇਦਾਰਾਂ ਅਤੇ ਮੈਂਬਰਨ ਦੇ ਵਿਚਾਰ ਸੁਣਨ ਉਪਰੰਤ ਉਨ੍ਹਾਂ ਦੇ ਦਿੱਤੇ ਵਿਚਾਰਾਂ 'ਤੇ ਸਹਿਮਤੀ ਪ੍ਰਗਟਾਈ। ਉਨ੍ਹਾਂ ਇਸ ਮੌਕੇ ਅਗਲੇ ਸਾਲ ਹੋਣ ਵਾਲੇ ਟੂਰਨਾਮੈਂਟ ਵਿੱਚ ਨੈਸਨਲ ਸਟਾਇਲ ਕਬੱਡੀ ਕਰਵਾਉਣ ਲਈ ਸਾਰੇ ਅਹੁਦੇਦਾਰਾਂ ਅਤੇ ਮੈਂਬਰਨ ਨੂੰ ਕਿਹਾ ਕਿ ਉਹ ਵੀ ਸਹਿਯੋਗ ਕਰਨ ਤਾਂ ਜੋ ਵੱਖ ਵੱਖ ਸਕੂਲਾਂ ਦੇ ਵਿੱਚ ਨੈਸਨਲ ਸਟਾਇਲ ਕਬੱਡੀ ਖੇਡਣ ਵਾਲੇ ਖਿਡਾਰੀਆਂ ਨੂੰ ਇਸ ਟੂਰਨਾਮੈਂਟ ਵਿੱਚ ਖੇਡਣ ਦਾ ਮੌਕਾ ਮਿਲੇ। ਆਖਰੀ ਵਿੱਚ ਉਨ੍ਹਾਂ ਨੇ ਆਪਣੀ ਸਮੁੱਚੀ ਟੀਮ ਨਾਲ 9 ਅਤੇ 10 ਦਸੰਬਰ ਨੂੰ ਕਰਵਾਏ ਜਾਣ ਵਾਲੇ ਕਬੱਡੀ ਅਤੇ ਵਾਲੀਬਾਲ ਦੇ ਟੂਰਨਾਮੈਂਟ ਦਾ ਪੋਸਟਰ ਰਲੀਜ ਕੀਤਾ। ਇਸ ਮੌਕੇ ਹੋਰਨਾਂ ਤੋ ਇਲਾਵਾ ਸੀਨੀਅਰ ਵਾਈਸ ਪ੍ਰਧਾਨ ਸਵਰਨ ਸਿੰਘ ਚੰਦੀ(ਕਨੇਡਾ), ਕਬੱਡੀ ਕਨਵੀਨਰ ਅਜੀਤ ਸਿੰਘ, ਵਾਲੀਬਾਲ ਕੋਚ ਪ੍ਰਿੰਸੀਪਲ ਬਲਕਾਰ ਸਿੰਘ, ਸਦਾ ਰਾਮ ਮੀਏਂਵਾਲ, ਜੀਵਨ ਸਿੰਘ ਬਾਹਮਣੀਆਂ, ਅਮਰਜੀਤ ਸਿੰਘ ਸੱਭਰਵਾਲ, ਠੇਕੇਦਾਰ ਤਰਸੇਮ ਸਿੰਘ, ਗੁਰਦੀਪ ਸਿੰਘ ਲਸੂੜੀ, ਗੁਰਮੀਤ ਸਿੰਘ ਸਾਬਕਾ ਸਰਪੰਚ, ਕਪੂਰ ਸਿੰਘ, ਨਵਜੋਤ ਸਿੰਘ ਰੂਪੇਵਾਲ, ਅਜੀਤ ਸਿੰਘ ਝੀਤਾ, ਅੰਮ੍ਰਿਤਪਾਲ ਸਿੰਘ, ਅਮਨਦੀਪ ਸੈਦਪੁਰੀ, ਰਣਜੀਤ ਸਿੰਘ(ਫੁਲਵਾੜੀ ਸਕੂਲ), ਨਿਰਮਲ ਸਿੰਘ, ਮਲਕੀਤ ਸਿੰਘ, ਮੋਹਨ ਸਿੰਘ, ਮੇਜਰ ਸਿੰਘ, ਰਣਜੀਤ ਸਿੰਘ, ਮਗਵਿੰਦਰ ਸਿੰਘ, ਪਰਗਣ ਸਿੰਘ, ਹਰਬੰਸ ਸਿੰਘ, ਸੁਖਦੇਵ ਸਿੰਘ, ਜਸਵਿੰਦਰ ਸਿੰਘ, ਕਮਲ ਨਿਹਾਲੂਵਾਲ ਆਦਿ ਹਾਜ਼ਰ ਸਨ।



ਟੂਰਨਾਮੈਂਟ ਦਾ ਪੋਸਟਰ ਰਿਲੀਜ ਕਰਨ ਮੌਕੇ ਹਰਬੰਸ ਸਿੰਘ ਚੰਦੀ, ਸਵਰਨ ਸਿੰਘ ਚੰਦੀ, ਲਵਲੀ ਚੰਦੀ ਤੇ ਹੋਰ

# ਜਰਨਲਿਸਟ ਪ੍ਰੈੱਸ ਕਲੱਬ ਰਜਿ. ਪੰਜਾਬ ਪੱਤਰਕਾਰ ਭਾਈਚਾਰੇ ਨਾਲ ਹਮੇਸ਼ਾ ਚੱਟਾਨ ਵਾਂਗ ਖੜ੍ਹਾ : ਮਾਨ, ਸੰਗੋਜਲਾ

**ਕਪੂਰਥਲਾ (ਪੱਤਰ ਪ੍ਰੇਰਕ)**

ਮਨਜੀਤ ਮਾਨ ਸੂਬਾ ਪ੍ਰਧਾਨ ਜਰਨਲਿਸਟ ਪ੍ਰੈਸ ਕਲੱਬ ਰਜਿ ਪੰਜਾਬ,ਪ੍ਰੀਤ ਸੰਗੋਜਲਾ ਜ਼ਿਲ੍ਹਾ ਪ੍ਰਧਾਨ ਕਪੂਰਥਲਾ ਨੇ ਕਿਹਾ ਕਿ ਜਰਨਲਿਸਟ ਪ੍ਰੈਸ ਕਲੱਬ ਰਜਿ ਪੰਜਾਬ ਪੱਤਰਕਾਰ ਭਾਈਚਾਰੇ ਲਈ 24 ਘੰਟੇ ਸੇਵਾ ਵਿੱਚ ਹਾਜ਼ਰ ਹੈ। ਕਿਸੇ ਵੀ ਪੱਤਰਕਾਰ ਸਾਥੀ ਨੂੰ ਕੋਈ ਵੀ ਤੰਗੀ ਤਕਲੀਫ ਨਹੀਂ ਆਉਣ ਦਿੱਤੀ ਜਾਵੇਗੀ। ਜੇਕਰ ਕਿਸੇ ਵੀ ਪੱਤਰਕਾਰ ਸਾਥੀ ਨੂੰ ਕੋਈ ਨੂੰ ਕੋਈ ਵੀ ਪ੍ਰੇਸ਼ਾਨੀ ਹੈ ਤਾਂ ਉਹ ਪ੍ਰੈਸ ਕਲੱਬ ਨਾਲ਼ ਸਪੰਰਕ ਕਰੇ।ਜਰਨਲਿਸਟ ਪ੍ਰੈਸ ਕਲੱਬ ਉਸ ਸਾਥੀ ਦੀ ਪੂਰੀ ਮਦਦ ਕਰੇਂਗੀ। ਮਨਜੀਤ ਮਾਨ ਸੂਬਾ ਪ੍ਰਧਾਨ ਨੇ ਕਿਹਾ ਕਿ ਪੂਰੇ ਪੰਜਾਬ ਵਿੱਚ ਸਾਡੇ ਜ਼ਿਲ੍ਹਾ ਪ੍ਰਧਾਨ, ਯੂਨਿਟ ਪ੍ਰਧਾਨ , ਜਨਰਲ ਸਕੱਤਰ, ਚੇਅਰਮੈਨ ਤੇ ਹੋਰ ਦਰਜ਼ਾ ਬਾ ਦਰਜ਼ਾ ਸਤਿਕਾਰ ਯੋਗ ਸਾਥੀ ਹਨ। ਉਨ੍ਹਾਂ ਨਾਲ਼ ਸਪੰਰਕ ਕਰ ਸਕਦੇ ਹੋ। ਪ੍ਰੀਤ ਸੰਗੋਜਲਾ ਜ਼ਿਲ੍ਹਾ ਪ੍ਰਧਾਨ ਕਪੂਰਥਲਾ ਨੇ ਵੀ ਕਿਹਾ ਕਿ ਜਰਨਲਿਸਟ ਪ੍ਰੈਸ ਕਲੱਬ ਰਜਿ ਪੰਜਾਬ ਇਕ ਇਹੋ ਜਿਹੀ ਸੰਸਥਾ ਹੈ। ਪੱਤਰਕਾਰ ਭਾਈਚਾਰੇ ਲਈ 24 ਘੰਟੇ ਸੇਵਾ ਵਿੱਚ ਹਾਜ਼ਰ ਰਹਿੰਦੀ ਹੈ। ਜਰਨਲਿਸਟ ਪ੍ਰੈਸ ਕਲੱਬ ਦੀ ਮੈਂਬਰਸ਼ਿਪ ਸ਼ੁਰੂ ਹੈ। ਮਨਜੀਤ ਮਾਨ ਸੂਬਾ ਪ੍ਰਧਾਨ ਨਾਲ਼ ਸਲਾਹ ਮਸ਼ਵਰਾ ਕਰਕੇ ਬਹੁਤ ਜਲਦ ਸੂਬਾ ਪੱਧਰੀ ਮੀਟਿੰਗ ਰੱਖੀ ਜਾਵੇਗੀ।ਜਿਸ ਵਿੱਚ ਸਾਰੇ ਜ਼ਿਲ੍ਹਾ ਪ੍ਰਧਾਨ, ਯੂਨਿਟ ਪ੍ਰਧਾਨ, ਜਨਰਲ ਸਕੱਤਰ, ਚੇਅਰਮੈਨ ਸਾਹਿਬਾਨ ਨੂੰ ਸੱਦਾ ਪੱਤਰ ਦਿੱਤਾ ਜਾਵੇਗਾ। ਕੋਸ਼ਿਸ਼ ਕੀਤੀ ਜਾਵੇਗੀ ਪੱਤਰਕਾਰ ਭਾਈਚਾਰੇ ਦੀਆਂ ਮੁਸਕਲਾਂ ਸੁਣ ਕੇ ਜਲਦ ਨਿਪਟਾਰਾ ਕਰਵਾਇਆ ਜਾਵੇਗਾ।





# ਵਿਭਾਗ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ : ਸਿਵਲ ਸਰਜਨ

**ਨਵਾਂਸ਼ਹਿਰ, ( ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਵਿਕਸਤ ਭਾਰਤ ਸੰਕਲਪ ਯਾਤਰਾ-ਹਮਾਰਾ ਸੰਕਲਪ ਵਿਕਸਿਤ ਭਾਰਤ ਮੁਹਿੰਮ ਤਹਿਤ ਜ਼ਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਸਿਹਤ ਬਲਾਕ ਮੁਜੱਫਰਪੁਰ ਦੇ ਪਿੰਡ ਮੋਹਾਲੋਂ ਤੇ ਗੁੱਜਰਪੁਰ ਕਲਾਂ ਵਿੱਚ ਆਈ.ਈ.ਸੀ. ਵੈਨਾਂ ਦੇ ਨਾਲ ਆਮ ਲੋਕਾਂ ਨੂੰ ਉਨ੍ਹਾਂ ਦੇ ਦਰਾਂ 'ਤੇ ਮੁੱਢਲੀਆਂ ਸਰਕਾਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਿਸ਼ੇਸ਼ ਕੈਂਪ ਆਯੋਜਿਤ ਕੀਤੇ ਗਏ। ਇਸ ਮੌਕੇ ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਨੇ ਪਿੰਡ ਮੋਹਾਲੋਂ ਵਿਖੇ ਪਹੁੰਚ ਕੇ ਸਾਰੇ ਪ੍ਰਬੰਧਾਂ ਦਾ ਨਿਰੀਖਣ ਕੀਤਾ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਇਸ ਮੁਹਿੰਮ ਦਾ ਮੁੱਖ ਮੰਤਵ ਸਿਹਤ ਸਹੂਲਤਾਂ ਨੂੰ ਮੌਕੇ 'ਤੇ ਮੁਹੱਈਆ ਕਰਵਾਉਣ ਦੇ ਨਾਲ-ਨਾਲ ਸਰਕਾਰੀ ਸਕੀਮਾਂ ਦਾ ਪ੍ਰਸਾਰ ਅਤੇ ਪ੍ਰਚਾਰ ਜ਼ਮੀਨੀ ਪੱਧਰ ਤੱਕ ਕਰਨਾ ਹੈ ਤਾਂ ਜੋ ਕੋਈ ਵੀ ਯੋਗ ਲਾਭਪਾਤਰੀ ਇਨ੍ਹਾਂ ਸਿਹਤ ਸੇਵਾਵਾਂ ਦੇ ਲਾਭ ਤੋਂ ਵਾਂਝਾ ਨਾ ਰਹੇ। ਡਾ. ਜਸਪ੍ਰੀਤ ਕੌਰ ਨੇ ਅੱਗੇ ਦੱਸਿਆ ਕਿ ਇਸ ਕੰਪੇਨ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਵਿਭਾਗਾਂ ਵੱਲੋਂ ਸ਼ਮੂਲੀਅਤ ਕੀਤੀ ਜਾ ਰਹੀ ਹੈ, ਜਿਸ ਵਿੱਚ ਸਿਹਤ ਵਿਭਾਗ ਵੱਲੋਂ ਆਈ.ਈ.ਸੀ. ਵੈਨਾਂ ਰਾਹੀਂ ਪਿੰਡਾਂ ਵਿੱਚ ਜਾ ਕੇ ਵੀਡੀਓ ਸੰਦੇਸ਼ਾਂ ਰਾਹੀ ਲੋਕਾਂ ਨੂੰ ਸਰਕਾਰੀ ਸਕੀਮਾਂ ਪ੍ਰਤੀ ਜਾਗਰੂਕ ਕੀਤਾ ਜਾ ਰਿਹਾ ਹੈ। ਇਹ ਵੈਨਾਂ ਪੈਂਫਲੈਟ, ਬਰੋਸ਼ਰਜ਼ ਤੋਂ ਇਲਾਵਾ ਸਾਂਉਂਡ ਸਿਸਟਮ, ਐੱਲ.ਈ.ਡੀ. ਸਕਰੀਨਾਂ ਨਾਲ ਲੈਸ ਹਨ। ਇਸ ਕੰਪੇਨ ਦੌਰਾਨ ਯੋਗ ਲਾਭਪਾਤਰੀਆਂ ਦੇ ਆਯੂਸ਼ਮਾਨ ਕਾਰਡ ਬਣਾਏ ਗਏ। ਇਸ ਮੌਕੇ ਸ਼ੂਗਰ, ਬਲੱਡ ਪ੍ਰੈਸ਼ਰ, ਟੀਬੀ ਦੇ ਸ਼ੱਕੀ ਮਰੀਜਾਂ ਦੀ ਸਕਰੀਨਿੰਗ ਵੀ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਿਪਟੀ ਮੈਡੀਕਲ ਕਮਿਸ਼ਨਰ ਡਾ ਹਰਪ੍ਰੀਤ ਸਿੰਘ, ਸੀਨੀਅਰ ਮੈਡੀਕਲ ਅਫਸਰ ਡਾ. ਗੀਤਾਂਜਲੀ ਸਿੰਘ ਸਮੇਤ ਬਲਾਕ ਐਕਸਟੈਂਸ਼ਨ ਐਜੂਕੇਟਰ ਮਨਿੰਦਰ ਸਿੰਘ ਪਿੰਡ ਮੋਹਾਲੋਂ ਵਿਖੇ ਐਨ ਐਮ ਗੁਰਦੇਵ ਕੌਰ, ਏ ਐਨ ਐਮ ਪਰਵੀਨ ਸੀ ਐਚ ਓ ਲਖਵਿੰਦਰ ਕੌਰ , ਸਵਿੰਦਰ ਕੌਰ, ਡਾ. ਅਮਨ, ਰਜਿੰਦਰ ਕੁਮਾਰ, ਗੁਰਦੇਵ ਕੌਰ ਨੇ ਕਿਹਾ ਕਿ ਪਿੰਡ ਮੋਹਾਲੋਂ ਦੇ ਲੋਕਾਂ ਨੇ ਸਹਿਯੋਗ ਦਿੱਤਾ।

# ਹਵਾ 'ਚ ਲਟਕਿਆ ਮੋਹਾਲੀ ਦੇ ਅਧਿਆਪਕਾਂ ਦਾ 2015 ਦਾ 6 ਫੀਸਦੀ ਡੀ ਏ : ਮਾਵੀ

**ਮੋਹਾਲੀ, (ਗੁਰਜੀਤ ਬਿੱਲਾ)**- ਭਾਵੇਂ ਕਿ ਪੰਜਾਬ ਸਰਕਾਰ ਵੱਲੋਂ ਸਮੇਂ ਸਮੇਂ 'ਤੇ ਪੱਤਰ ਜਾਰੀ ਕਰਕੇ ਸਮੂਹ ਵਿਭਾਗ ਮੁਖੀਆਂ ਨੂੰ ਆਪਣੇ ਅਧੀਨ ਕੰਮ ਕਰਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਸਮੇਤ ਹੋਰ ਅਨੇਕਾਂ ਪ੍ਰਕਾਰ ਦੀਆਂ ਅਦਾਇਗੀਆਂ ਸਮੇਂ ਸਿਰ ਜਾਰੀ ਕਰਨ ਸੰਬੰਧੀ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ, ਪ੍ਰੰਤੂ ਜ਼ਮੀਨੀ ਪੱਧਰ 'ਤੇ ਮੋਹਾਲੀ ਜ਼ਿਲ੍ਹੇ ਦੇ ਸਿੱਖਿਆ ਵਿਭਾਗ ਦੇ ਅਨੇਕਾਂ ਬਕਾਏ ਸਬੰਧਿਤ ਅਧਿਕਾਰੀਆਂ ਦੀ ਅਣਗਿਹਲੀ ਕਰਕੇ ਹਵਾ ਵਿੱਚ ਲਟਕੇ ਹੋਏ ਹਨ। ਇਹਨਾ ਸ਼ਬਦਾਂ ਦਾ ਪ੍ਰਗਟਾਵਾ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸਾਬਕਾ ਸੂਬਾਈ ਪ੍ਰੈਸ ਸਕੱਤਰ ਹਰਨੇਕ ਸਿੰਘ ਮਾਵੀ ਨੇ ਕੀਤਾ। ਸ੍ਰੀ ਮਾਵੀ ਨੇ ਦੱਸਿਆ ਕਿ ਬਲਾਕ ਮਾਜਰੀ ਦੇ ਸਮੂਹ ਪ੍ਰਾਇਮਰੀ ਅਧਿਆਪਕਾਂ ਦਾ 2015 ਦਾ 6 ਫੀਸਦੀ ਡੀ ਏ ਅਤੇ ਹੋਰ ਅਧਿਆਪਕਾਂ ਦੇ ਕਈ ਤਰ੍ਹਾਂ ਦੇ ਬਕਾਏ ਵਿਭਾਗੀ ਦਫਤਰ ਅੰਦਰ ਹੀ ਰੁੱਲ ਰਹੇ ਹਨ। ਸੂਬਾਈ ਅਧਿਆਪਕ ਆਗੂ ਨੇ ਉਦਾਹਰਣ ਦਿੰਦਿਆਂ ਦੱਸਿਆ ਕਿ ਸਰਕਾਰੀ ਪ੍ਰਾਇਮਰੀ ਸਕੂਲ ਪੈਂਤਪੁਰ ਬਲਾਕ ਮਾਜਰੀ ਦੀ ਹੈੱਡ ਟੀਚਰ ਸ਼ਬੀਨਾ ਮਹਾਜਨ ਦੇ ਮੈਡੀਕਲ, ਐਲ ਟੀ ਸੀ, ਪੇ ਫਿਕਸੇਸਨ ਦੇ ਤਿੰਨ ਬਿੱਲ ਬਲਾਕ ਮਾਜਰੀ ਦੇ ਸਿੱਖਿਆ ਦਫਤਰ ਅੰਦਰ ਅਦਾਇਗੀ ਲਈ ਉਠ ਦਾ ਬੁੱਲ੍ਹ ਬਣ ਚੁੱਕੇ ਹਨ। ਜਿਲ੍ਹੇ ਦੇ ਅਨੇਕਾਂ ਹਾਈ ਤੇ ਸੀਨੀਅਰ ਸੈਕੰਡਰੀ ਸਕੂਲਾਂ ਅੰਦਰ ਵੀ ਅਧਿਆਪਕ ਵਰਗ ਦੇ ਅਨੇਕਾਂ ਬਿੱਲ ਵਿਭਾਗੀ ਅਧਿਕਾਰੀਆਂ ਦੀ ਅਣਗਹਿਲੀ ਦੇ ਚੱਲਦੇ ਹਵਾ 'ਚ ਲਟਕੇ ਹੋਏ ਹਨ। ਅੰਤ 'ਚ ਸਾਬਕਾ ਅਧਿਆਪਕ ਆਗੂ ਮਾਵੀ ਨੇ ਸਿੱਖਿਆ ਮੰਤਰੀ ਪੰਜਾਬ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਅਧਿਆਪਕਾਂ ਦੇ ਬਿੱਲਾਂ ਦੀ ਅਦਾਇਗੀ ਲਈ ਜ਼ਿੰਮੇਵਾਰ ਅਧਿਕਾਰੀਆਂ ਦੀ ਤੁਰੰਤ ਜ਼ਿੰਮੇਵਾਰੀ ਤੈਅ ਕਰਦੇ ਹੋਏ ਅਧਿਆਪਕ ਵਰਗ ਨੂੰ ਬੇਲੋੜੀ ਪ੍ਰੇਸ਼ਾਨੀ ਤੋਂ ਮੁਕਤੀ ਦਵਾਈ ਜਾਵੇ।

# ਪ੍ਰਕ੍ਰਿਤੀ ਸੰਵਾਦ ਦੇ ਸਮਾਗਮ 'ਚ ਨਾਮਧਾਰੀ ਸੰਗਤ ਨੇ ਸ਼ੁੱਧ ਵਾਤਾਵਰਣ ਦਾ ਦਿੱਤਾ ਸੁਨੇਹਾ



**ਜਲੰਧਰ (ਅਮਰਜੀਤ ਸਿੰਘ ਵੇਹਗਲ)**- ਨਾਮਧਾਰੀ ਸੰਪਰਦਾ ਦੇ ਪੰਜਾਬ, ਦਿੱਲੀ, ਯੂ.ਪੀ, ਹਰਿਆਣਾ, ਯੂ ਟੀ ਆਦਿ ਵੱਖ-ਵੱਖ ਰਾਜਾਂ ਤੋਂ ਨਾਮਧਾਰੀ ਸੰਗਤਾਂ ਨੇ ਠਾਕੁਰ ਦਲੀਪ ਸਿੰਘ ਦੇ ਹੁਕਮਾਂ ਅਨੁਸਾਰ ਯਮੁਨਾ ਦੀ ਸਫਾਈ ਅਤੇ ਕੁਦਰਤ ਦੀ ਸੰਭਾਲ ਦੀ ਮੁਹਿੰਮ 'ਚ ਸ਼ਾਮਲ ਹੋ ਕੇ ਸ਼ੁੱਧ ਵਾਤਾਵਰਣ ਦਾ ਸੁਨੇਹਾ ਦਿੱਤਾ। ਇਸ ਸੰਬੰਧੀ ਨਾਮਧਾਰੀ ਆਗੂ ਜਲੰਧਰ ਸਕੂਲ ਗਦਈਪੁਰ ਦੀ ਪ੍ਰਿੰਸੀਪਲ ਰਾਜਪਾਲ ਕੌਰ ਨੇ ਦੱਸਿਆ ਕਿ ਇਸ ਕਾਰਜ ਲਈ ਪ੍ਰਕਿਰਤੀ ਸੰਵਾਦ ਦੇ ਕਨਵੀਨਰ ਕੇ ਐਨ ਗੋਵਿੰਦਾਚਾਰੀਆ, ਰਵੀ ਸ਼ੰਕਰ ਤਿਵਾੜੀ ਦੀ ਸਮੂਹ ਟੀਮ ਨੇ ਉਹਨਾ ਦਾ ਸਹਿਯੋਗ ਦਿੱਤਾ। ਜਿੱਥੇ ਕੁਦਰਤ ਦੀ ਸਾਂਭ ਸੰਭਾਲ ਨੂੰ ਇੱਕ ਸ਼ੁਭ ਕਾਰਜ, ਯਮੁਨਾ ਨੂੰ ਸਾਡੇ ਸੱਭਿਆਚਾਰ ਦੀ ਇੱਕ ਮਹਾਨ ਕੜੀ ਅਤੇ ਇਸ ਦੀ ਸਵੱਛਤਾ ਦਾ ਧਿਆਨ ਰੱਖਣ ਲਈ ਠਾਕੁਰ ਦਲੀਪ ਸਿੰਘ ਦਾ ਸੰਦੇਸ਼ ਸੁਣਾਇਆ ਗਿਆ। ਇਸ ਮੌਕੇ ਨਾਮਧਾਰੀ ਸੰਗਤ ਦੇ ਆਗੂ ਅਰਵਿੰਦਰ ਸਿੰਘ, ਸੂਬਾ ਭਗਤ ਸਿੰਘ ਆਦਿ ਨੇ ਕਿਹਾ ਕਿ ਭਵਿੱਖ 'ਚ ਵੀ ਜਦੋਂ ਵੀ ਸਮਾਜ, ਧਰਤੀ ਜਾਂ ਭਾਰਤ ਵਿੱਚ ਕਿਤੇ ਵੀ ਲੋੜ ਪਈ ਤਾਂ ਨਾਮਧਾਰੀ ਸੰਪਰਦਾ ਹਮੇਸ਼ਾ ਮੋਹਰੀ ਰਹੇਗੀ।

# ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਵੱਲੋਂ ਧਰਨਾ 7 ਨੂੰ

**ਅੱਡਾ ਸਰਾਂ, (ਜਸਵੀਰ ਕਾਜਲ)** - ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਜ਼ਿਲ੍ਹਾ -ਹੁਸ਼ਿਆਰਪੁਰ ਦੇ ਬ੍ਰਾਂਚ ਪ੍ਰਧਾਨ ਸੁਖਵਿੰਦਰ ਸਿੰਘ ਚੁੰਬਰ ਜਨਰਲ ਸਕੱਤਰ ਕੁਲਦੀਪ ਸਿੰਘ ਸੈਣੀ ਨੇ ਇਥੇ ਪ੍ਰੈਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ 'ਚ ਪਿਛਲੇ ਸਾਲਾਂ ਬੱਧੀ ਅਰਸ਼ੇ ਤੋਂ ਕੰਮ ਕਰਦੇ ਇਨਲਿਸਟਮੈਂਟ/ ਆਊਟਸੋਰਸ ਠੇਕਾ ਮੁਲਾਜਮਾਂ ਦੀਆ ਉਜਰਤਾਂ ਵਿੱਚ ਕਿਰਤ ਕਮਿਸ਼ਨ ਵਲੋਂ ਰਵਾਇਜ ਕੀਤੇ ਰੇਟਾਂ ਅਨੁਸਾਰ ਪਿਛਲੇ ਦੋ ਸਾਲਾਂ ਤੋਂ ਵਾਧਾ ਨਹੀਂ ਕੀਤਾ ਜਾ ਰਿਹਾ। ਇਸ ਬਾਰੇ ਸੰਬਧਿਤ ਅਧਿਕਾਰੀਆਂ ਨਾਲ ਸਮੇਂ ਸਮੇਂ ਸਿਰ ਕਈ ਵਾਰ ਮੀਟਿੰਗਾਂ ਕੀਤੀਆਂ ਗਈਅੰ ਪਰ ਕੋਈ ਵੀ ਹੱਲ ਨਹੀਂ ਨਿਕਲਿਆ. ਜਿਸਦੇ ਵਿਰੋਧ ਵਿੱਚ ਸਮੂਹ ਠੇਕਾ ਕਾਮਿਆਂ ਵਲੋਂ ਪਰਵਾਰਾਂ ਅਤੇ ਬੱਚਿਆਂ ਸਮੇਤ ਕਾਰਜਕਾਰੀ ਇੰਜੀਨੀਅਰ ਮੰਡਲ ਨੰ 1 ਹੁਸ਼ਿਆਰਪੁਰ ਦੇ ਦਫਤਰ ਮੋਹਰੇ 7 ਦਸੰਬਰ ਨੂੰ ਧਰਨਾ ਦਿੱਤਾ ਜਾਵੇਗਾ, ਜਿਸ ਵਿੱਚ ਦਸੂਹਾ ਤਲਵਾੜਾ ਮੁਕੇਰੀਆਂ ਵਲੋਂ ਵੀ ਪਰਵਾਰਾਂ ਅਤੇ ਬੱਚਿਆਂ ਸਮੇਤ ਸ਼ਮੂਲੀਅਤ ਕੀਤੀ ਜਾਵੇਗੀ।



# ਪੰਜਾਬ ਪੈਨਸ਼ਨਰਜ਼ ਮਹਾਂ ਸੰਘ ਦੇ ਮੈਂਬਰਾਂ ਦੀ ਮੀਟਿੰਗ

**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**

ਪੰਜਾਬ ਪੈਨਸ਼ਨਰਜ਼ ਮਹਾਂ ਸੰਘ ਦੇ ਮੈਂਬਰਾਂ ਦੀ ਮੀਟਿੰਗ ਸੰਘ ਦੇ ਪ੍ਰਧਾਨ ਲੈਕਚਰਾਰ ਧਰਮ ਪਾਲ ਸੋਖਲ ਦੀ ਪ੍ਰਧਾਨਗੀ ਹੇਠ ਹੋਈ। ਸੰਘ ਦੇ ਜਨਰਲ ਸਕੱਤਰ ਲੈਕਚਰਾਰ ਲਛਮਣ ਸਿੰਘ ਅਤੇ ਸਕੱਤਰ ਪਵਨ ਕੁਮਾਰ ਨੇ ਦੱਸਿਆ ਕਿ ਮੀਟਿੰਗ ਦੌਰਾਨ ਸੰਘ ਮਨਿਸਟਰੀਅਲ ਸਟਾਫ ਵੱਲੋਂ ਕਲਮਛੋੜ ਹੜਤਾਲ ਅਤੇ ਕੰਪਿਊਟਰ ਤੇ ਕੰਮ ਨਾ ਕਰਨ ਦੀ ਕੀਤੀ ਹੜਤਾਲ ਦੀ ਪੁਰਜ਼ੋਰ ਹਮਾਇਤ ਕਰਦਾ ਹੈ ਅਤੇ ਸਰਕਾਰ ਤੋਂ ਮੰਗ ਕਰਦਾ ਹੈ ਕਿ ਮਨਿਸਟਰੀਅਲ ਸਟਾਫ ਦੀਆਂ ਲੰਮੇ ਸਮੇਂ ਤੋਂ ਲਟਕ ਰਹੀਆਂ ਮੰਗਾਂ, ਜਿਵੇਂ ਕਿ ਕੱਚੇ ਅਤੇ ਆਊਟਸੋਰਸ ਮੁਲਾਜ਼ਮਾਂ ਨੂੰ ਪੱਕੇ ਕਰਨ , ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ, 1 ਜਨਵਰੀ 2016 ਤੋਂ ਪੇਅ ਕਮਿਸ਼ਨ ਦਾ ਬਕਾਇਆ ਜਾਰੀ ਕਰਨ ਅਤੇ ਬੰਦ ਕੀਤੇ ਭੱਤੇ ਬਹਾਲ ਕਰਨਾ ਆਦਿ ਮੰਗਾਂ ਤੁਰੰਤ ਲਾਗੂ ਕੀਤੀਆਂ ਜਾਣ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਰਾਜ ਪੈਨਸ਼ਨਰਜ਼ ਮਹਾਂ ਸੰਘ ਦੇ ਸੂਬਾ ਪ੍ਰਧਾਨ ਜੋ ਵੀ ਹਦਾਇਤਾਂ ਕਰਨਗੇ, ਉਨ੍ਹਾਂ ਮੁਤਾਬਕ ਮਨਿਸਟਰੀਅਲ ਸਟਾਫ ਨਾਲ ਹਰ ਸੰਘਰਸ਼ 'ਚ ਯੋਗਦਾਨ ਪਾਇਆ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਸੰਘ ਮੁੱਖ ਮੰਤਰੀ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਜ਼ ਜਥੇਬੰਦੀ ਨੂੰ ਵਾਰ - ਵਾਰ ਸਮਾਂ ਦੇ ਕੇ ਵੀ ਮੀਟਿੰਗ ਨਾ ਕਰਨ ਦੇ ਅੜੀਅਲ ਵਤੀਰੇ ਦੀ ਸਖਤ ਸ਼ਬਦਾਂ 'ਚ ਨਿਖੇਧੀ ਕਰਦਾ ਹੈ। ਉਨ੍ਹਾਂ ਮੰਗ ਕੀਤੀ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਜ਼ਾਂ ਦਾ ਕੇਂਦਰ ਦੀ ਤਰਜ਼ 'ਤੇ ਰਹਿੰਦਾ 12 ਫੀਸਦੀ ਮਹਿੰਗਾਈ ਭੱਤੇ ਦਾ ਬਕਾਇਆ ਦਿੱਤਾ ਜਾਵੇ। ਇਸ ਮੌਕੇ ਸੁਰਿੰਦਰਜੀਤ ਵਰਮਾ, ਹਰਚੰਦ ਸਿੰਘ, ਕੈਪਟਨ ਗੁਰਦੇਵ ਸਿੰਘ, ਰਜਿੰਦਰਪਾਲ ਸ਼ੁਕਲਾ, ਨਿਰਮਲ ਸਿੰਘ, ਰਾਮ ਸਿੰਘ, ਅਮਰ ਸਿੰਘ, ਮਲਕੀਤ ਸਿੰਘ, ਨੌਹਰੀਆ ਸਿੰਘ ਅਤੇ ਬਲਦੇਵ ਸਿੰਘ ਆਦਿ ਹਾਜ਼ਰ ਸਨ।



# ਨਿਰੰਕਾਰੀ ਯੂਥ ਸਿੰਪੋਜ਼ੀਅਮ ਹਰਿਆਣਾ ਦਾ ਸ਼ਾਨਦਾਰ ਆਯੋਜਨ



**ਪੰਚਕੂਲਾ (ਕ੍ਰਿਸ਼ਨ ਗਰਗ)**

ਨਿਰੰਕਾਰੀ ਯੂਥ ਸਿੰਪੋਜੀਅਮ ਸਤਿਗੁਰੂ ਮਾਤਾ ਸੁਦੀਕਸ਼ਾ ਮਹਾਰਾਜ ਦੇ ਵਿਸਾਲ ਅਤੇ ਪ੍ਰਗਤੀਸ਼ੀਲ ਦ੍ਰਿਸ਼ਟੀਕੋਨ ਦਾ ਇੱਕ ਜੀਵੰਤ ਰੂਪ ਹੈ ਜਿੱਥੇ ਹਜ਼ਾਰਾਂ ਨੌਜਵਾਨ ਭੈਣਾਂ ਅਤੇ ਭਰਾ ਜੀਵਨ 'ਚ ਅਧਿਆਤਮਿਕਤਾ ਨੂੰ ਅਪਣਾਉਣ ਦੇ ਫਾਰਮੂਲੇ ਨੂੰ ਸਾਂਝਾ ਕਰਨਗੇ ਅਤੇ ਸਿੱਖਣਗੇ। ਐੱਨ.ਸੀ.ਆਰ. 25,000 ਦੇ ਕਰੀਬ ਨੌਜਵਾਨਾਂ ਨੇ ਭਾਗ ਲਿਆ। ਪਹਿਲੇ ਦਿਨ ਨਿਰੰਕਾਰੀ ਯੂਥ ਗੇਮਜ਼ (ਐਨ ਵਾਈ ਐਫ) ਮੌਕੇ ਖੇਡਾਂ ਨੂੰ ਖੂਬਸੂਰਤੀ ਨਾਲ ਸਜਾਇਆ ਗਿਆ ਜਿੱਥੇ ਸਤਿਗੁਰੂ ਮਾਤਾ ਜੀ ਦੇ ਆਸ਼ੀਰਵਾਦ ਤੋਂ ਬਾਅਦ ਰੰਗਾਰੰਗ ਉਦਘਾਟਨ ਸਮਾਰੋਹ ਦੌਰਾਨ ਨੌਜਵਾਨਾਂ ਨੇ ਕ੍ਰਿਕਟ, ਬੈਡਮਿੰਟਨ, ਵਾਲੀਬਾਲ, ਫੁੱਟਬਾਲ ਆਦਿ ਖੇਡਾਂ ਦੇ ਨਾਲ-ਨਾਲ ਕੁਝ ਇਨਡੋਰ ਖੇਡਾਂ 'ਚ ਵੀ ਭਾਗ ਲਿਆ। ਇਸ ਸੰਮੇਲਨ ਵਿੱਚ ਸਤਿਗੁਰੂ ਮਾਤਾ ਸੁਦੀਕਸ਼ਾ ਮਹਾਰਾਜ ਅਤੇ ਨਿਰੰਕਾਰੀ ਰਾਜਪਿਤਾ ਰਮਿਤ ਦੇ ਨਾਲ-ਨਾਲ ਮਿਸ਼ਨ ਦੇ ਕਈ ਅਧਿਕਾਰੀਆਂ ਨੇ ਵੀ ਸ਼ਿਰਕਤ ਕੀਤੀ। ਹਰਿਆਣਾ ਰਾਜ ਦੇ ਮਾਨਯੋਗ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਖੱਟਰ ਜੀ ਨੇ ਨਿਰੰਕਾਰੀ ਯੂਥ ਸਿੰਪੋਜੀਅਮ 'ਚ ਪਹੁੰਚ ਕੇ ਸਤਿਗੁਰੂ ਮਾਤਾ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

# ਸ਼ਹੀਦ ਮੇਜਰ ਮਨਦੀਪ ਸਿੰਘ ਦੀ ਦੂਸਰੀ ਬਰਸੀ ਮੌਕੇ ਸ਼ਰਧਾਂਜਲੀਆਂ ਭੇਟ

**ਨਵਾਂਸ਼ਹਿਰ, ( ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਸ਼ਹੀਦ ਮੇਜਰ ਮਨਦੀਪ ਸਿੰਘ ਦੀ ਦੂਸਰੀ ਬਰਸੀ 'ਤੇ ਉਹਨਾਂ ਦੀ ਯਾਦ 'ਚ ਸ਼ਹੀਦ ਮੇਜਰ ਮਨਦੀਪ ਵੈਲਫੇਅਰ ਸੁਸਾਇਟੀ ਵੱਲੋਂ ਸਥਾਨਕ ਡਾਕਟਰ ਅੰਬੇਡਕਰ ਭਵਨ ਵਿਖੇ ਸ਼ਰਧਾਂਜਲੀ ਸਮਾਗਮ ਕੀਤਾ ਗਿਆ। ਇਸ ਮੌਕੇ ਸੜਕ ਸੁਰੱਖਿਆ ਵਿਸ਼ੇ 'ਤੇ ਕੁਇੰਜ ਮਾਸਟਰ ਬਲਵੀਰ ਕੁਮਾਰ ਵੱਲੋਂ ਮੁਕਾਬਲੇ ਕਰਵਾਏ ਗਏ। ਇਹਨਾਂ 'ਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਰੀਹਾ, ਸਰਕਾਰੀ ਸਕੂਲ ਅਲਾਚੌਰ, ਸਰਕਾਰੀ ਮਿਡਲ ਸਕੂਲ ਭੰਗਲ ਖੁਰਦ, ਦੁਆਬਾ ਸਿੱਖ ਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਨਵਾਂਸ਼ਹਿਰ, ਸ੍ਰੀ ਵਿਸ਼ਵਕਰਮਾ ਸੀਨੀਅਰ ਸੈਕੰਡਰੀ ਸਕੂਲ ਨਵਾਂਸ਼ਹਿਰ, ਪੋਲ ਸਟਾਰ ਪਬਲਿਕ ਸਕੂਲ ਨਵਾਂਸ਼ਹਿਰ ਅਤੇ ਡਾਕਟਰ ਅੰਬੇਡਕਰ ਮਾਡਲ ਸਕੂਲ ਨਵਾਂਸ਼ਹਿਰ ਦੀਆਂ ਟੀਮਾਂ ਸ਼ਾਮਲ ਸਨ। ਇਸ ਮੌਕੇ ਵੱਖ ਵੱਖ ਜਥੇਬੰਦੀਆਂ ਨਾਲ ਜੁੜੇ ਆਗੂ ਜਸਪਾਲ ਸਿੰਘ ਗਿੱਧਾ, ਹਰਪ੍ਰਭਮਹਿਲ ਸਿੰਘ ਬਰਨਾਲਾ, ਪ੍ਰਸਿੱਧ ਕਹਾਣੀਕਾਰ ਅਜਮੇਰ ਸਿੱਧੂ, ਸਾਬਕਾ ਵਿਧਾਇਕ ਹਰਗੋਪਾਲ ਸਿੰਘ, ਸਹਾਇਕ ਸਬ ਇੰਸਪੈਕਟਰ ਪ੍ਰਵੀਨ ਕੁਮਾਰ, ਗੁਰਿੰਦਰ ਸਿੰਘ ਤੂਰ ਅਤੇ ਮਾਸਟਰ ਬਲਵੀਰ ਕੁਮਾਰ ਵੱਲੋਂ ਵਿਚਾਰ ਪੇਸ਼ ਕਰਦਿਆਂ ਆਖਿਆ ਕਿ ਜਦੋਂ ਜਿਲ੍ਹੇ ਦਾ ਸ਼ਹੀਦ ਮੇਜਰ ਮਨਦੀਪ ਸਿੰਘ ਰੁਖਸਤ ਲੈ ਰਿਹਾ ਸੀ ਉਸ ਸਮੇਂ ਦਾ ਇੱਕ ਇੱਕ ਪਲ ਅਸੀਂ ਅੱਜ ਵੀ ਆਪਣੇ ਚੇਤਿਆਂ 'ਚ ਵਸਾਈ ਬੈਠੇ ਹਾਂ। ਦੇਸ ਲਈ ਆਪਣੀ ਜਾਨ ਕੁਰਬਾਨ ਕਰਨ ਵਾਲੇ ਹਮੇਸ਼ਾ ਅਮਰ ਹੋ ਜਾਂਦੇ ਹਨ ਜਿਹੜੀਆਂ ਸਖਸੀਅਤਾਂ ਆਪਣੇ ਸਮਾਜ ਕੌਮ ਅਤੇ ਦੇਸ਼ ਲਈ ਕੁਝ ਨਾ ਕੁਝ ਕਰਕੇ ਜਾਂਦੀਆਂ ਹਨ। ਉਹਨਾਂ ਸਖਸੀਅਤਾਂ ਨੂੰ ਰਹਿੰਦੀ ਦੁਨੀਆਂ ਤੱਕ ਯਾਦ ਰੱਖਿਆ ਜਾਂਦਾ ਹੈ। ਮੇਜਰ ਮਨਦੀਪ ਸਿੰਘ ਇੱਕ ਹੀਰਾ ਨੌਜਵਾਨ ਸੀ ਜੋ ਸਾਡੇ ਤੋਂ ਵਿਛੜ ਕੇ ਸਦਾ ਲਈ ਅਮਰ ਹੋ ਗਿਆ, ਇਹ ਸਦਮਾ ਸਹਿਣਾ ਪਰਵਾਰ ਲਈ ਬਹੁਤ ਔਖਾ ਸੀ, ਪਰ ਪਰਵਾਰ ਨੇ ਉਸ ਦੀ ਯਾਦ ਨੂੰ ਤਾਜਾ ਰੱਖਣ ਲਈ ਸੁਸਾਇਟੀ ਦਾ ਗਠਨ ਕਰਕੇ ਲੋਕ ਭਲਾਈ ਦੇ ਕੰਮ ਕਰਨੇ ਸ਼ੁਰੂ ਕਰ ਦਿੱਤੇ। ਇਸ ਮੌਕੇ ਕੁਇੰਜ ਮੁਕਾਬਲਿਆਂ 'ਚ ਭਾਗ ਲੈਣ ਵਾਲੀਆਂ ਸੱਤੇ ਟੀਮਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮਾਗਮ 'ਚ ਪਹੁੰਚੀਆਂ ਸਨਮਾਨਯੋਗ ਸਖਸੀਅਤਾਂ ਦਾ ਵੀ ਸਨਮਾਨ ਕੀਤਾ ਗਿਆ। ਸ਼ਹੀਦ ਮੇਜਰ ਮਨਦੀਪ ਸਿੰਘ ਵੈਲਫੇਅਰ ਸੁਸਾਇਟੀ ਰਜਿ. ਦੇ ਪ੍ਰਧਾਨ ਦਿਲਬਾਗ ਸਿੰਘ ਸਾਬਕਾ ਜਿਲ੍ਹਾ ਸਿੱਖਿਆ ਅਫਸਰ, ਸ਼ਹੀਦ ਦੀ ਮਾਤਾ ਹਰਬੰਸ ਕੌਰ, ਅਵਤਾਰ ਸਿੰਘ ਉੱਪ ਪ੍ਰਧਾਨ ਤਰਸੇਮ ਪਠਲਾਵਾ, ਸਤਿੰਦਰਜੀਤ ਸਿੰਘ, ਬਲਵੀਰ ਕੁਮਾਰ ਕੁਇਜ ਮਾਸਟਰ, ਡਾਕਟਰ ਪ੍ਰਭਸਿਮਰਨ ਕੌਰ, ਗਗਨਦੀਪ ਸਿੰਘ, ਮਨਜੀਤ ਕੌਰ, ਜੀਵਨ ਲਾਲ, ਜਸਪਾਲ ਸਿੰਘ ਜੇ ਪੀ, ਮਾਸਟਰ ਪਰਵਿੰਦਰ ਭੰਗਲ, ਸਬ ਇੰਸਪੈਕਟਰ ਮਹਿੰਦਰ ਸਿੰਘ, ਐਡਵੋਕੇਟ ਹਰਮੇਸ਼ ਸੁੰਮਨ ਵੱਲੋਂ ਆਈਆਂ ਹੋਈਆਂ ਸਖਸੀਅਤਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਸੂਬੇਦਾਰ ਬਲਦੇਵ ਸਿੰਘ, ਚਮਨ ਸਿੰਘ ਘਮੌਰ, ਅਵਤਾਰ ਸਿੰਘ ਘਮੌਰ, ਕਸ਼ਮੀਰ ਕੌਰ ਘਮੌਰ, ਗੁਰਮੇਜ ਕੌਰ ਘਮੌਰ, ਗੁਰਮੇਜ ਕੌਰ ਜੱਬੋਵਾਲ, ਮਨਪ੍ਰੀਤ ਮੁੰਨਾ ਘਮੌਰ, ਬਲਜੀਤ ਕੌਰ ਬਲਾਚੌਰ, ਗੁਰਬਖਸ ਕੌਰ ਬਲਾਚੌਰ, ਹਰਵਿੰਦਰ ਕੌਰ ਬਲਾਚੌਰ, ਸਵਰਨ ਸਿੰਘ ਪਨਾਮ, ਪ੍ਰਵੀਨ ਕੌਰ ਘਮੌਰ, ਇਸਾਨ ਬੈਂਸ, ਗਿਸੀਕਾ ਬੈਂਸ, ਸਾਬਕਾ ਵਿਧਾਇਕ ਹਰਗੋਪਾਲ ਸਿੰਘ, ਮੱਖਣ ਲਾਲ ਚੌਹਾਨ ਬਸਪਾ ਪੰਜਾਬ ਜੇਠੂ ਮਜਾਰਾ, ਚਰਨਜੀਤ ਸਿੰਘ ਜੱਬੋਵਾਲ, ਥਾਣੇਦਾਰ ਪ੍ਰਵੀਨ ਕੁਮਾਰ, ਨਰਿੰਦਰ ਪਾਲ, ਕੈਪਟਨ ਰਣਜੀਤ ਸਿੰਘ, ਇੰਸਪੈਕਟਰ ਗੁਰਮੇਲ ਸਿੰਘ, ਗਿਰਧਾਰੀ ਲਾਲ, ਪ੍ਰੇਮ ਮਲਹੋਤਰਾ, ਡਾਕਟਰ ਅੰਬੇਡਕਰ ਮਾਡਲ ਸਕੂਲ ਦੇ ਪ੍ਰਿੰਸੀਪਲ ਸਤਿੰਦਰ ਕੌਰ, ਨੀਲਮ ਰੱਤੂ, ਰੁਪਿੰਦਰ ਕੌਰ, ਸਤਵੀਰ ਕੌਰ, ਕੰਵਲਜੀਤ ਕੌਰ, ਸੁਨੀਤਾ ਰਾਣੀ ਅਤੇ ਸਾਮ ਲਾਲ ਵਲੋਂ ਸਰਧਾਂਜਲੀਆਂ ਭੇਟ ਕੀਤੀਆਂ ਗਈਆਂ।



# ਪੁਲਸ ਨੇ ਖੰਡ ਮਿੱਲ ਅੱਗੇ ਹਾਈਵੇ 'ਤੇ ਜਾਮ ਲਾਉਣ ਵਾਲੇ ਕਿਸਾਨਾਂ ਨੂੰ ਖਦੇੜਿਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਖੰਡ ਮਿੱਲ ਮੁਕੇਰੀਆਂ ਦੇ ਅੱਗੇ ਧਰਨਾ ਦੇ ਰਹੇ ਕਿਸਾਨਾਂ ਦਾ ਪੁਲਸ ਨੇ ਪਿੱਛਾ ਕਰਕੇ ਭਜਾ ਦਿੱਤਾ। ਪੁਲਸ ਕੁਝ ਪ੍ਰਦਰਸ਼ਨਕਾਰੀਆਂ ਨੂੰ ਨਾਲ ਲੈ ਗਈ ਹੈ। ਕਿਸਾਨਾਂ ਨੇ ਨੈਸ਼ਨਲ ਹਾਈਵੇ ਅਤੇ ਸਰਵਿਸ ਰੋਡ ਦੇ ਇੱਕ ਪਾਸੇ ਜਾਮ ਲਗਾ ਦਿੱਤਾ ਸੀ, ਜਿਸ ਕਾਰਨ ਪੁਲਸ ਨੇ ਲਾਠੀਚਾਰਜ ਦੀ ਵਰਤੋਂ ਕਰਦਿਆਂ ਕਿਸਾਨਾਂ ਨੂੰ ਉਥੋਂ ਖਦੇੜ ਦਿੱਤਾ। ਇਸ ਦੇ ਬਾਵਜੂਦ ਕਿਸਾਨਾਂ ਨੇ ਆਪਣਾ ਵਿਰੋਧ ਬੰਦ ਨਹੀਂ ਕੀਤਾ ਹੈ ਅਤੇ ਗੰਨੇ ਦੀ ਘੱਟੋ-ਘੱਟ ਸਮਰਥਨ ਮੁੱਲ ਵਧਾਉਣ ਦੀ ਮੰਗ ਕਰ ਰਹੇ ਹਨ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਪ੍ਰਧਾਨ ਸ਼ਿਆਮ ਸਿੰਘ ਨੇ ਕਿਹਾ ਕਿ ਸਰਕਾਰ ਵੱਲੋਂ ਕਿਸਾਨਾਂ ਨਾਲ ਕੀਤੇ ਵਾਅਦੇ ਅਨੁਸਾਰ ਮੰਗ ਅਨੁਸਾਰ ਗੰਨੇ ਦਾ ਰੇਟ ਨਹੀਂ ਵਧਾਇਆ ਗਿਆ, ਸਗੋਂ 11 ਰੁਪਏ ਦਾ ਸ਼ਗਨ ਟਾਈਪ ਰੇਟ ਵਧਾ ਕੇ ਕੋਰਾ ਮਜ਼ਾਕ ਬਣਾ ਦਿੱਤਾ ਹੈ। ਕਿਸਾਨਾਂ ਨੇ ਕਿਹਾ ਕਿ ਧਰਨਾ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਸਰਕਾਰ ਅੱਗੇ ਸਾਡੇ ਵੱਲੋਂ ਰੱਖੀ ਗਈ ਵਧਾਈ ਕੀਮਤ ਵਾਪਸ ਨਹੀਂ ਲੈ ਜਾਂਦੀ ਅਤੇ ਮਿੱਲ ਨਹੀਂ ਚਲਾਈ ਜਾਂਦੀ। ਪੁਲਸ ਨੇ ਕਿਸਾਨ ਆਗੂਆਂ ਗੁਰਪ੍ਰਤਾਪ ਸਿੰਘ ਭੈਣੀ ਪਸਵਾਲ, ਸਹਿਜਦੀਪ ਸਿੰਘ, ਸਾਹਿਬ ਸਿੰਘ ਜਗਤਪੁਰ ਕਲਾਂ, ਸਤਨਾਮ ਸਿੰਘ ਬਾਗੜੀਆਂ, ਸੋਨੂੰ ਔਲਖ, ਅਮਰਜੀਤ ਸਿੰਘ ਨੂੰ ਗ੍ਰਿਫਤਾਰ ਕਰਕੇ ਆਪਣੇ ਨਾਲ ਲੈ ਗਈ। ਉਹਨਾ ਦੱਸਿਆ ਕਿ ਗੁਰਨਾਮ ਸਿੰਘ ਜਹਾਨਪੁਰ, ਜਸਵੰਤ ਸਿੰਘ ਨਵੀ ਬਾਗੜੀਆਂ ਨੂੰ ਹੜਤਾਲ ਤੋਂ ਹਟਾ ਦਿੱਤਾ ਗਿਆ ਹੈ।

# ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੀ ਹੜਤਾਲ ਦਾ ਸਮਰਥਨ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਫੀਲਡ ਮੁਲਾਜ਼ਮਾਂ ਨੇ ਇੱਕ ਹੰਗਾਮੀ ਮੀਟਿੰਗ ਬਰਾਂਚ ਪ੍ਰਧਾਨ ਰਾਜੀਵ ਸ਼ਰਮਾ ਦੀ ਅਗਵਾਈ ਹੇਠ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਦਫਤਰ ਤਲਵਾੜਾ 'ਚ ਕੀਤੀ। ਮੀਟਿੰਗ ਦੌਰਾਨ ਪ੍ਰਧਾਨ ਰਾਜੀਵ ਸ਼ਰਮਾ ਨੇ ਕਿਹਾ ਕਿ ਪਿਛਲੇ ਮਹੀਨੇ ਤੋਂ ਮਨਿਸਟੀਰੀਅਲ ਸਟਾਫ ਵੱਲੋਂ ਕਲਮ ਛੋੜ ਹੜਤਾਲ ਕੀਤੀ ਜਾ ਰਹੀ ਹੈ ਪਰ ਅੱਜ ਤੱਕ ਸਰਕਾਰ ਵੱਲੋਂ ਇਨ੍ਹਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ, ਜਿਸ ਨੂੰ ਲੈ ਕੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਫੀਲਡ ਮੁਲਾਜ਼ਮਾਂ ਨੇ ਫੈਸਲਾ ਕੀਤਾ ਹੈ ਨਵੇਂ ਕਿ ਭਗਵੰਤ ਸਰਕਾਰ ਨੇ ਵੋਟਾਂ ਤੋਂ ਪਹਿਲਾਂ ਮੁਲਾਜ਼ਮਾਂ ਦੀਆਂ ਰੈਲੀਆਂ 'ਚ ਆ ਕੇ ਸਾਰੀਆਂ ਮੰਗਾਂ ਪੂਰੀਆਂ ਕਰਨ ਦਾ ਵਾਅਦਾ ਕੀਤਾ ਸੀ ਪਰ ਅੱਜ ਸਰਕਾਰ ਨੂੰ ਸੱਤਾ 'ਚ ਆਏ ਕਰੀਬ 2 ਸਾਲ ਹੋ ਗਏ ਹਨ, ਪਰ ਸਰਕਾਰ ਕੁਝ ਕਰਨ ਨੂੰ ਤਿਆਰ ਨਹੀਂ ਹੈ, ਜਿਸ ਦੇ ਵਿਰੋਧ 'ਚ ਸਮੂਹ ਮੁਲਾਜ਼ਮਾਂ ਨੇ ਫੈਸਲਾ ਕੀਤਾ ਹੈ ਕਿ ਇਸ ਵਾਧਾ ਖਲਾਫੀ ਦੇ ਖਿਲਾਫ ਮਨਿਸਟੀਰੀਅਲ ਸਟਾਫ ਦਾ ਪੂਰਨ ਸਮਰੱਥਨ ਦਿੱਤਾ ਜਾਵੇਗਾ ਜਦੋਂ ਤੱਕ ਸਾਰੀਆਂ ਮੰਗਾਂ ਨਹੀਂ ਮੰਗੀਆਂ ਜਾਂਦੀਆਂ। ਮੀਟਿੰਗ 'ਚ ਜਨਰਲ ਸਕੱਤਰ ਗੁਰਦੀਪ ਸਿੰਘ ਕੋਟਲੀ, ਚੇਅਰਮੈਨ ਉਂਕਾਰ ਚੰਦ, ਕੈਸ਼ੀਅਰ ਰਾਜੇਸ ਕੁਮਾਰ, ਸਾਮ ਸਿੰਘ, ਜਗਦੀਸ ਸਿੰਘ, ਰਵਿੰਦਰ ਕੁਮਾਰ, ਦਿਲਦਾਰ ਸਿੰਘ, ਮਿਲਾਪ ਚੰਦ, ਮੇਜਰ ਸਿੰਘ ਤੇ ਹੋਰ ਮੁਲਾਜਮ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਵਿਸ਼ਵ ਏਡਜ਼ ਦਿਵਸ ਮੌਕੇ ਵਿਦਿਆਰਥੀਆਂ ਨੇ ਜਾਗਰੂਕਤਾ ਪੋਸਟਰ ਬਣਾਏ ਤੇ ਨਾਟਕ ਖੇਡਿਆ



**ਮੋਹਾਲੀ, (ਗੁਰਜੀਤ ਬਿੱਲਾ)**

ਸਿਵਲ ਸਰਜਨ ਡਾ. ਮਹੇਸ਼ ਆਹੂਜਾ ਦੇ ਦਿਸ਼ਾ-ਨਿਰਦੇਸ਼ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਸੁਰਿੰਦਰਪਾਲ ਕੌਰ ਦੀ ਅਗਵਾਈ 'ਚ ਬਲਾਕ ਪੀ ਐਚ ਸੀ ਘੜੂੰਆਂ ਵਿਖੇ ਵਿਸ਼ਵ ਏਡਜ਼ ਦਿਵਸ ਮਨਾਇਆ ਗਿਆ। ਸਰਸਵਤੀ ਕਾਲਜ ਆਫ ਹੈਲਥ ਸਾਇੰਸ ਘੜੂੰਆਂ ਦੇ ਵਿਦਿਆਰਥੀਆਂ ਨੇ ਜਾਗਰੂਕਤਾ ਪੋਸਟਰ ਬਣਾਏ ਅਤੇ ਨਾਟਕ ਖੇਡਿਆ। ਐਸ ਐਮ ਓ ਡਾ. ਸੁਰਿੰਦਰਪਾਲ ਕੌਰ ਨੇ ਕਿਹਾ ਕਿ ਵਿਸ਼ਵ ਏਡਜ਼ ਦਿਵਸ ਦਾ ਉਦੇਸ਼ ਲੋਕਾਂ ਵਿਚ ਇਸ ਬਿਮਾਰੀ ਪ੍ਰਤੀ ਜਾਗਰੂਕਤਾ ਫੈਲਾਉਣਾ ਹੈ। ਵਿਸ਼ਵ ਏਡਜ਼ ਦਿਵਸ 2023 ਦਾ ਥੀਮ 'ਲੈਟਸ ਕਮਿਊਨਿਟੀ ਲੀਡਜ਼' ਹੈ। ਏਡਜ ਹਿਊਮਨ ਇਮਿਊਨੋ ਵਾਇਰਸ ਦੇ ਸੰਕ੍ਰਮਣ ਕਾਰਨ ਹੋਣ ਵਾਲੀ ਜਿਨਸੀ ਤੌਰ 'ਤੇ ਫੈਲਣ ਵਾਲੀ ਬਿਮਾਰੀ ਹੈ, ਜੋ ਵ੍ਹਾਈਟ ਬਲੱਡ ਸੈੱਲਸ ਨੂੰ ਕਿਰਿਆਹੀਨ ਕਰਨ ਦੇ ਬਾਅਦ ਵਿਅਕਤੀ ਦੀ ਵਾਇਰਸ ਅਤੇ ਰੋਗਾਂ ਨਾਲ ਲੜਨ ਵਾਲੀ ਤਾਕਤ ਨੂੰ ਖਤਮ ਕਰ ਦਿੰਦੀ ਹੈ। ਐਚ ਆਈ ਵੀ ਵਾਇਰਸ ਤੋਂ ਪੀੜਤ ਮਰੀਜ਼ ਨੂੰ ਰੋਜ਼ਾਨਾ ਮਿਲਣ, ਹੱਥ ਮਿਲਾਉਣ ਜਾਂ ਗਲੇ ਮਿਲਣ, ਇਕੱਠਿਆਂ ਰੋਟੀ ਖਾਣ, ਖੇਡਣ, ਛਿੱਕਾਂ ਜਾਂ ਖਾਂਸੀ ਨਾਲ ਇਹ ਇਨਫੈਕਸ਼ਨ ਨਹੀਂ ਫੈਲਦਾ। ਇਸ ਲਈ ਐੱਚਆਈਵੀ ਪਾਜ਼ੇਟਿਵ ਮਰੀਜ਼ ਨਾਲ ਭੇਦਭਾਵ ਨਹੀਂ ਕਰਨਾ ਚਾਹੀਦਾ। ਇਸ ਮੌਕੇ ਡਾ. ਪਰਮਿੰਦਰ ਭੱਟੀ, ਡਾ. ਮਨਮੀਤ ਕੌਰ, ਡਾ. ਹਰਦੀਪ ਕੌਰ ਅਤੇ ਕਾਲਜ ਦਾ ਸਟਾਫ ਵੀ ਮੌਜੂਦ ਸਨ।

# ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਦਾ ਸਲਾਨਾ ਇਨਾਮ ਵੰਡ ਸਮਾਰੋਹ ਸ਼ਾਨੋ-ਸ਼ੌਕਤ ਨਾਲ ਸੰਪੰਨ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਟਾਂਡਾ ਵਿਖੇ ਚੇਅਰਮੈਨ ਅਨਿਲ ਚੋਪੜਾ ਅਤੇ ਕੋ ਚੇਅਰਪਰਸਨ ਸ੍ਰੀਮਤੀ ਸੰਗੀਤਾ ਚੋਪੜਾ ਦੇ ਦਿਸ਼ਾ ਨਿਰਦੇਸ਼ 'ਤੇ ਸਕੂਲ ਡਾਇਰੈਕਟਰ ਇੰਦਰ ਕੁਮਾਰ ਸਾਹਨੀ ਦੀ ਅਗਵਾਈ ਵਿੱਚ ਸਕੂਲ ਵਿਖੇ ਪ੍ਰਿੰਸੀਪਲ ਸਤਵਿੰਦਰ ਕੌਰ ਦੀ ਦੇਖਰੇਖ ਹੇਠ ਕਰਵਾਇਆ ਗਿਆ ਸਾਲਾਨਾ ਇਨਾਮ ਵੰਡ ਸਮਾਰੋਹ ਬੜੀ ਸ਼ਾਨੋ ਸ਼ੌਕਤ ਨਾਲ ਯਾਦਗਾਰੀ ਹੋ ਨਿਬੜਿਆ। ਸਮਾਰੋਹ ਦੌਰਾਨ ਸ਼੍ਰਮਾ ਰੋਸ਼ਨ ਰਿਟਾ: ਡੀ.ਈ.ਓ ਰਾਮਪਾਲ ਸਿੰਘ ਸੈਨੀ ਨੇ ਕੀਤੀ। ਪੜ੍ਹਾਈ ਤੇ ਖੇਡਾਂ ਵਿੱਚ ਵਧੀਆ ਪੋਜੀਸ਼ਨਾਂ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਕੇਵਲ ਕਲੋਟੀ, ਰਿਟਾ: ਡਿਪਟੀ ਡਾਇਰੈਕਟਰ ਹੈਲਥ ਡਾ. ਕੇਵਲ ਸਿੰਘ ਕਾਜਲ ਅਤੇ ਡਾਕਟਰ ਲਵਪ੍ਰੀਤ ਸਿੰਘ ਪਾਵਲਾ ਨੇ ਸਨਮਾਨਤ ਸਨਮਾਨਿਤ ਕੀਤਾ। ਸਮਾਰੋਹ ਦਾ ਆਗਾਜ ਸਰਸਵਤੀ ਵੰਦਨਾ ਅਤੇ ਦੇਸ਼ ਭਗਤੀ ਗੀਤਾਂ ਨਾਲ ਕੀਤਾ ਗਿਆ। ਸਕੂਲ ਦੇ ਵਿਦਿਆਰਥੀਆਂ ਨੇ ਰੰਗਾ ਰੰਗ ਪ੍ਰੋਗਰਾਮ ਦੌਰਾਨ ਗਿੱਧਾ, ਭੰਗੜਾ, ਨਾਟਕ, ਦੇਸ਼ ਭਗਤੀ ਦੇ ਗੀਤ ਸੰਗੀਤ ਅਤੇ ਸਕਿੱਟਾਂ ਤੋਂ ਇਲਾਵਾ ਹੋਰ ਕਈ ਪ੍ਰਕਾਰ ਦੇ ਸੰਗੀਤਕ ਪ੍ਰੋਗਰਾਮਾਂ ਰਾਹੀਂ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ। ਸਕੂਲ ਮੈਨੇਜਮੈਂਟ ਦੇ ਡਾਇਰੈਕਟਰ ਇੰਦਰ ਕੁਮਾਰ ਸਾਹਨੀ ਨੇ ਸਕੂਲ ਦੀ ਸਾਲਾਨਾ ਰਿਪੋਰਟ ਵਿੱਚ ਸਕੂਲ ਵੱਲੋਂ ਕੀਤੀਆਂ ਗਈਆਂ ਪ੍ਰਾਪਤੀਆਂ ਅਤੇ ਕਾਰਗੁਜਾਰੀਆਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸਕੂਲ ਦਾ ਸਟਾਫ ਪੂਰੀ ਲਗਨ ਅਤੇ ਮਿਹਨਤ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਤੋਂ ਇਲਾਵਾ ਉਨ੍ਹਾਂ ਦੀ ਸਿਹਤ ਸਬੰਧੀ ਪੂਰੀ ਦੇਖਭਾਲ ਕਰਦਾ ਹੈ ਤਾਂ ਜੋ ਵਿਦਿਆਰਥੀਆਂ ਦਾ ਭਵਿੱਖ ਉੱਜਵਲ ਬਣ ਸਕੇ। ਉਨ੍ਹਾਂ ਕਿਹਾ ਕਿ ਹਰ ਵਿਦਿਆਰਥੀ ਨੂੰ ਨਸ਼ਿਆਂ ਜਿਹੀਆਂ ਅਲਾਮਤਾਂ ਤੋਂ ਦੂਰ ਰਹਿ ਕੇ ਆਪਣੀ ਪੜ੍ਹਾਈ ਤੇ ਖੇਡਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਉਹ ਸਿੱਖਿਆ ਵਿੱਚ ਚੰਗੀਆਂ ਪੋਜੀਸ਼ਨਾਂ ਹਾਸਿਲ ਕਰਕੇ ਆਪਣੀ ਮੰਜ਼ਿਲ ਨੂੰ ਪਾ ਸਕੇ। ਮੁੱਖ ਮਹਿਮਾਨ ਰਾਮਪਾਲ ਸਿੰਘ ਸੈਨੀ, ਪ੍ਰਿੰਸੀਪਲ ਕੇਵਲ ਕਲੋਟੀ, ਡਾ. ਕੇਵਲ ਸਿੰਘ ਅਤੇ ਡਾ. ਲਵਪ੍ਰੀਤ ਸਿੰਘ ਪਾਵਲਾ ਨੇ ਕਿਹਾ ਕਿ ਅੱਜ ਦੇ ਅਜੋਕੇ ਯੁੱਗ ਵਿੱਚ ਉਹ ਵਿਦਿਆਰਥੀ ਹੀ ਕਾਮਯਾਬੀ ਦੀਆਂ ਬੁਲੰਦੀਆਂ ਛੂਹ ਸਕਦੇ ਹਨ ਜਿਹੜੇ ਵਿਦਿਆਰਥੀ ਆਪਣੀ ਪੜ੍ਹਾਈ ਪੂਰੀ ਲਗਨ ਤੇ ਮਿਹਨਤ ਨਾਲ ਕਰਕੇ ਚੰਗੀ ਪੁਜੀਸ਼ਨ ਹਾਸਿਲ ਕਰਦੇ ਹੋਏ ਆਪਣੇ ਸਕੂਲ ਤੇ ਆਪਣੇ ਮਾਤਾ ਪਿਤਾ ਦਾ ਨਾਂਅ ਰੋਸ਼ਨ ਕਰਦੇ ਹਨ। ਇਸ ਮੌਕੇ 'ਤੇ ਭੁਪਿੰਦਰ ਸਿੰਘ, ਅਵਤਾਰ ਸਿੰਘ, ਪ੍ਰੇਮ ਸਾਗਰ, ਮਾਸਟਰ ਸੁਖਬੀਰ ਸਿੰਘ, ਅਜੀਤ ਸਿੰਘ ਤੋਂ ਇਲਾਵਾ ਸਕੂਲ ਸਟਾਫ ਇੰਦਰਪਾਲ ਸ਼ਰਮਾ, ਬਲਜਿੰਦਰ ਕੌਰ, ਪ੍ਰੀਤੀ ਸੈਨੀ, ਸ਼ਿਖਾ ਰਾਣੀ, ਕੁਲਵਿੰਦਰ ਕੌਰ, ਦਿਨੇਸ਼ ਕੁਮਾਰ ਅਤੇ ਬੱਚਿਆਂ ਦੇ ਮਾਪੇ ਹਾਜ਼ਰ ਸਨ।



# ਪੁਲਸ ਲਾਈਨ ਵਿਖੇ ਵਿਸ਼ਵ ਏਡਜ਼ ਦਿਵਸ ਮੌਕੇ ਜਾਗਰੂਕਤਾ ਸਮਾਰੋਹ ਕਰਵਾਇਆ

**ਹੁਸ਼ਿਆਰਪੁਰ (ਓ ਪੀ ਰਾਣਾ )**

ਵਿਸ਼ਵ ਏਡਜ਼ ਦਿਵਸ ਮੌਕੇ ਇਕ ਜਾਗਰੂਕਤਾ ਸਮਾਰੋਹ ਦਾ ਆਯੋਜਨ ਪੁਲਸ ਲਾਈਨ ਹੁਸ਼ਿਆਰਪੁਰ ਵਿਖੇ ਐਸ.ਐਸ.ਪੀ ਸੁਰਿੰਦਰ ਲਾਂਬਾ ਦੀ ਰਹਿਨੁਮਾਈ ਹੇਠ ਮੈਡੀਕਲ ਅਫਸਰ ਡਾ.ਆਸ਼ੀਸ਼ ਮੈਹਨ ਦੀ ਅਗਵਾਈ ਵਿੱਚ ਆਯੋਜਿਤ ਕੀਤਾ ਗਿਆ। ਜਿਸ ਵਿੱਚ ਆਏ ਵਿਸ਼ੇਸ਼ ਮਹਿਮਾਨ ਐਸ.ਪੀ ਨਵਨੀਤ ਗਿੱਲ, ਡੀ ਐਸ ਪੀ ਸਿਟੀ ਪਲਵਿੰਦਰ ਸਿੰਘ ਅਤੇ ਡਾ.ਰੀਮਾ ਯਾਦਵ ਸਰਜਨ ਅਤੇ ਆਏ ਮੁਲਾਜ਼ਮਾਂ ਦਾ ਸਵਾਗਤ ਕੀਤਾ। ਐਚ ਆਈ ਵੀ ਅਤੇ 'ਏਡਜ਼ ਬਿਮਾਰੀ ਦਾ ਗਿਆਨ, ਬਚਾਏ ਜਾਨ' ਦੇ ਨਾਅਰੇ ਨਾਲ ਜਾਗਰੂਕਤਾ ਸਮਾਗਮ ਨੂੰ ਸੰਬੋਧਨ ਕਰਦਿਆਂ ਡਾ. ਆਸ਼ੀਸ਼ ਮੈਹਨ ਇੰਚ. ਪੁਲਸ ਹਸਪਤਾਲ ਨੇ ਕਿਹਾ ਕਿ ਏਡਜ਼ ਦਾ ਰੋਗ, ਮਨੁੱਖਾਂ ਲਈ ਪੈਦਾ ਹੋਏ ਵੱਡੇ ਖਤਰਿਆਂ ਵਿਚੋਂ ਇੱਕ ਹੈ। ਇਸ ਤੋਂ ਬਚਣ ਦਾ ਸਿਰਫ਼ ਇੱਕ ਹੀ ਰਸਤਾ ਹੈ ਕਿ ਐਚ.ਆਈ.ਵੀ. ਜੋ ਕਿ ਏਡਜ਼ ਫੈਲਾਉਣ ਵਾਲਾ ਰੋਗਾਣੂ ਬਾਰੇ ਪੂਰੀ ਤੇ ਸਹੀ ਜਾਣਕਾਰੀ ਹਾਸਿਲ ਕੀਤੀ ਜਾਏ ਕਿਉਂਕਿ ਜੋ ਇਸ ਗਿਆਨ ਸਦਕਾ ਹੀ ਏਡਜ਼ ਤੋਂ ਜਾਨ ਛੁੱਟ ਸਕਦੀ ਹੈ। ਡਾ.ਰੀਮਾ ਯਾਦਵ ਸਰਜਨ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਐਚ.ਆਈ.ਵੀ. ਦਾ ਵਾਇਰਸ ਮਨੁੱਖੀ ਸਰੀਰ ਦੀ ਰੋਗਾਂ ਨਾਲ ਲੜਨ ਦੀ ਸ਼ਕਤੀ ਨੂੰ ਪ੍ਰਭਾਵਿਤ ਕਰਦਾ ਹੈ। ਐਚ.ਆਈ.ਵੀ. ਅਸੁਰੱਖਿਅਤ ਸੈਕਸ, ਐਚ.ਆਈ.ਵੀ. ਪ੍ਰਭਾਵਿਤ ਗਰਭਵਤੀ ਮਾਂ ਤੋਂ ਉਸਦੇ ਹੋਣ ਵਾਲੇ ਬੱਚੇ ਨੂੰ, ਸੰਕਰਮਿਤ ਖੂਨ ਚੜਾਉਣ ਨਾਲ ਅਤੇ ਸੰਕਰਮਿਤ ਸੂਈ ਅਤੇ ਸਰਿੰਜਾਂ ਦੀ ਸਾਂਝੀ ਵਰਤੋ ਤੋਂ ਫੈਲਦਾ ਹੈ। ਬੀਮਾਰੀ ਜਾਂ ਹਾਦਸੇ ਦੀ ਅਵਸਥਾ ਵਿੱਚ ਲੋੜ ਪੈਣ ਤੇ ਸੰਕ੍ਰਮਣ ਰਹਿਤ ਖੂਨ ਹੀ ਚਲਾਉਣਾ ਚਾਹੀਦਾ ਹੈ, ਜੋ ਕਿ ਰਜਿਸਟਰਡ ਬਲੱਡ ਬੈਂਕਾਂ ਤੋਂ ਹੀ ਲਿਆ ਜਾਵੇ। ਹਰ ਗਰਭਵਤੀ ਮਾਂ ਦਾ ਐਚ.ਆਈ.ਵੀ. ਟੈਸਟ ਜਰੂਰ ਕਰਵਾਉਣਾ ਚਾਹੀਦਾ ਹੈ। ਗਰਭਵਤੀ ਔਰਤ ਦੀ ਐਚ.ਆਈ.ਵੀ. ਜਾਂਚ ਨਾਲ ਉਸਦੇ ਹੋਣ ਵਾਲੇ ਬੱਚੇ ਨੂੰ ਐਚ.ਆਈ.ਵੀ. ਹੋਣ ਦਾ ਖਤਰਾ ਘਟਾਇਆ ਜਾ ਸਕਦਾ ਹੈ। ਬੀਮਾਰ ਵਿਅਕਤੀ ਨੂੰ ਟੀਕਾ ਲਗਾਉਣ ਵੇਲੇ ਕੇਵਲ ਸੰਕ੍ਰਮਣ ਰਹਿਤ ਭਾਵ ਕਿ ਨਵੀਂ ਸੂਈ ਅਤੇ ਸਰਿੰਜ ਦੀ ਵਰਤੋਂ ਕਰਨੀ ਚਾਹੀਦੀ ਹੈ। ਇੰਨਾਂ ਸਾਵਧਾਨੀਆਂ ਨਾਲ ਮਨੁੱਖ ਐਚ.ਆਈ.ਵੀ. ਅਤੇ ਏਡਜ਼ ਤੋਂ ਮੁਕਤ ਰਹਿ ਸਕਦਾ ਹੈ। ਜਿਕਰਯੋਗ ਹੈ ਕਿ ਐਚ.ਆਈ.ਵੀ/ਏਡਜ਼ ਤੋਂ ਪ੍ਰਭਾਵਿਤ ਵਿਅਕਤੀਆਂ ਨਾਲ ਆਸ ਸਮਾਜ ਵਲੋਂ ਬਹੁਤ ਭੇਦਭਾਵ ਕੀਤਾ ਜਾਂਦਾ ਹੈ। ਇਸ ਲਈ ਬਹੁਤ ਸਾਰੇ ਲੋਕ ਸਮਾਜ ਵੱਲੋਂ ਤ੍ਰਿਸਕਾਰੇ ਜਾਣ ਦੇ ਡਰ ਕਾਰਣ ਆਪਣਾ ਐਚ.ਆਈ.ਵੀ. ਦਾ ਟੈਸਟ ਨਹੀਂ ਕਰਵਾਉਂਦੇ ਜਾਂ ਦਵਾਈ ਨਹੀਂ ਖਾਂਦੇ। ਬਲਕਿ ਐਚ.ਆਈ.ਵੀ. ਉਕਤ ਚਾਰ ਕਾਰਣਾਂ ਤੋਂ ਇਲਾਵਾ ਹੋਰ ਕਿਸੇ ਕਾਰਨ ਕਰਕੇ ਨਹੀਂ ਫੈਲਦਾ। ਇਸ ਲਈ ਐਚ.ਆਈ. ਵੀ. ਨਾਲ ਸੰਕਰਮਿਤ ਵਿਅਕਤੀਆਂ ਨਾਲ ਹਮਦਰਦੀ ਰੱਖਦੇ ਹੋਏ ਉਹਨਾਂ ਦੇ ਪਰਿਵਾਰਿਕ ਮੈਂਬਰਾਂ ਅਤੇ ਹੋਰ ਵਿਅਕਤੀਆਂ ਨੂੰ ਪੂਰਾ ਸਹਿਯੋਗ ਕਰਨਾ ਚਾਹੀਦਾ ਹੈ। ਉਹਨਾਂ ਨੂੰ ਡਾਕਟਰੀ ਸਲਾਹ ਮੁਤਾਬਕ ਲਗਾਤਾਰ ਦਵਾਈ ਦਾ ਸੇਵਨ ਕਰਨਾ ਚਾਹੀਦਾ ਹੈ। ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਏ.ਆਰ.ਟੀ. ਕੇਂਦਰਾਂ ਵਿੱਚ ਮਰੀਜਾਂ ਨੂੰ ਇਹ ਇਲਾਜ ਮੁਫਤ ਮੁਹੱਈਆ ਕਰਾਇਆ ਜਾਂਦਾ ਹੈ ਅਤੇ ਮਰੀਜਾਂ ਦੀ ਪਹਿਚਾਣ ਵੀ ਗੁਪਤ ਰੱਖੀ ਜਾਂਦੀ ਹੈ। ਸਮਾਗਮ ਦੌਰਾਨ ਅਸ਼ੋਕ ਪੁਰੀ ਬਾਹੂ ਰੰਗ ਕਾਲਾ ਮੰਚ ਹੁਸ਼ਿ: ਨੇ ਪੰਜਾਬ ਏਡਜ਼ ਕੰਟਰੋਲ ਸੁਸਾਇਟੀ ਦੇ ਨਿਰਦੇਸ਼ਾਂ ਅਨੁਸਾਰ ਏਡਜ਼ ਪ੍ਰਤੀ ਜਾਗਰੂਕਤਾ ਭਰਪੂਰ ਨੁੱਕੜ ਨਾਟਕ ਪੇਸ਼ ਕੀਤਾ ਗਿਆ। ਅੰਤ ਵਿੱਚ ਪ੍ਰੋਗਰਾਮ ਵਿੱਚ ਵਿਸ਼ੇਸ਼ ਮਹਿਮਾਨ ਐਸ.ਪੀ ਅਪਰੇਸ਼ਨ ਨਵਨੀਤ ਗਿੱਲ ਨੇ ਆਏ ਹੋਏ ਮਹਿਮਾਨਾਂ ਅਤੇ ਪੁਲਸ ਹਸਪਤਾਲ ਦੇ ਸਮੂਹ ਸਟਾਫ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਏਡਜ਼ ਪ੍ਰਤੀ ਮੁਕੰਮਲ ਜਾਣਕਾਰੀ ਅਤੇ ਜਾਗਰੂਕਤਾ ਹੀ ਇਸਦਾ ਇੱਕੋ ਇੱਕ ਇਲਾਜ ਹੈ। ਸਮਾਗਮ ਦੌਰਾਨ ਉਕਤ ਤੋਂ ਇਲਾਵਾ ਲਾਈਨ ਅਫਸਰ ਪਰਮਜੀਤ ਸਿੰਘ ਅਤੇ ਪੁਲਿਸ ਹਸਪਤਾਲ ਹੁਸ਼ਿ: ਵਲੋਂ ਫਾਰਮੇਸੀ ਅਫਸਰ ਸੁਰਿੰਦਰਪਾਲਜੀਤ ਸਿੰਘ, ਪਰਮਪ੍ਰੀਤ ਸਿੰਘ, ਤਰਲੋਚਨ ਸ਼ਰਮਾ, ਸਤਵਿੰਦਰ ਕੁਮਾਰ, ਰਘਵੀਰ ਸਿੰਘ, ਕਮਲਜੀਤ ਕੌਰ ਅਤੇ ਰੇਖਾ ਰਾਣੀ ਹਾਜਰ ਸਨ। ਇਸ ਤੋਂ ਇਲਾਵਾ ਐਸ.ਐਸ.ਪੀ ਹੁਸ਼ਿਆਰਪੁਰ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਪੱਧਰ 'ਤੇ ਵਿਸ਼ਵ ਏਡਜ਼ ਦਿਵਸ ਬਾਰੇ ਪੁਲਸ ਥਾਣੇ, ਚੌਕੀਆਂ, ਦਫਤਰ ਅਤੇ ਪੁਲਸ ਨਾਕਿਆਂ ਤੇ ਪੁਲਸ ਮੁਲਾਜ਼ਮਾਂ ਅਤੇ ਆਮ ਜਨਤਾ ਨੂੰ ਜਾਗਰੂਕ ਕੀਤਾ ਗਿਆ।




# ਲੋਕਾਂ ਦੇ ਮਸਲੇ ਘਰਾਂ ਨੇੜੇ ਕੈਂਪ ਲਗਾ ਕੇ ਕੀਤੇ ਜਾ ਰਹੇ ਹਨ ਹੱਲ : ਈਸ਼ਾਨ ਚੌਧਰੀ

**ਭਲਾਣ, (ਹਰਭਜਨ ਵਿੱਲੋਂ)**

ਆਮ ਲੋਕਾਂ ਨੂੰ ਸਾਫ ਸੁਥਰਾ ਪ੍ਰਸਾਸ਼ਨ ਦੇਣਾ ਸਾਡੀ ਜਿੰਮੇਵਾਰੀ ਹੈ। ਲੋਕਾਂ ਦੀਆਂ ਸਮੱਸਿਆਵਾਂ/ਮੁਸ਼ਕਿਲਾਂ ਦਾ ਹੱਲ ਕਰਨ ਲਈ ਉਨ੍ਹਾਂ ਦੇ ਘਰਾਂ ਨੇੜੇ ਸਾਝੀ ਥਾਂ ਉਤੇ ਜਨ ਸੁਣਵਾਈ ਕੈਂਪ ਲਗਾਏ ਗਏ ਹਨ। ਜਿਨ੍ਹਾਂ ਦਾ ਮਨੋਰਥ ਲੋਕਾਂ ਨੂੰ ਆਪਣੀਆ ਮੁਸ਼ਕਿਲਾ ਹੱਲ ਕਰਵਾਉਣ ਲਈ ਦਫਤਰਾ ਤੱਕ ਪਹੁੰਚ ਕਰਨ ਦੀ ਬੇਲੋੜੀ ਖੱਜਲ ਖੁਆਰੀ ਖਤਮ ਕਰਨਾ ਹੈ। ਇਹ ਪ੍ਰਗਟਾਵਾ ਸੰਦੀਪ ਕੁਮਾਰ ਤਹਿਸੀਲਦਾਰ ਨੰਗਲ ਨੇ ਪਿੰਡ ਭੱਲੜੀ, ਮਜਾਰੀ ਤੇ ਕੁਲਗਰਾਂ ਵਿਚ ਲਗਾਏ ਜਨ ਸੁਣਵਾਈ ਕੈਂਪ ਦੌਰਾਨ ਇਲਾਕੇ ਦੇ ਲੋਕਾਂ ਨਾਲ ਵਿਸ਼ੇਸ਼ ਗੱਲਬਾਤ ਕਰਦੇ ਹੋਏ ਕੀਤਾ। ਉਨ੍ਹਾਂ ਨੇ ਕਿਹਾ ਕਿ ਆਮ ਤੌਰ 'ਤੇ ਦੂਰ ਦੁਰਾਡੇ ਪਿੰਡਾਂ ਵਿਚ ਰਹਿ ਰਹੇ ਲੋਕ ਸਮੇਂ ਦੀ ਘਾਟ ਕਾਰਨ ਵੱਖ ਵੱਖ ਵਿਭਾਗਾਂ ਦੇ ਦਫਤਰਾਂ ਤੱਕ ਪਹੁੰਚ ਕਰਕੇ ਆਪਣੀਆ ਸਮੱਸਿਆਵਾਂ ਦਾ ਹੱਲ ਕਰਵਾਉਣ ਤੋਂ ਵਾਝੇ ਰਹਿ ਜਾਂਦੇ ਹਨ। ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ ਦੀ ਅਗਵਾਈ ਵਿਚ ਇਨ੍ਹਾਂ ਪੇਂਡੂ ਖੇਤਰਾਂ ਤੱਕ ਪਹੁੰਚ ਕਰਕੇ ਸਾਝੀਆਂ ਥਾਵਾਂ ਉਤੇ ਜਨ ਸੁਣਵਾਈ ਕੈਂਪ ਲਗਾਏ ਜਾ ਰਹੇ ਹਨ। ਇਸ ਪੜਾਅ ਅਧੀਨ ਭੱਲੜੀ, ਮਜਾਰੀ ਤੇ ਕੁਲਗਰਾਂ ਵਿਚ ਇਹ ਕੈਂਪ ਲਗਾਇਆ ਗਿਆ, ਜਿਨ੍ਹਾਂ ਵਿਚ ਬਲਾਕ ਵਿਕਾਸ ਤੇ ਪੰਚਾਇਤ ਅਸਫਰ ਸ੍ਰੀ ਅਨੰਦਪੁਰ ਸਾਹਿਬ, ਉਪ ਮੰਡਲ ਇੰਜੀਨੀਅਰ ਲੋਕ ਨਿਰਮਾਣ ਵਿਭਾਗ, ਭ ਤੇ ਮ, ਪ੍ਰਾਂਤਕ ਸ਼ਾਖਾ, ਉਪ ਮੰਡਲ ਇੰਜੀਨੀਅਰ ਜਲ ਪ੍ਰਬੰਧ ਖੋਜ ਉਪ ਮੰਡਲ, ਉਪ ਮੰਡਲ ਇੰਜੀਨੀਅਰ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਉਪ ਮੰਡਲ-1, ਸਹਾਇਕ ਖੁਰਾਕ ਤੇ ਸਪਲਾਈ ਅਫਸਰ, ਵਣ ਰੇਜ ਅਫਸਰ ਆਦਿ ਵਿਭਾਗਾ ਦੇ ਅਧਿਕਾਰੀ ਵੀ ਮੌਕੇ 'ਤੇ ਆਪਣੇ ਵਿਭਾਗ ਦੇ ਕਰਮਚਾਰੀਆਂ ਨਾਲ ਹਾਜਰ ਰਹੇ।

ਈਸ਼ਾਨ ਚੌਧਰੀ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਨੇ ਦੱਸਿਆ ਕਿ ਵੱਖ ਵੱਖ ਪਿੰਡਾਂ ਤੋ ਆਏ ਲੋਕਾਂ ਨੇ ਆਪਣੀਆਂ ਸਮੱਸਿਆਵਾਂ ਦੱਸੀਆਂ ਅਤੇ ਯੋਗ ਸਮੱਸਿਆਵਾਂ ਦਾ ਮੌਕੇ ਤੇ ਹੀ ਹੱਲ ਕੀਤਾ ਗਿਆ। ਜਿਹੜੇ ਮਾਮਲੇ ਕਿਸੇ ਕਾਰਨ ਬਕਾਇਆ ਰਹੇ ਉਨ੍ਹਾਂ ਨੂੰ ਸਮਾਬੱਧ ਹੱਲ ਕਰਨ ਦੇ ਨਿਰਦੇਸ਼ ਦਿੱਤੇ ਗਏ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਦੀ ਅਗਵਾਈ ਵਿਚ ਸੂਬਾ ਸਰਕਾਰ ਲੋਕਾਂ ਨੂੰ ਸਾਫ ਸੁਥਰਾ ਪ੍ਰਸ਼ਾਸਨ ਦੇਣ ਲਈ ਪੂਰੀ ਤਰਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਵਿਚ ਰਹਿ ਰਹੇ ਲੋਕਾਂ ਦੀਆਂ ਮੁਸ਼ਕਿਲਾਂ ਆਮ ਤੌਰ 'ਤੇ ਬਹੁਤ ਵੱਡੀਆਂ ਨਹੀਂ ਹੁੰਦੀਆਂ ਪ੍ਰੰਤੂ ਉਨ੍ਹਾਂ ਨੂੰ ਸਮੇਂ ਸਿਰ ਹੱਲ ਕਰਨ ਨਾਲ ਸਮੱਸਿਆਵਾਂ ਹੱਲ ਹੋ ਜਾਂਦੀਆਂ ਹਨ। ਇਨ੍ਹਾਂ ਪਿੰਡਾਂ ਤੱਕ ਪ੍ਰਸ਼ਾਸਨ ਵੱਲੋਂ ਮੁਸ਼ਕਿਲਾਂ ਦੇ ਹੱਲ ਲਈ ਲਗਾਏ ਜਨ ਸੁਣਵਾਈ ਕੈਂਪ ਵਿਚ ਇਲਾਕੇ ਦੇ ਵੱਡੀ ਗਿਣਤੀ ਲੋਕ ਪੁੱਜੇ। ਇਸ ਨਾਲ ਇਸ ਇਲਾਕੇ ਦੇ ਲੋਕਾਂ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ, ਜਿਨ੍ਹਾਂ ਦੇ ਘਰਾਂ ਦੇ ਨੇੜੇ ਪ੍ਰਸ਼ਾਸ਼ਨ ਨੇ ਪਹੁੰਚ ਕਰਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਹੱਲ ਕਰਨ ਨੂੰ ਤਰਜੀਹ ਦਿੱਤੀ ਹੈ। ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫਸਰ ਸੁਰਿੰਦਰਪਾਲ ਸਿੰਘ, ਐਸ.ਡੀ.ਓ ਵਿਵੇਕ ਦੁਰੇਜਾ, ਸੀ.ਡੀ.ਪੀ.ਓ ਜਗਮੋਹਨ ਕੌਰ ਤੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।



## ਰਾਜਪਾਲ ਨੇ ਆਰਮੀ ਲਾਅ ਇੰਸਟੀਚਿਊਟ ਦੇ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ

**ਮੋਹਾਲੀ, (ਗੁਰਜੀਤ ਬਿੱਲਾ)** ਪੰਜਾਬ ਦੇ ਰਾਜਪਾਲ ਅਤੇ ਪ੍ਰਸ਼ਾਸਕ ਯੂ ਟੀ ਚੰਡੀਗੜ੍ਹ ਬਨਵਾਰੀ ਲਾਲ ਪੁਰੋਹਿਤ ਨੇ 9ਵੀਂ ਕਨਵੋਕੇਸ਼ਨ ਦੌਰਾਨ ਆਰਮੀ ਇੰਸਟੀਚਿਊਟ ਆਫ ਲਾਅ, ਮੋਹਾਲੀ ਦੇ ਲਗਭਗ 100 ਬੀ ਏ ਐਲ ਐਲ ਬੀ ਅਤੇ ਐਲ ਐਲ ਐਮ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ। ਰਾਜਪਾਲ ਪੰਜਾਬ ਨੇ ਆਪਣੇ ਸੰਬੋਧਨ 'ਚ ਵਿਦਿਆਰਥੀਆਂ ਵੱਲੋਂ ਕਾਲਜ ਲਈ ਕੀਤੀਆਂ ਪ੍ਰਾਪਤੀਆਂ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਲੋੜਵੰਦ ਲੋਕਾਂ ਲਈ ਆਸ ਦੀ ਕਿਰਨ ਵਜੋਂ ਕੰਮ ਕਰਨ ਅਤੇ ਸਾਧਨ ਵਿਹੂਣੇ ਲੋਕਾਂ ਨੂੰ ਇਨਸਾਫ ਦਿਵਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਮੌਜੂਦ ਮਹਿਮਾਨ ਲੈਫਟੀਨੈਂਟ ਜਨਰਲ ਐਮ ਕੇ ਕਟਿਆਰ, ਏ ਵੀ ਐਸ ਐਮ, ਜੀ ਓ ਸੀ-ਇਨ-ਸੀ, ਪੱਛਮੀ ਕਮਾਂਡ ਅਤੇ ਪੈਟਰਨ-ਇਨ-ਚੀਫ, ਏ ਆਈ ਐਲ ਅਤੇ ਪ੍ਰੋ (ਡਾ.) ਅਰਵਿੰਦ, ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਗ੍ਰੈਜੂਏਟ ਵਿਦਿਆਰਥੀਆਂ ਨੂੰ ਉੱਤਮਤਾ ਪੁਰਸਕਾਰ ਪ੍ਰਦਾਨ ਕੀਤੇ। ਇਸ ਮੌਕੇ (2017-22 ਬੈਚ) ਦੇ ਨਿਸਾਂਤ ਤਿਵਾਰੀ ਨੂੰ ਸੀ ਐਮ ਅਵਾਰਡ



ਅਤੇ (2017-22 ਬੈਚ) ਦੀ ਆਕ੍ਰਿਤੀ ਗੁਪਤਾ ਨੂੰ ਚੀਫ ਆਫ ਦਾ ਆਰਮੀ ਸਟਾਫ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ (2018-23 ਬੈਚ) ਦੀ ਸੋਮਿਆ ਧਿਆਨੀ ਨੂੰ ਸੀ ਐੱਮ ਅਵਾਰਡ ਅਤੇ (2018-23 ਬੈਚ) ਦੇ ਦੇਵਯਾਂਗ ਬਾਹਰੀ ਨੂੰ ਚੀਫ ਆਫ ਦਾ ਆਰਮੀ ਸਟਾਫ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ। ਸਾਲ 2019-20, 2020-21, 2021-22 ਬੈਚਾਂ ਦੇ ਐਲ ਐਲ ਐਮ ਟਾਪਰਾਂ ਨੂੰ ਵੀ ਨਗਦ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ।

## ਡੀ ਆਰ ਵੀ ਡੀ ਏ ਵੀ ਸੈਂਟੇਨਰੀ ਪਬਲਿਕ ਸਕੂਲ 'ਚ ਸਾਲਾਨਾ ਸਮਾਗਮ

**ਫਿਲੌਰ (ਬੀ ਐਸ ਕੈਨੈਡੀ)**

ਡੀ ਆਰ ਵੀ ਡੀ ਏ ਵੀ ਸੇਂਟੇਨਰੀ ਪਬਲਿਕ ਸਕੂਲ ਵਿਖੇ ਡਾ. ਪੂਨਮ ਸੂਰੀ (ਪ੍ਰੈਜ਼ੀਡੈਂਟ ਡੀਏਵੀ ਡੀਐਮਸੀ) ਅਤੇ ਡਾ. ਨਿਸ਼ਾ ਪਸੀਨ (ਡਾਇਰੈਕਟਰ ਡੀਏਵੀ ਡੀਐਮਸੀ) ਦੀ ਸਰਪ੍ਰਸਤੀ ਹੇਠ ਮਨਾਇਆ ਗਿਆ। ਸ੍ਰੀਮਤੀ ਜਸਕਿਰਨ ਹਾਰੀਕਾ (ਪ੍ਰਧਾਨ ਲੋਕਲ ਮੈਨੇਜਿੰਗ ਕਮੇਟੀ) ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਪ੍ਰੋਗਰਾਮ ਦੀ ਸ਼ੁਰੂਆਤ ਡਾ: ਪੂਨਮ ਸੂਰੀ ਅਤੇ ਡਾ: ਨਿਸ਼ਾ ਪਸੀਨ ਦੇ ਸੰਦੇਸ਼ ਤੋਂ ਬਾਅਦ ਕੀਤੀ ਗਈ। ਇਸ ਸਾਲ ਚੰਦਰਯਾਨ ਦੀ ਸਫਲਤਾ 'ਤੇ ਭਾਰਤ ਨੂੰ ਜੋ ਪ੍ਰਸਿੱਧੀ ਮਿਲੀ, ਉਸ ਦੇ ਆਧਾਰ 'ਤੇ ਇਸ ਯਸਲਾਨਾ ਸਮਾਗਮ ਦਾ ਥੀਮ ' ਏਕ ਸਵਰਗ ਚਾਂਦ ਪਰ' ਰੱਖਿਆ ਗਿਆ ਤਾਂ ਜੋ ਲੋਕ ਭਾਰਤ ਦੀ ਸ਼ਾਨ ਤੋਂ ਜਾਣੂ ਹੋਣ ਅਤੇ ਇਹ ਜਾਣ ਸਕਣ ਕਿ ਜੇਕਰ ਇਰਾਦੇ ਬੁਲੰਦ ਹਨ ਤਾਂ ਚੰਦਰਮਾ ਤੱਕ ਪਹੁੰਚਣਾ ਮੁਸ਼ਕਲ ਨਹੀਂ ਹੈ। ਇਸ ਮੌਕੇ ਮੁੱਖ ਮਹਿਮਾਨ ਜਸਟਿਸ ਐਨ.ਕੇ.ਸੂਦ (ਡੀਏਵੀ ਸੀਐਮਸੀ. ਨਵੀਂ ਦਿੱਲੀ) ਸਨ। ਵਿਦਿਆਰਥੀਆਂ ਨੇ ਨਾਟਕ ਪੇਸ਼ ਕਰਕੇ ਦਿਖਾਇਆ ਕਿ ਆਉਣ ਵਾਲੇ ਸਮੇਂ ਵਿਚ ਲੋਕ ਚੰਦਰਮਾ 'ਤੇ ਖ਼ੁਸ਼ਹਾਲ ਜੀਵਨ ਬਤੀਤ ਕਰਨਗੇ ਅਤੇ ਧਰਮ ਨੂੰ ਅਪਨਾ ਕੇ ਸੱਚ ਅਤੇ ਇਮਾਨਦਾਰੀ ਦੇ ਰਸਤੇ 'ਤੇ ਚੱਲਣਗੇ। ਵਿਦਿਆਰਥੀਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕਰਕੇ ਦੇਸ ਦੇ ਵੱਖ-ਵੱਖ ਰਾਜਾਂ ਨਾਲ ਸਬੰਧਿਤ ਸੱਭਿਆਚਾਰ ਦਾ ਪ੍ਰਦਰਸ਼ਨ ਕਰਕੇ ਇਕਸਾਰਤਾ ਦਾ ਸੰਦੇਸ ਦਿੱਤਾ। ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਦੀਆਂ ਬੇਮਿਸਾਲ ਯੋਗਤਾਵਾਂ ਲਈ ਸਰਟੀਫਿਕੇਟ ਅਤੇ ਇਨਾਮ ਵੰਡੇ ਗਏ। ਮੁੱਖ ਮਹਿਮਾਨ ਨੇ ਆਪਣੇ ਭਾਸ਼ਣ ਰਾਹੀਂ ਵਿਦਿਆਰਥੀਆਂ ਨੂੰ ਸਖਤ ਮਿਹਨਤ ਦੇ ਬਲ 'ਤੇ ਅੱਗੇ



ਵਧਣ ਲਈ ਪ੍ਰੇਰਿਤ ਕੀਤਾ। ਸਕੂਲ ਦੇ ਪ੍ਰਿੰਸੀਪਲ ਯੋਗੇਸ਼ ਗੰਭੀਰ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਹਿੰਦਿਆਂ ਵਿਦਿਆਰਥੀਆਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਡੀ.ਏ.ਵੀ ਸੰਸਥਾ ਨੇ ਹਮੇਸ਼ਾ ਹੀ ਵਿਦਿਆਰਥੀਆਂ ਦੇ ਵਿਕਾਸ ਲਈ ਕੰਮ ਕੀਤਾ ਹੈ, ਜਿਸ ਦਾ ਨਤੀਜਾ ਹੈ ਕਿ ਅੱਜ ਡੀ.ਏ.ਵੀ ਦੇ ਵਿਦਿਆਰਥੀ ਹਰ ਖੇਤਰ ਵਿੱਚ ਤਰੱਕੀ ਦੇ ਸਿਖਰ 'ਤੇ ਪਹੁੰਚ ਕੇ ਭਾਰਤ ਦਾ ਨਾਂਅ ਰੋਸ਼ਨ ਕਰ ਰਿਹਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਮਿਹਨਤ ਕਰਕੇ ਅੱਗੇ ਵਧਣ ਦਾ ਸੁਨੇਹਾ ਦਿੰਦਿਆਂ ਕਿਹਾ ਕਿ ਇੱਕ ਆਦਰਸ਼ ਵਿਦਿਆਰਥੀ ਉਹ ਹੁੰਦਾ ਹੈ ਜਿਸ ਨੂੰ ਆਪਣੀ ਸਫਲਤਾ ਦੇ ਨਾਲ-ਨਾਲ ਦੇਸ਼ ਅਤੇ ਸਮਾਜ ਦੀ ਭਲਾਈ ਲਈ ਕੰਮ ਕਰੇ ਉਨਾ ਨੇ ਪੱਤਰਕਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਕੂਲ ਦੀਆਂ ਗਤੀਵਿਧੀਆਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਉਨ੍ਹਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ ਜਿਸ ਲਈ ਉਹ ਹਮੇਸ਼ਾ ਉਨ੍ਹਾਂ ਦੇ ਧੰਨਵਾਦੀ ਰਹਿਣਗੇ।

## ਸੰਸਾਰ ਦੀ 10 ਪ੍ਰਤੀਸ਼ਤ ਆਬਾਦੀ ਵੱਖ-ਵੱਖ ਤਰ੍ਹਾਂ ਦੀ ਅਪੰਗਤਾ ਨਾਲ ਪੀੜਤ : ਲੱਕੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ 3 ਦਸੰਬਰ ਨੂੰ ਸਾਰੇ ਸੰਸਾਰ ਵਿੱਚ 'ਅੰਗਹੀਣ ਦਿਵਸ' ਮਨਾਇਆ ਜਾਵੇਗਾ। ਭਾਰਤ ਵਿੱਚ ਰਾਸ਼ਟਰੀ ਪੱਧਰ, ਰਾਜ ਪੱਧਰ ਅਤੇ ਜ਼ਿਲ੍ਹਾ ਪੱਧਰ 'ਤੇ ਅਪਾਹਜ ਦਿਵਸ ਮਨਾਉਣ ਦੀਆਂ ਖਬਰਾਂ, ਅਖਬਾਰਾਂ ਦਾ ਸ਼ਿੰਗਾਰ ਬਣਨਗੀਆਂ, ਕਈ ਤਰ੍ਹਾਂ ਦੀਆਂ ਘੋਸ਼ਨਾਵਾਂ ਹੋਣਗੀਆਂ। ਹਰ ਪੱਧਰ 'ਤੇ ਫੰਡ ਜਾਰੀ ਕੀਤੇ ਜਾਣਗੇ। ਉਹ ਵਿਅਕਤੀ ਜਿਹੜਾ ਲੰਬੇ ਸਮੇਂ ਤੋਂ ਸਰੀਰਕ, ਮਾਨਸਿਕ, ਬੌਧਿਕ ਜਾਂ ਸੰਵੇਦੀ ਤੌਰ 'ਤੇ ਪੀੜਿਤ ਹੈ, ਜੋ ਉਸ ਨੂੰ ਸਮਾਜ ਵਿੱਚ ਪੂਰਣ ਅਤੇ ਅਸਰਦਾਰ ਢੰਗ ਨਾਲ ਭਾਗ ਲੈਣ ਤੋਂ ਰੋਕਦੀ ਹੈ, ਉਸ ਵਿਅਕਤੀ ਨੂੰ ਅਪੰਗ ਕਿਹਾ ਜਾਂਦਾ ਹੈ। ਸੰਸਾਰ ਦੀ ਆਬਾਦੀ 8 ਅਰਬ ਦੇ ਨਜ਼ਦੀਕ ਪੁੱਜ ਗਈ ਹੈ। ਯੂ.ਐਨ.ਓ ਦੀ ਇਕ ਰਿਪੋਰਟ ਅਨੁਸਾਰ ਸੰਸਾਰ ਦੀ 10 ਪ੍ਰਤੀਸ਼ਤ ਆਬਾਦੀ ਵੱਖ-ਵੱਖ ਤਰ੍ਹਾਂ ਦੀ ਅਪੰਗਤਾ ਨਾਲ ਪੀੜ੍ਹਤ ਹੈ। ਮਾਹਰਾਂ ਦੀ ਰਾਏ ਅਤੇ ਗੈਰ-ਸਰਕਾਰੀ ਸੂਤਰਾਂ ਅਨੁਸਾਰ ਸੰਸਾਰ ਵਿੱਚ 16 ਪ੍ਰਤੀਸ਼ਤ ਲੋਕ ਅਪੰਗਤਾ ਨਾਲ ਪੀੜ੍ਹਤ ਹਨ। ਜਿਸ ਵਿੱਚ ਵੱਖ-ਵੱਖ ਕਿਸਮ ਦੀ ਅਪੰਗਤਾ ਅਤੇ ਵੱਖ-ਵੱਖ ਕਿਸਮ ਦੀਆਂ ਗੰਭੀਰ ਬੀਮਾਰੀਆਂ ਨਾਲ ਪੀੜ੍ਹਤ ਵਿਅਕਤੀ ਹਨ। ਪੰਜਾਬ ਦੇ ਨਜ਼ਦੀਕੀ ਰਾਜ ਹਿਮਾਚਲ ਪ੍ਰਦੇਸ਼ ਵਿੱਚ 40 ਪ੍ਰਤੀਸ਼ਤ ਅਪਾਹਿਜ ਵਿਕਅਤੀ ਨੂੰ ਪੈਨਸ਼ਨ ਮਿਲਦੀ ਹੈ ਪਰ ਪੰਜਾਬ ਵਿੱਚ 50 ਪ੍ਰਤੀਸ਼ਤ ਅਪਾਹਿਜ ਵਿਅਕਤੀ ਨੂੰ ਹੀ ਪੈਨਸ਼ਨ ਮਿਲਦੀ ਹੈ। ਜਦੋਂ ਕਿ ਆਰ.ਪੀ.ਡਬਲਯੂ.ਡੀ. ਐਕਟ 2016, ਪੰਜਾਬ ਐਂਡ ਹਰਿਆਣਾ ਹਾਈਕੋਰਟ ਚੰਡੀਗੜ੍ਹ ਅਤੇ ਭਾਰਤ ਦੀ ਸਰਬ-ਉਚ ਅਦਾਲਤ (ਸੁਪਰੀਮ ਕੋਰਟ ਆਫ ਇੰਡੀਆ) ਨੇ 40 ਪ੍ਰਤੀਸ਼ਤ ਅਪੰਗਤਾ ਵਾਲੇ ਸਾਰੇ ਅੰਗਹੀਣ ਵਿਅਕਤੀਆਂ ਨੂੰ ਆਰਥਿਕ ਲਾਭ ਦੇਣ ਲਈ ਕਿਹਾ ਹੈ। ਜਿਵੇਂ ਪੰਜਾਬ ਵਿੱਚ 40 ਪ੍ਰਤੀਸ਼ਤ ਅਪੰਗਤਾ ਵਾਲੇ ਵਿਅਕਤੀ ਨੂੰ ਪੜ੍ਹਨ/ਕੋਰਸ ਕਰਨ, ਨੌਕਰੀ ਲੈਣ ਲਈ, ਵਜ਼ੀਫਾ ਪ੍ਰਾਪਤ ਕਰਨ ਲਈ, ਬੱਸ ਪਾਸ ਪ੍ਰਾਪਤ ਕਰਨ ਲਈ, ਇਨਕਮ ਟੈਕਸ ਦੀ ਸਹੂਲਤ ਪ੍ਰਾਪਤ ਕਰਨ ਲਈ, ਪ੍ਰਾਪਰਟੀ ਟੈਕਸ ਛੋਟ ਪ੍ਰਾਪਤ ਕਰਨ ਲਈ, ਦੋ ਸਾਲ ਵਾਧੂ ਨੌਕਰੀ ਪ੍ਰਾਪਤ ਕਰਨ ਲਈ, ਪ੍ਰਮੋਸ਼ਨ ਪ੍ਰਾਪਤ ਕਰਨ ਲਈ ਭਾਵ ਹਰ ਤਰ੍ਹਾਂ ਦੀ ਸਹੂਲਤ ਪ੍ਰਾਪਤ ਕਰਨ ਲਈ ਕੋਈ ਸਮੱਸਿਆ ਨਹੀਂ, ਫਿਰ ਪੈਨਸ਼ਨ ਵਰਗੀ 1500/- ਰੁ: ਦੀ ਮਾਮੂਲੀ ਸਹੂਲਤ ਪ੍ਰਾਪਤ ਕਰਨ ਲਈ 50 ਪ੍ਰਤੀਸ਼ਤ ਅਪੰਗਤਾ ਕਿਉਂ ? ਸਰਕਾਰ ਨੂੰ ਇਸ ਮੰਗ ਵੱਲ ਹਮਦਰਦੀ ਨਾਲ ਵਿਚਾਰ ਕਰਨਾ ਚਾਹੀਦਾ ਹੈ। ਪੰਜਾਬ ਸਰਕਾਰ ਨੇ ਅੰਗਹੀਣਾਂ ਨੂੰ ਮੋਟਰਾਈਜ਼ ਟ੍ਰਾਈਸਾਈਕਲ ਪ੍ਰਦਾਨ ਕਰਨ ਬਾਰੇ ਅਖਬਾਰਾਂ ਵਿੱਚ ਬਿਆਨ ਦਿੱਤਾ ਸੀ। ਪਰ ਜਦੋਂ ਅਪਲਾਈ ਕੀਤਾ ਤਾਂ 20 ਪ੍ਰਤੀਸ਼ਤ ਕੁਲ ਰਕਮ ਦਾ ਮੰਗਿਆ ਗਿਆ ਜੋ ਲਗਭਗ 20,000 ਰੁਪਏ ਬਣਦਾ ਹੈ। ਸਰਕਾਰ ਨੂੰ ਇਸ ਤੇ ਵੀ ਵਿਚਾਰ ਕਰਨਾ ਚਾਹੀਦਾ ਹੈ। ਅੰਗਹੀਣਾਂ ਨੂੰ ਮਾਣਯੋਗ ਭਗਵੰਤ ਸਿੰਘ ਮਾਨ ਸਰਕਾਰ ਪਾਸੋਂ ਬਹੁਤ ਸਾਰੀਆਂ ਆਸਾਂ ਹਨ। ਆਸ ਕਰਦਾ ਹਾਂ ਕਿ ਸਰਕਾਰ ਅਪਾਹਜਾਂ ਨੂੰ ਨਿਰਾਸ਼ਾ ਵੱਲ ਨਹੀਂ ਧੱਕੇਲਗੀ।

## ਸੜਕਾਂ 'ਤੇ ਰੇਹੜੀ-ਫੜ੍ਹੀ ਵਾਲਿਆਂ ਦਾ ਨਜਾਇਜ਼ ਕਬਜ਼ਾ

**ਭੋਗਪੁਰ-(ਗੁਰਪ੍ਰੀਤ ਸਿੰਘ ਭੋਗਲ)**

ਕਸਬੇ ਦੀਆਂ ਮੁੱਖ ਸੜਕਾਂ ਦੇ ਨਾਲ ਨਾਲ ਹੁਣ ਲਿੰਕ ਸੜਕਾਂ 'ਤੇ ਵੀ ਰੇਹੜੀਆਂ- ਫੜ੍ਹੀਆਂ ਵਾਲਿਆਂ ਨੇ ਪੱਕੇ ਕਬਜ਼ੇ ਕਰ ਲਏ ਹਨ। ਇਨ੍ਹਾਂ ਆਮ ਦਿਖਾਈ ਦੇਣ ਲੱਗ ਪਏ ਹਨ। ਪ੍ਰਸ਼ਾਸਨ ਨੇ ਕੁਝ ਟਾਇਮ ਪਹਿਲਾਂ ਸੜਕਾਂ ਦੇ ਕਿਨਾਰਿਆਂ 'ਤੇ ਨਾਜਾਇਜ਼ ਫੜੀਆਂ, ਰੇਹੜੀਆਂ ਲਾਉਣ ਵਾਲਿਆਂ ਨੂੰ ਸਖਤੀ ਨਾਲ ਚੁੱਕਵਾ ਦਿੱਤਾ ਸੀ। ਪਰ ਉਨ੍ਹਾਂ ਪ੍ਰਸ਼ਾਸਨ ਦੀ ਨਾ ਪ੍ਰਵਾਹ ਕਰਦਿਆਂ ਦੁਬਾਰਾ ਨਾਜਾਇਜ਼ ਕਬਜ਼ੇ ਕਰਨੇ ਸ਼ੁਰੂ ਕਰ ਦਿੱਤੇ ਹਨ। ਹੁਣ ਤਾਂ ਕਈ ਪ੍ਰਵਾਸੀ ਲੋਕਾਂ ਨੇ ਮੇਨ ਬਾਜਾਰ ਦੇ ਰੋਡ 'ਤੇ ਫਲਾਂ, ਸਬਜੀਆਂ ਆਦਿ ਦੀਆਂ



ਪੱਕੀਆਂ ਰੇਹੜੀਆਂ ਲਾ ਲਈਆਂ ਹਨ। ਇਨ੍ਹਾਂ ਵਿੱਚੋਂ ਕਈ ਫੜ੍ਹੀਆਂ ਤਾਂ ਸੜਕਾਂ ਦੇ ਕਿਨਾਰਿਆਂ 'ਤੇ, ਭੋਗਪੁਰ ਤੋਂ ਆਦਮਪੁਰ ਰੋਡ ਬੁੱਲ੍ਹੋਵਾਲ ਰੋਡ ਅਤੇ ਮੇਨ ਰੋਡ 'ਤੇ ਪੈਦਲ ਰਾਹਗੀਰਾਂ ਲਈ ਬਣੇ ਫੁੱਟਪਾਥਾਂ 'ਤੇ ਲਗਾ ਦਿੱਤੀਆਂ ਗਈਆਂ ਹਨ। ਜਿਸ ਕਰਕੇ ਲੋਕਾਂ ਨੂੰ ਪੈਦਲ ਲੰਘਣ ਲਈ ਮੁੱਖ ਸੜਕ ਤੋਂ ਹੋ ਕੇ ਲੰਘਣਾ ਪੈਂਦਾ ਹੈ ਅਤੇ ਇਸ ਕਾਰਨ ਕਈ ਵਾਰ ਉਹ ਹਾਦਸੇ ਦੇ ਸ਼ਿਕਾਰ ਵੀ ਹੋ ਜਾਂਦੇ ਹਨ। ਕਬਜ਼ਿਆਂ ਕਰਕੇ ਜਿੱਥੇ ਪੈਦਲ ਜਾਣ ਵਾਲੇ ਲੋਕਾਂ ਨੂੰ ਮੁਸ਼ਕਲਾਂ ਪੇਸ਼ ਆਉਂਦੀਆਂ ਹਨ ਉੱਥੇ ਕਈ ਥਾਵਾਂ 'ਤੇ ਇਹ ਟ੍ਰੈਫਿਕ ਜਾਮ ਦਾ ਕਾਰਨ ਵੀ ਬਣਦੇ ਹਨ। ਜੋ ਲੋਕ ਇਹਨਾਂ ਪ੍ਰਵਾਸੀਆਂ ਦੇ ਕੋਲ ਸਬਜ਼ੀਆਂ ਲੈਣ ਲਈ ਰੁਕਦੇ ਹਨ ਤਾਂ ਗੱਡੀਆਂ ਖੜੀਆਂ ਕਰਨ ਨਾਲ ਸੜਕਾਂ ਤੇ ਲੰਮੇ ਜਾਮ ਲੱਗ ਜਾਂਦੇ ਹਨ ਅਤੇ ਐਕਸੀਡੈਂਟ ਹੋਣ ਦਾ ਕਾਰਨ ਬਣਦੇ ਹਨ। ਸ਼ਹਿਰ ਵਿੱਚ ਸੜਕਾਂ 'ਤੇ ਅੱਜ ਕੱਲ੍ਹ ਰੇਹੜੀਆਂ- ਫੜ੍ਹੀਆਂ ਵਾਲਿਆਂ ਦੇ ਪੱਕੇ ਕਬਜ਼ੇ

## ਨਸ਼ੀਲੇ ਪਦਾਰਥ ਸਮੇਤ ਗ੍ਰਿਫਤਾਰ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਵੱਲੋਂ ਸਮੇਤ ਸਾਥੀ ਕਰਮਚਾਰੀਆਂ ਦੌਰਾਨ ਗਸ਼ਤ ਪਿੰਡ ਪੁੰਗੇ ਪੀਰਾ ਦੀ ਜਗ੍ਹਾ ਤੋਂ ਮੋਟਰਸਾਈਕਲ ਨੰਬਰ ਪੀ ਬੀ-07-ਟੀ-9234 ਮਾਰਕਾ ਸਪਲੈਂਡਰ 'ਤੇ ਆ ਰਹੇ ਦੀਪਕ ਕੁਮਾਰ ਪੁੱਤਰ ਮਨਜੀਤ ਲਾਲ ਵਾਸੀ ਸ਼ਾਹਰੀ ਥਾਣਾ ਮੇਹਟੀਆਣਾ ਨੂੰ ਸ਼ੱਕ 'ਤੇ ਕਾਬੂ ਕਰਕੇ ਉਸ ਦੀ ਤਲਾਸ਼ੀ ਕਰਨ ਉਪਰੰਤ ਉਸ ਕੋਲੋਂ 105 ਗ੍ਰਾਮ ਨਸ਼ੀਲਾ ਪਦਾਰਥ ਬ੍ਰਾਮਦ ਹੋਣ 'ਤੇ ਉਨ੍ਹਾਂ ਦੇ ਖਿਲਾਫ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਮੁੱਕਦਮਾ ਦਰਜ ਕੀਤਾ ਗਿਆ। ਦੀਪਕ ਕੁਮਾਰ ਪੁੱਤਰ ਮਨਜੀਤ ਲਾਲ ਵਾਸੀ ਸ਼ਾਹਰੀ ਥਾਣਾ ਮੇਹਟੀਆਣਾ ਜਿਲ੍ਹਾ ਹੁਸ਼ਿਆਰਪੁਰ ਨੂੰ ਅਦਾਲਤ 'ਚ ਪੇਸ਼ ਕਰਕੇ ਇਸਦਾ ਦਾ ਰਿਮਾਂਡ ਹਾਸਲ ਕਰਕੇ ਪਤਾ ਕੀਤਾ ਜਾ ਰਿਹਾ ਹੈ ਕਿ ਇਹ ਨਸ਼ਾ ਕਿਸ ਪਾਸੋਂ ਖਰੀਦਿਆ ਅਤੇ ਕਿਸ ਨੂੰ ਵੇਚਦਾ ਹੈ।

## ਐੱਮ ਐੱਸ ਕੇ ਡੇ ਬੋਰਡਿੰਗ ਸਕੂਲ ਨੇ ਮਨਾਇਆ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ

**ਟਾਂਡਾ ਉੜਮੁੜ (ਉਕਾਰ ਸਿੰਘ, ਜਸਵਿੰਦਰ ਸੰਧੂ)**

ਸਾਹਿਬੇ ਕਮਾਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮਨਾਉਣ ਲਈ ਇਲਾਕੇ ਦੇ ਨਾਮਵਰ ਵਿਦਿਅਕ ਸੰਸਥਾ ਐਮ ਐਸ ਕੇ ਡੇ ਬੋਰਡਿੰਗ ਸੀਬੀਐਸਈ ਸਕੈਂਡਰੀ ਸਕੂਲ ਕੋਟਲੀ ਜੰਡ ਵਿਖੇ ਇੱਕ ਵਿਸ਼ੇਸ਼ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਭ ਤੋਂ ਪਹਿਲਾਂ ਬੱਚਿਆਂ ਅਤੇ ਅਧਿਆਪਕਾਂ ਵੱਲੋਂ ਸ੍ਰੀ ਜਪੁਜੀ ਸਾਹਿਬ ਜੀ ਦੇ ਪਾਠ ਕੀਤੇ ਗਏ ਕੀਰਤਨ ਉਪਰੰਤ ਸਕੂਲ ਅਧਿਆਪਕਾ ਗੁਰਪ੍ਰੀਤ ਕੌਰ ਅਤੇ ਨਰਿੰਦਰ ਕੌਰ ਨੇ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਵੇਰਵਿਆਂ ਤੇ ਵਿਸਥਾਰ ਪੂਰਵਕ ਚਾਨਣਾ ਪਾਇਆ ਅਤੇ ਗੁਰੂ ਨਾਨਕ ਸਾਹਿਬ ਜੀ ਵੱਲੋਂ ਰਚੀਆਂ ਗਈਆਂ ਬਾਣੀਆਂ ਦੀ ਵੀ ਜਾਣਕਾਰੀ ਬੱਚਿਆਂ ਨਾਲ ਸਾਂਝੀ ਕੀਤੀ। ਜਿਸ ਉਪਰੰਤ ਸਕੂਲ ਪ੍ਰਿੰਸੀਪਲ ਪਰਵਿੰਦਰ ਕੌਰ ਨੇ ਨੇ ਸੰਬੋਧਨ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਕੀਤੀਆਂ ਗਈਆਂ ਚਾਰ ਉਦਾਸੀਆਂ ਸਬੰਧੀ ਜਾਣਕਾਰੀ ਭਰਪੂਰ ਵਿਚਾਰ ਚਰਚਾ ਪੇਸ਼ ਕੀਤੀ ਗਈ ਜਿਸ ਵਿੱਚ ਸਕੂਲ ਵਿਦਿਆਰਥੀਆਂ ਵੱਲੋਂ ਉਤਸ਼ਾਹ ਪੂਰਵਕ ਹਿੱਸਾ ਲਿਆ ਗਿਆ। ਸਮਾਰੋਹ ਦੇ ਅੰਤ ਤੇ ਸਕੂਲ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਵੱਲੋਂ ਵਿਦਿਆਰਥੀਆਂ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫਲਸਫੇ ਤੇ ਵਿਚਾਰ ਵਟਾਂਦਰਾ ਕਰਦੇ ਹੋਏ ਜਗਤ ਗੁਰੂ ਦਾ ਦਰਜਾ ਦਿੱਤਾ। ਉਹਨਾਂ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੂਲ ਸਿਧਾਂਤ 'ਕਿਰਤ ਕਰੋ ਨਾਮ ਜਪੋ ਅਤੇ ਵੰਡ ਛਕੋ' ਦੀ ਫਿਲਾਸਫੀ ਨੂੰ ਬੜੇ ਹੀ ਚੰਗੇ ਢੰਗ ਨਾਲ ਵਿਦਿਆਰਥੀਆਂ ਨਾਲ ਸਾਂਝਾ ਕੀਤਾ ਗਿਆ ਅਤੇ ਕਰਮ ਸਿਧਾਂਤ ਨੂੰ ਸਮਝਾਉਂਦੇ ਹੋਏ ਉਹਨਾਂ ਨੂੰ ਨਿਤ ਪ੍ਰਤੀ ਚੰਗੇ ਗੁਣਾਂ ਦੇ ਧਾਰਨੀ ਬਣਨ ਦੀ ਪ੍ਰੇਰਨਾ ਦਿੱਤੀ। ਉਹਨਾਂ ਤੋਂ ਪਹਿਲਾਂ ਕੁਝ ਵਿਦਿਆਰਥੀਆਂ ਵੱਲੋਂ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵੇਰਵਿਆਂ 'ਤੇ ਜਾਣਕਾਰੀ ਭਰਪੂਰ ਚਰਚਾ ਕੀਤੀ ਗਈ। ਇਸ ਮੌਕੇ ਸਕੂਲ ਸਟਾਫ ਵਿੱਚ ਆਗਿਆ ਕੌਰ, ਰਜਨੀ ਬਾਲਾ, ਰਜਿੰਦਰ ਕੌਰ ,ਪ੍ਰਭਜੋਤ ਕੌਰ ,ਜੋਬਨ ਪ੍ਰੀਤ ਕੌਰ, ਸੁਖਵਿੰਦਰ ਕੌਰ, ਅਮਨ ਸੰਧੂ, ਮਨਪ੍ਰੀਤ ਕੌਰ ਅਤੇ ਹੋਰ ਹਾਜਰ ਸਨ।



## ਪਿੰਡ ਨੂੰ ਜਲਦ ਹੀ ਗਰਾਂਟ ਦਿੱਤੀ ਜਾਵੇਗੀ : ਭੱਟੀ



**ਭੋਗਪੁਰ-(ਗੁਰਪ੍ਰੀਤ ਸਿੰਘ ਭੋਗਲ)**-ਪਿੰਡ ਚੱਕ ਸ਼ਕੂਰ ਤੋਂ ਸੀਨੀਅਰ ਆਗੂ ਸਕੱਤਰ ਸਿੰਘ ਨਾਲ ਪਿੰਡ ਦੀ ਪੰਚਾਇਤ ਵੱਲੋਂ ਹਲਕਾ ਇੰਚਾਰਜ ਜੀਤ ਲਾਲ ਭੱਟੀ ਨਾਲ ਪਿੰਡ ਵਿੱਚ ਹੋਣ ਵਾਲੇ ਵਿਕਾਸ ਸਬੰਧੀ ਮੁਲਾਕਾਤ ਕੀਤੀ। ਭੱਟੀ ਵੱਲੋਂ ਉਹਨਾਂ ਨੂੰ ਭਰੋਸਾ ਦਿੱਤਾ ਗਿਆ ਕਿ ਸਰਕਾਰ ਵੱਲੋਂ ਉਹਨਾਂ ਦੇ ਪਿੰਡ ਨੂੰ ਜਲਦ ਹੀ ਗਰਾਂਟ ਦਿੱਤੀ ਜਾਵੇਗੀ ਅਤੇ ਪਿੰਡ ਵਿੱਚ ਹੋਣ ਵਾਲੇ ਵਿਕਾਸ ਦੇ ਕੰਮ ਸ਼ੁਰੂ ਕਰਵਾਏ ਜਾਣਗੇ।

## ਥਾਣੇਦਾਰ ਪੁਸ਼ਵਿੰਦਰ ਸਿੰਘ ਰਾਣਾ ਨੂੰ ਡਿਪਟੀ ਸਪੀਕਰ ਦਫਤਰ ਵਲੋਂ ਵਿਦਾਇਗੀ ਪਾਰਟੀ 'ਤੇ ਸਨਮਾਨ



**ਮਾਹਿਲਪੁਰ (ਸਫਰੀ)**- ਹਲਕਾ ਵਿਧਾਇਕ ਤੇ ਡਿਪਟੀ ਸਪੀਕਰ ਦੇ ਸਥਾਨਕ ਦਫਤਰ ਵਿਖੇ ਥਾਣੇਦਾਰ ਪੁਸ਼ਵਿੰਦਰ ਸਿੰਘ ਰਾਣਾ ਨੂੰ ਸੇਵਾ ਮੁਕਤੀ ਤੇ ਵਿਦਾਇਗੀ ਪਾਰਟੀ ਦੇ ਕੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਵਲੋਂ ਸਨਮਾਨ ਕੀਤਾ ਗਿਆ। ਇਸ ਮੌਕੇ ਹੋਏ ਇਕ ਪ੍ਰਭਾਵਸ਼ਾਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਡਿਪਟੀ ਸਪੀਕਰ ਨੇ ਥਾਣੇਦਾਰ ਪੁਸ਼ਵਿੰਦਰ ਸਿੰਘ ਨੂੰ 36 ਸਾਲ ਦੀ ਬੇਦਾਗ ਸੇਵਾ ਕਰਨ ਉਪਰੰਤ ਸੇਵਾ ਮੁਕਤੀ ਤੇ ਵਧਾਈ ਦਿੰਦਿਆਂ ਕਿਹਾ ਕਿ ਰਾਣਾ ਜੀ ਨੇ ਬੜੀ ਇਮਾਨਦਾਰੀ ਤੇ ਵਫ਼ਾਦਾਰੀ ਨਾਲ ਸੇਵਾ ਨਿਭਾਉਣ ਕਰਕੇ ਆਪਣੇ ਪੁਲਸ ਵਿਭਾਗ ਦਾ ਮਾਣ ਉੱਚਾ ਕੀਤਾ। ਖੇਡਾਂ ਨਾਲ ਪਿਆਰ ਹੋਣ ਕਰਕੇ ਉਹ ਉਹ ਸੇਵਾ ਮੁਕਤੀ 'ਤੇ ਜਵਾਨ ਨਜ਼ਰ ਆ ਰਹੇ ਹਨ। ਇਸ ਮੌਕੇ ਗੜ੍ਹਸ਼ੰਕਰ ਦੇ ਐਸ ਐਚ ਓ ਰਾਕੇਸ਼ ਕੁਮਾਰ ਨੇ ਵੀ ਸ਼ੁਭਕਾਮਨਾਵਾਂ ਦਿੰਦਿਆ ਕਿਹਾ ਕਿ ਥਾਣੇਦਾਰ ਪੁਸ਼ਵਿੰਦਰ ਸਿੰਘ ਸਾਡੇ ਵਿਭਾਗ ਦੀ ਸ਼ਾਨ ਸਨ। ਇਸ ਮੌਕੇ ਚਰਨਜੀਤ ਸਿੰਘ ਚੰਨੀ ਓ ਐਸ ਡੀ, ਹਰਜਿੰਦਰ ਸਿੰਘ ਧੰਜਲ, ਗੁਰਭਾਗ ਸਿੰਘ, ਥਾਣੇਦਾਰ ਨਰਿੰਦਰ ਸਿੰਘ ਰੁੜਕੀ,ਹਰਜਿੰਦਰ ਖੇਪੜ, ਥਾਣੇਦਾਰ ਬਿਸ਼ਮਵਰ ਲਾਲ , ਬਲਜਿੰਦਰ ਸਿੰਘ ਭਾਵਨੀਪੁਰ, ਅਨੁਪਮ ਖੇਪੜ,ਰਵੀਸ਼ ਕੁਮਾਰ, ਰਣਜੀਤ ਸਿੰਘ, ਥਾਣੇਦਾਰ ਗਿਆਨ ਚੰਦ, ਲਖਵਿੰਦਰ ਸਿੰਘ, ਹਰਸਿਮਰਨਜੀਤ ਸਿੰਘ, ਗੁਲਾਮ ਰਸੂਲ ਭਾਰਤੀ,ਗੁਰਦੀਪ ਸਿੰਘ, ਗਗਨਦੀਪ ਕੁਮਾਰ, ਨਿਰਭੈ ਸਿੰਘ, ਰੋਹਿਤ ਕੁਮਾਰ ਹਾਜਰ ਸਨ।

## ਧੂਮਧਾਮ ਨਾਲ ਕਰਵਾਇਆ ਤੇਹਿੰਗ ਸਕੂਲ ਦਾ ਸਾਲਾਨਾ ਇਨਾਮ ਵੰਡ ਸਮਾਗਮ



**ਫਿਲੌਰ (ਨਿਰਮਲ)**

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਤੇਹਿੰਗ ਵਿਖੇ ਸਕੂਲ ਦਾ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਸੈਸ਼ਨ 2022-23 ਦੀਆਂ ਵਿੱਦਿਅਕ ਤੇ ਸਹਿ- ਵਿੱਦਿਅਕ ਗਤੀਵਿਧੀਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦਾ ਸਨਮਾਨ,.ਤੀਰਥ ਸਿੰਘ ਜੌਹਲ ਪ੍ਰਧਾਨ ਏਕ ਨੂਰ ਹਾਕੀ ਅਕੈਡਮੀ ਤੇਹਿੰਗ, ਸਰਪੰਚ ਸਤਪਾਲ ਸਿੰਘ , ਸਕੂਲ ਦੇ ਇੰਚਾਰਜ ਸ੍ਰੀਮਤੀ ਕੁਲਵਿੰਦਰ ਕੌਰ, ਐਸ ਐਮ ਸੀ ਚੇਅਰਮੈਨ ਜਸਵੀਰ ਸਿੰਘ , ਸਮੂਹ ਕਮੇਟੀ ਮੈਂਬਰ ਤੇ ਪਿੰਡ ਦੇ ਪਤਵੰਤੇ ਸੱਜਣਾਂ ਨੇ ਟਰਾਫੀਆਂ ਦੇ ਕੇ ਕੀਤਾ। ਸਕੂਲ ਦੇ ਇੰਚਾਰਜ ਨੇ ਸਕੂਲ ਦੇ ਸੈਸ਼ਨ 2022-23 ਦੇ ਦੌਰਾਨ ਵਿਦਿਆਰਥੀਆਂ ਤੇ ਅਧਿਆਪਕਾਂ ਦੁਆਰਾ ਕੀਤੀਆਂ ਕਾਰਗੁਜ਼ਾਰੀਆਂ 'ਤੇ ਪੰਛੀ ਝਾਤ ਪੁਆਈ। ਪੰਜਾਬੀ ਦੇ ਲੈਕਚਰਾਰ ਸ੍ਰੀਮਤੀ ਬਲਵਿੰਦਰ ਕੌਰ ਨੇ ਆਪਣੇ ਸੰਖੇਪ ਜਿਹੇ ਭਾਸ਼ਣ ਵਿੱਚ ਸਕੂਲ ਦੇ ਬਾਕੀ ਵਿਦਿਆਰਥੀਆਂ ਨੂੰ, ਸਨਮਾਨਿਤ ਕੀਤੇ ਜਾ ਰਹੇ ਵਿਦਿਆਰਥੀਆਂ ਤੋਂ ਸੇਧ ਲੈ ਕੇ, ਇਸ ਸੈਸ਼ਨ ਦੌਰਾਨ ਚੰਗੀ ਕਾਰਗੁਜ਼ਾਰੀ ਵਿਖਾਉਣ ਲਈ ਪ੍ਰੇਰਨਾ ਕੀਤੀ। ਵਿਦਿਆਰਥੀਆਂ ਨੇ ਰੰਗਾ-ਰੰਗ ਸੱਭਿਆਚਾਰਕ ਪ੍ਰੋਗਰਾਮ, ਸਕੂਲ ਦੇ ਅਧਿਆਪਕ ਸ੍ਰੀਮਤੀ ਨਿਸ਼ਾ ਕੁਮਾਰੀ, ਸੰਤੋਸ਼ ਕੁਮਾਰੀ ਜੀ,ਬਖਸ਼ੋ, ਨਿਸ਼ਾ, ਮਮਤਾ, ਕੁਲਵੀਰ ਕੌਰ , ਕੰਚਨ ਬਾਲਾ, ਰਮਨਪ੍ਰੀਤ ਕੌਰ , ਗੁਰਵਿੰਦਰ ਕੌਰ ਅਤੇ ਮਨਪ੍ਰੀਤ ਕੌਰ ਦੀ ਰਹਿਨੁਮਾਈ ਹੇਠ ਪੇਸ਼ ਕੀਤਾ। ਉਹਨਾਂ ਨੇ ਆਪਣੇ ਪ੍ਰੋਗਰਾਮ ਨਾਲ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ। ਸ੍ਰੀਮਤੀ ਰਜਨੀ ਰਾਣਾ ਤੇ ਸ੍ਰੀਮਤੀ ਮੀਨਾ ਬੇਰੀ ਨੇ ਮੰਚ ਸੰਚਾਲਣ ਦੀ ਭੂਮਿਕਾ ਬਹੁਤ ਵਧੀਆ ਤਰੀਕੇ ਨਾਲ ਨਿਭਾਈ। ਸਰਬਜੀਤ ਸਿੰਘ, ਗੁਰਵਿੰਦਰ ਸਿੰਘ ਤੇ ਲਸ਼ਕਰੀ ਰਾਮ ਨੇ ਆਏ ਮਹਿਮਾਨਾਂ ਦਾ ਤਹਿ ਦਿਲੋਂ ਸਵਾਗਤ ਕੀਤਾ। ਤੇਹਿੰਗ ਸਕੂਲ ਦੇ ਸਾਰੇ ਅਧਿਆਪਕਾਂ ਨੂੰ ਵੀ ਸਕੂਲ ਦੇ ਵਿਦਿਆਰਥੀਆਂ ਦੀ ਯੋਗ ਅਗਵਾਈ ਕਰਨ ਲਈ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇਹਿੰਗ ਪਿੰਡ ਦੇ ਪਤਵੰਤੇ ਸੱਜਣ ਕੁਲਵਿੰਦਰ ਸਿੰਘ , ਕੁਲਦੀਪ ਸਿੰਘ , ਸੁਖਵੰਤ ਸਿੰਘ ,ਬਿੱਕਰ ਸਿੰਘ ,ਪਵਿੱਤਰ ਸਿੰਘ , ਸੁਲੱਖਣ ਸਿੰਘ , ਪੰਕਜ ਵਰਮਾ , ਨਿਰਮਲ ਸਿੰਘ, ਸੁਖਵਿੰਦਰ ਕੌਰ ,ਗੁਰਵਿੰਦਰ ਕੌਰ ,ਡਿੰਪਲ ਕੁਮਾਰੀ , ਰਣਜੀਤ ਸਿੰਘ , ਮਾਸਟਰ ਰਾਮ ਆਸਰਾ, ਲੈਕਚਰਾਰ ਇਕਨਾਮਿਕਸ ਭੁਪਿੰਦਰ ਲਾਲ ਅਤੇ ਹੋਰ ਸਤਿਕਾਰਯੋਗ ਹਸਤੀਆਂ ਹਾਜਰ ਸਨ।

## ਲੋਕਾਂ ਨੇ ਸਰਕਾਰੀ ਸਕੀਮਾਂ ਦਾ ਲਾਭ ਲਿਆ

**ਮੋਹਾਲੀ,(ਗੁਰਜੀਤ ਬਿੱਲਾ)**-ਜ਼ਿਲ੍ਹਾ ਪ੍ਰਸ਼ਾਸਨ ਦੇ ਦਿਸ਼ਾ-ਨਿਰਦੇਸ਼ 'ਤੇ ਵਿਕਸਤ ਭਾਰਤ ਸੰਕਲਪ ਯਾਤਰਾ ਤਹਿਤ ਪਿੰਡ ਬੜੀ ਅਤੇ ਧਨੌਰਾਂ ਵਿਖੇ ਭਾਰਤ ਸਰਕਾਰ ਵੱਲੋਂ ਕਮਜ਼ੋਰ ਵਰਗਾਂ ਲਈ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਬਾਰੇ ਜਾਣੂ ਕਰਵਾਉਣ ਅਤੇ ਲਾਭਪਾਤਰੀਆਂ ਨੂੰ ਸੇਵਾਵਾਂ ਦੇਣ ਲਈ ਵੱਖ-ਵੱਖ ਵਿਭਾਗਾਂ ਵਲੋਂ ਕੈਂਪ ਲਗਾਇਆ ਗਿਆ। ਇਸ ਮੌਕੇ ਸਿਹਤ ਤੇ ਪਰਵਾਰ ਭਲਾਈ ਵਿਭਾਗ ਭਾਰਤ ਸਰਕਾਰ ਦੇ ਉਪ ਸਕੱਤਰ ਡਾ. ਪੂਨਮ ਮੀਨਾ ਨੇ ਜਾਗਰੂਕਤਾ ਕੈਂਪ 'ਚ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਇਸ ਮੌਕੇ ਸਿਵਲ ਸਰਜਨ ਡਾ. ਮਹੇਸ਼ ਕੁਮਾਰ ਅਹੂਜਾ, ਜਿਲ੍ਹਾ ਟੀਕਾਕਰਨ ਅਫਸਰ ਡਾ. ਗਿਰੀਸ਼ ਡੋਗਰਾ, ਸੀਨੀਅਰ ਮੈਡੀਕਲ ਅਫਸਰ ਡਾ. ਸੁਰਿੰਦਰਪਾਲ ਕੌਰ, ਡਾ. ਸਿਮਰਜੀਤ ਕੌਰ, ਗੌਤਮ ਰਿਸ਼ੀ, ਪੰਚਾਇਤ ਸਕੱਤਰ ਸਿਕੰਦਰ ਸਿੰਘ ਤੇ ਹਰਪਿੰਦਰ ਸਿੰਘ, ਪਿੰਡ ਸਰਪੰਚ-ਪੰਚ ਅਤੇ ਹੋਰ ਅਧਿਕਾਰੀ ਕਰਮਚਾਰੀ ਮੌਜੂਦ ਸਨ। ਉਪ ਸਕੱਤਰ ਪੂਨਮ ਮੀਨਾ ਨੇ ਕਿਹਾ ਕਿ ਵਿਕਸਤ ਭਾਰਤ ਸੰਕਲਪ ਯਾਤਰਾ ਦਾ ਮਨੋਰਥ ਘਰ-ਘਰ ਤੱਕ ਭਾਰਤ ਸਰਕਾਰ ਦੀਆਂ ਮਹੱਤਵਪੂਰਨ ਯੋਜਨਾਵਾਂ ਬਾਰੇ ਜਾਗਰੂਕ ਕਰਨਾ ਅਤੇ ਲਾਭਪਾਤਰੀ ਪਰਵਾਰਾਂ ਨੂੰ ਲਾਭ ਪਹੁੰਚਾਉਣਾ ਹੈ। 'ਮੇਰੀ ਕਹਾਣੀ ਮੇਰੀ ਜ਼ੁਬਾਨੀ' ਰਾਹੀਂ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਲਾਭਪਾਤਰੀਆਂ ਨੇ ਮੁਫ਼ਤ ਸਿਹਤ ਸਹੂਲਤਾਂ ਪ੍ਰਤੀ ਆਪਣੇ ਸਫਲ ਤਜਰਬੇ ਸਾਂਝੇ ਕੀਤੇ। ਸਿਹਤ ਵਿਭਾਗ ਦੇ ਬਲਾਕ ਐਕਸਟੈਨਸ਼ਨ ਐਜੂਕੇਟਰ ਗੌਤਮ ਰਿਸ਼ੀ ਨੇ ਆਯੂਸ਼ਮਾਨ ਭਾਰਤ ਸਿਹਤ ਬੀਮਾ ਯੋਜਨਾ ਤੇ ਰਾਸ਼ਟਰੀ ਬਾਲ ਸੁਰੱਖਿਆ ਕਾਰਿਆਕ੍ਰਮ ਸੰਬੰਧੀ ਜਾਗਰੂਕ ਕੀਤਾ।

## ਲਾਇਨਜ ਕਲੱਬ ਵੱਲੋਂ ਏਡਜ਼ ਤੋਂ ਸੁਚੇਤ ਰਹਿਣ ਦਾ ਹੋਕਾ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**–ਲਾਇਨਜ ਕਲੱਬ ਨੂਰਮਹਿਲ ਡ੍ਰੀਮ ਵੱਲੋਂ ਵਿਸ਼ਵ ਏਡਜ ਦਿਵਸ ਦੇ ਮੌਕੇ ਲੋਕਾਂ ਨੂੰ ਖਾਸ ਕਰ ਨੌਜਵਾਨ ਅਤੇ ਟੀਨ ਏਜਰ ਪੀੜ੍ਹੀ ਨੂੰ ਏਡਜ / ਐਚ.ਆਈ.ਵੀ ਵਰਗੀ ਭਿਆਨਕ ਬਿਮਾਰੀ ਤੋਂ ਸੁਚੇਤ ਰਹਿਣ ਦਾ ਹੋਕਾ ਦਿੱਤਾ ਹੈ। ਕਲੱਬ ਪ੍ਰਧਾਨ ਲਾਇਨ ਸੋਮਿਨਾਂ ਸੰਧੂ ਨੇ ਕਿਹਾ ਕਿ ਏਡਜ ਖਿਲਾਫ ਜੋਰਦਾਰ ਪ੍ਰਚਾਰ ਹੀ ਮਾਨਵਤਾ ਲਈ ਵਰਦਾਨ ਸਾਬਤ ਹੋ ਸਕਦਾ ਹੈ। ਇਸ ਮੌਕੇ ਲਾਇਨ ਅਸ਼ੋਕ ਸੰਧੂ ਪ੍ਰਧਾਨ ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਨੇ ਕਿਹਾ ਕਿ ਜਿਵੇਂ ਜਿਵੇਂ ਪੰਜਾਬ ਵਿੱਚ ਨਸ਼ੇ ਵੱਧ ਰਹੇ ਉਵੇਂ ਉਵੇਂ ਹੀ ਏਡਜ / ਐਚ.ਆਈ.ਵੀ ਦੇ ਰੋਗੀ ਵੀ। ਦੇਸ਼ ਦੇ ਹਰ ਸੂਬੇ ਦੀ ਸਰਕਾਰ ਨੂੰ ਇਸ ਭਿਆਨਕ ਰੋਗ ਖਿਲਾਫ ਜੰਗੀ ਪੱਧਰ 'ਤੇ ਲੜਾਈ ਲੜਨੀ ਚਾਹੀਦੀ ਹੈ। ਕਲੱਬ ਦੇ ਅਫਸਰ ਲਾਇਨ ਬਬਿਤਾ ਸੰਧੂ, ਲਾਇਨ ਆਂਚਲ ਸੰਧੂ ਸੋਖਲ ਸੈਕੰਡ ਮੀਤ ਪ੍ਰਧਾਨ, ਲਾਇਨ ਰੋਹਿਤ ਸੰਧੂ ਪੀ.ਆਰ.ਓ, ਲਾਇਨ ਜਸਪ੍ਰੀਤ ਕੌਰ ਸੰਧੂ ਨੇ ਕਿਹਾ ਸਾਡਾ ਪੰਜਾਬ ਪਹਿਲਾਂ ਹੀ ਵਿਦੇਸ਼ ਦੀ ਚਾਹਤ ਨੇ ਖਾਲੀ ਕਰ ਦਿੱਤਾ ਹੈ, ਜੋ ਨੌਜਵਾਨੀ ਬਚੀ ਹੋਈ ਹੈ ਉਨ੍ਹਾਂ ਵਿੱਚ ਜ਼ਿਆਦਾਤਰ ਜਾਂ ਤਾਂ ਨਸ਼ੇ ਵਿੱਚ ਚੂਰ ਹਨ ਜਾਂ ਫਿਰ ਏਡਜ / ਐਚ.ਆਈ.ਵੀ ਵਰਗੀ ਭਿਆਨਕ ਬਿਮਾਰੀ ਨਾਲ ਰੋਗ ਗ੍ਰਸਤ ਹਨ। ਕਲੱਬ ਦੇ ਸੈਕਟਰੀ ਐਡਵੋਕੇਟ ਲਾਇਨ ਯੋਗੇਸ਼ ਗੁਪਤਾ ਅਤੇ ਟਰੈਜਰਰ ਲਾਇਨ ਰਣਜੀਤ ਸਿੰਘ ਨੇ ਕਿਹਾ ਏਡਜ ਦਾ ਰੋਗ ਕੋਈ ਕੁਦਰਤੀ ਰੋਗ ਨਹੀਂ ਹੈ



ਬਲਕਿ ਏਡਜ ਪ੍ਰਤੀ ਜਾਣਕਾਰੀ ਨਾ ਹੋਣੀ ਸਭ ਤੋਂ ਵੱਡੀ ਸਮੱਸਿਆ ਹੈ। ਸਿੱਟੇ ਵੱਜੋਂ ਇਸ ਤੋਂ ਬਚਣ ਲਈ ਹਰ ਸਮਾਜ ਸੇਵੀ ਨੂੰ ਏਡਜ ਖਿਲਾਫ ਜੋਰਦਾਰ ਪ੍ਰਚਾਰ ਕਰਨਾ ਚਾਹੀਦਾ ਹੈ। ਇਸ ਮੌਕੇ ਸਮਾਜ ਸੇਵੀ ਸੀਤਾ ਰਾਮ ਸੋਖਲ, ਸ੍ਰੀਮਤੀ ਰਮਾ ਸੋਖਲ, ਨੰਨ੍ਹੇ ਮੁੰਨੇ ਬੱਚਿਆਂ ਵਿੱਚ ਗੁਰਛਾਇਆ ਅਤੇ ਗੁਰਅੰਸ਼ ਸੋਖਲ ਨੇ ਸਮੂਹ ਲਾਇਨ ਅਫਸਰਾਂ ਨਾਲ ਹੱਥਾਂ ਵਿੱਚ ਏਡਜ ਦੇ ਸਲੋਗਨ ਫੜ ਕੇ ਲੋਕਾਂ ਨੂੰ ਏਡਜ / ਐਚ.ਆਈ.ਵੀ ਤੋਂ ਹਰ ਹੀਲੇ ਬਚਣ ਦਾ ਹੋਕਾ ਦਿੱਤਾ। ਇਹ ਟੈਸਟ ਸਰਕਾਰੀ ਹਸਪਤਾਲਾਂ ਵਿੱਚ ਮੁਫਤ ਕੀਤੇ ਜਾਂਦੇ ਹਨ।

## ਸਰਕਾਰ ਕਿਸਾਨ ਵਿਰੋਧੀ ਨੀਤੀਆਂ ਅਪਣਾ ਰਹੀ : ਭਾਰਸਿੰਘਪੁਰ



**ਫਿਲੌਰ (ਨਿਰਮਲ)**- ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੀ ਇੱਕ ਅਹਿਮ ਮੀਟਿੰਗ ਗੁਰਦੁਆਰਾ ਬਾਉਲੀ ਸਾਹਿਬ ਵਿਖੇ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਭਾਰਸਿੰਘਪੁਰ ਦੀ ਅਗਵਾਈ ਹੇਠ ਕੀਤੀ ਗਈ। ਭਾਰਸਿੰਘਪੁਰ ਨੇ ਦਸਿਆ ਕਿ ਮੌਜੂਦਾ ਸਰਕਾਰ ਕਿਸਾਨ ਵਿਰੋਧੀ ਨੀਤੀਆਂ ਅਪਣਾ ਰਹੀ ਹੈ ਜੋ ਸਰਾਸਰ ਕਿਸਾਨਾਂ ਨਾਲ ਧੱਕਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕਿਸਾਨਾਂ ਤੇ ਫਸਲ ਦੀ ਨਾੜ ਨੂੰ ਅੱਗ ਲਗਾਉਣ ਸਬੰਧੀ ਦਰਜ ਕੀਤੇ ਮੁਕੱਦਮੇ ਰੱਦ ਨਾ ਕੀਤੇ ਗਏ ਤਾਂ ਸਰਕਾਰ ਵਿਰੁੱਧ ਸੰਘਰਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਨੇ ਗੰਨੇ ਦਾ 11 ਰੁਪਏ ਰੇਟ ਵਧਾਕੇ ਕਿਸਾਨਾਂ ਨਾਲ ਕੋਝਾ ਮਜਾਕ ਕੀਤਾ ਹੈ, ਯੂਰੀਆ ਨਾਲ ਵਾਧੂ ਜ਼ਿੰਕ,ਪੋਟਾਸ਼ ਦੇਣਾ ਵੀ ਗਲਤ ਨੀਤੀ ਹੈ। ਉਨ੍ਹਾਂ ਮੰਗ ਕੀਤੀ ਕਿ ਝੋਨੇ ਦੀ ਬਿਜਾਈ ਸਮੇਂ ਸਿਰ ਕਾਰਵਾਈ ਜਾਵੇ ਤਾਂ ਜੋ ਝੋਨੇ ਦੀ ਨਮੀ ਘੱਟ ਸਕੇ ਜਾਂ ਫਿਰ ਸਰਕਾਰ ਨਮੀ ਦੀ ਸ਼ਰਤ 17 ਪ੍ਰਤੀਸ਼ਤ ਤੋਂ ਵਧਾ ਕੇ 20 ਪ੍ਰਤੀਸ਼ਤ ਕਰੇ। ਉਨ੍ਹਾਂ ਕਿਹਾ ਕਿ ਐਸ.ਵਾਈ.ਐਲ.ਨਹਿਰ ਉਹ ਨਹੀਂ ਚੱਲਣ ਦੇਣਗੇ। ਇਸ ਮੌਕੇ ਕਮਲਜੀਤ ਸਿੰਘ ਮੋਤੀਪੁਰ ਖਾਲਸਾ ਜ਼ਿਲ੍ਹਾ ਜਨਰਲ ਸਕੱਤਰ, ਮੱਖਣ ਸਿੰਘ ਲੇਹਲ ਕਲ੍ਹਾ ਸੀਨੀਅਰ ਮੀਤ ਪ੍ਰਧਾਨ, ਹਰਜੋਤ ਸਿੰਘ ਪ੍ਰਧਾਨ ਫਿਲੌਰ, ਸੁਖਵੀਰ ਸਿੰਘ ਸੰਧੂ ਪ੍ਰਧਾਨ ਨੂਰਮਹਿਲ ਅਤੇ ਹੋਰ ਸੈਂਕੜੇ ਕਿਸਾਨ ਆਗੂ ਹਾਜ਼ਰ ਸਨ।

## ਪੰਜਾਬੀ 13 ਸੀਟਾਂ 'ਆਪ' ਦੀ ਝੋਲੀ 'ਚ ਪਾਉਣਗੇ : ਰਾਓ ਕੈਂਡੋਵਾਲ



**ਮਾਹਿਲਪੁਰ (ਸਫਰੀ)** – ਆਮ ਆਦਮੀ ਪਾਰਟੀ ਵਲੋਂ ਲੋਕ ਸਭਾ ਚੋਣਾਂ 2024 ਲਈ ਤਿਆਰੀਆ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਪਾਰਟੀ ਵਲੋਂ ਪੰਜਾਬ ਦੇ ਸਾਰੇ ਲੋਕ ਸਭਾ ਹਲਕਿਆਂ ਵਿੱਚ ਪਾਰਟੀ ਵਲੰਟੀਅਰ ਤੇ ਵਰਕਰਾਂ ਨੂੰ ਸੰਗਠਿਤ ਕਰਕੇ ਕਮੇਟੀਆਂ ਦੇ ਗਠਨ ਦਾ ਕੰਮ ਆਖਰੀ ਪੜਾਅ ਵਿੱਚ ਪਹੁੰਚ ਚੁੱਕਾ ਹੈ। ਵਿਧਾਨ ਸਭਾ ਹਲਕਾ ਫਗਵਾੜਾ ਦੇ ਸ਼ਹਿਰੀ ਬਲਾਕ ਪ੍ਰਭਾਰੀ ਕ੍ਰਿਸ਼ਨਜੀਤ ਰਾਓ ਕੈਂਡੋਵਾਲ, ਜ਼ਿਲ੍ਹਾ ਪ੍ਰਧਾਨ ਤੇ ਚੇਅਰਪਰਸਨ ਪਲਾਨਿੰਗ ਬੋਰਡ ਲਲਿਤ ਸਕਲਾਨੀ ਤੇ ਬਲਾਕ ਪ੍ਰਧਾਨਾਂ ਦੀ ਅਗਵਾਈ ਵਿੱਚ ਵੱਖ ਵੱਖ ਵਾਰਡਾਂ ਦੀ ਡੋਰ ਟੂ ਡੋਰ ਕਰਨ ਉਪਰੰਤ ਵਾਰਡ ਵਾਸੀਆ ਦੀਆ ਮੀਟਿੰਗਾਂ ਕੀਤੀਆ ਜਾ ਰਹੀਆਂ ਹਨ। ਇਹਨਾਂ ਮੀਟਿੰਗਾਂ ਵਿੱਚ ਸਰਵਸੰਮਤੀ ਨਾਲ ਵਾਰਡ ਸੈਕਟਰੀ ਦੀ ਚੋਣ ਕਰਨ ਉਪਰੰਤ ਵਾਰਡ ਵਾਸੀਆਂ ਨੂੰ ਆਪਣੀਆਂ ਤੇ ਵਾਰਡ ਦੀਆਂ ਸਮੱਸਿਆਵਾਂ ਦਾ ਹਲ ਕਰਨ ਦੇ ਤਕਨੀਕੀ ਢੰਗਾਂ ਬਾਰੇ ਜਾਣਕਾਰੀਆਂ ਦਿੱਤੀਆਂ ਗਈਆਂ। ਵਾਰਡ ਨੰਬਰ 45 ਵਿੱਚ 21 ਮੈਂਬਰੀਂ ਕਮੇਟੀ ਬਣਾਉਣ ਉਪਰੰਤ ਹਰਦੀਪ ਸਿੰਘ ਸੈਕਟਰੀ ਚੁਣਿਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਵਾਰਡ ਵਾਸੀ ਹਾਜ਼ਰ ਸਨ।

## ਉੱਘੇ ਸਮਾਜ ਸੇਵੀ ਜਤਿੰਦਰ ਜੇ ਮਿਨਹਾਸ ਵੱਲੋਂ ਸੰਤ ਬਾਬਾ ਭਾਗ ਸਿੰਘ 'ਵਰਸਿਟੀ ਦਾ ਦੌਰਾ

**ਆਦਮਪੁਰ (ਪਰਮਜੀਤ ਸਿੰਘ)**

ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਦੇ ਅੰਤਰਰਾਸ਼ਟਰੀ ਸਲਾਹਕਾਰ ਅਤੇ ਬੋਰਡ ਆਫ ਮੈਨੇਜਮੈਂਟ ਦੇ ਮੈਂਬਰ ਉੱਘੇ ਸਮਾਜ ਸੇਵੀ ਜਤਿੰਦਰ ਜੇ ਮਿਨਹਾਸ ਨੇ ਆਪਣੀ ਭਾਰਤ ਫੇਰੀ ਦੌਰਾਨ ਯੂਨੀਵਰਸਿਟੀ ਦਾ ਦੌਰਾ ਕੀਤਾ। ਬਾਬਾ ਜਨਕ ਸਿੰਘ ਅਤੇ ਸੰਤ ਮਨਮੋਹਨ ਸਿੰਘ, ਚਾਂਸਲਰ ਦੀ ਦੇਖ-ਰੇਖ ਅਤੇ ਸਕੱਤਰ ਹਰਦਮਨ ਸਿੰਘ ਮਿਨਹਾਸ ਅਤੇ ਵਾਈਸ ਚਾਂਸਲਰ ਡਾ. ਧਰਮਜੀਤ ਸਿੰਘ ਪਰਮਾਰ ਦੀ ਅਗਵਾਈ ਹੇਠ ਪ੍ਰਬੰਧਕਾਂ ਵੱਲੋਂ ਉਨਾਂ ਦਾ ਭਰਵਾਂ ਸਵਾਗਤ ਕੀਤਾ ਗਿਆ। ਉਨ੍ਹਾਂ ਨਾਲ ਵਿਸ਼ੇਸ਼ ਤੌਰ 'ਤੇ ਕੁਲਜੀਤ ਸਿੰਘ ਮਿਨਹਾਸ ਕੈਨੇਡਾ,ਪਰਮਜੀਤ ਕੌਰ ਮਿਨਹਾਸ,ਸਤਨਾਮ ਸਿੰਘ ਮਿਨਹਾਸ,ਮਨਜੀਤ ਸਿੰਘ ਪਰਮਾਰ ਜਰਮਨ,ਜਸਵਿੰਦਰ ਕੌਰ ਪਰਮਾਰ ਵੀ ਉਚੇਚੇ ਤੌਰ 'ਤੇ ਹਾਜਰ ਰਹੇ। ਉਨਾਂ ਯੂਨੀਵਰਸਿਟੀ ਦੇ ਸਾਰੇ ਡੀਨ,ਵਿਭਾਗ ਮੁਖੀਆਂ ਅਤੇ ਇੰਚਾਰਜਾਂ ਨਾਲ ਮੀਟਿੰਗ ਕਰਦਿਆਂ ਯੂਨੀਵਰਸਿਟੀ ਅੰਦਰ ਚੱਲ ਰਹੇ ਤਮਾਮ ਵਿਭਾਗਾਂ ਦੀ ਕਾਰਗੁਜ਼ਾਰੀ ਤੇ ਚਰਚਾ ਵੀ ਕੀਤੀ। ਵਾਈਸ ਚਾਂਸਲਰ ਨੇ ਕਿਹਾ ਕਿ ਮਿਨਹਾਸ ਯੂਨੀਵਰਸਿਟੀ ਦੀ ਸ਼ੁਰੂਆਤ ਤੋਂ ਹੀ ਇਸ ਨਾਲ ਜੁੜੇ ਹੋਏ ਹਨ ਤੇ ਸਮੇਂ ਸਮੇਂ ਤੇ ਜਦੋਂ ਵੀ ਕੋਈ ਔਕੜ ਆਈ ਮਿਨਹਾਸ ਹਮੇਸ਼ਾ ਯੂਨੀਵਰਸਿਟੀ ਅਤੇ ਬੱਚਿਆਂ ਦੇ ਹੱਕ ਵਿੱਚ ਖੜੇ ਹਨ। ਉਨਾਂ ਕਿਹਾ ਕਿ ਅੰਤਰਰਾਸ਼ਟਰੀ ਪੱਧਰ 'ਤੇ ਵੀ ਉਹ ਹਮੇਸ਼ਾ ਯੂਨੀਵਰਸਿਟੀ ਦਾ ਜਿਕਰ ਵੱਡੇ ਵੱਡੇ ਪਲੇਟਫਾਰਮਾਂ 'ਤੇ ਕਰਦੇ ਰਹਿੰਦੇ ਹਨ ਤੇ ਉਨਾਂ ਨੂੰ ਹਮੇਸ਼ਾ ਤਾਂਘ ਰਹਿੰਦੀ ਹੈ ਕਿ ਸੰਤ ਬਾਬਾ ਮਲਕੀਤ ਸਿੰਘ ਜੀ ਅਤੇ ਸੰਤ ਬਾਬਾ ਦਿਲਾਵਰ ਸਿੰਘ ਬ੍ਰਹਮ ਦੇ ਅਸ਼ੀਰਵਾਦ ਅਤੇ ਸੋਚ ਨਾਲ ਇੱਥੇ ਤੱਕ ਯੂਨੀਵਰਸਿਟੀ ਅਗਾਂਹ ਵੀ ਇਸੇ ਤਰੀਕੇ ਨਾਲ ਵੱਡੇ ਪੱਧਰ 'ਤੇ



ਸਿੱਖਿਆ ਦੇ ਖੇਤਰ ਅੰਦਰ ਆਪਣਾ ਯੋਗਦਾਨ ਪਾਉਂਦੀ ਰਹੇ। ਆਪਣੇ ਸੰਬੋਧਨ ਅੰਦਰ ਮਿਨਹਾਸ ਨੇ ਕਿਹਾ ਕਿ ਉਨਾਂ ਨੂੰ ਖੁਸ਼ੀ ਹੈ ਕਿ ਪੰਜਾਬ ਵਿੱਚ ਆਈਲਟਸ ਕਰ ਵਿਦੇਸ਼ ਜਾਂ ਦੀ ਦੌੜ ਦੇ ਵਿਚਕਾਰ ਯੂਨੀਵਰਸਿਟੀ ਅੰਦਰ ਵਿਦਿਆਰਥੀਆਂ ਦੀ ਗਿਣਤੀ ਅੱਗੇ ਨਾਲੋਂ ਵਧੀ ਹੈ ਜੋ ਇਹ ਦਰਸਾਉਂਦਾ ਹੈ ਕਿ ਇਥੋਂ ਦੀ ਮੈਨੇਜਮੈਂਟ ਕਮੇਟੀ ਅਤੇ ਸਮੂਹ ਸਟਾਫ ਬਾਬਾ ਜੀ ਵੱਲੋਂ ਵਿਖੇ ਮਾਰਗ ਤੇ ਪ੍ਰੇਰਨਾ 'ਤੇ ਪੂਰਾ ਉੱਤਰਦਿਆਂ ਆਪਣੀ ਜਿੰਮੇਵਾਰੀ ਬਾਖੂਬੀ ਨਿਭਾਅ ਰਿਹਾ ਹੈ। ਉਨਾਂ ਕਿਹਾ ਕਿ ਉਨਾਂ ਨੂੰ ਬਹੁਤ ਖੁਸ਼ੀ ਹੈ ਕਿ ਸਿੱਖਿਆ ਦੇ ਖੇਤਰ ਦੇ ਨਾਲ ਨਾਲ ਖੇਡਾਂ ਅਤੇ ਹੋਰ ਗਤੀਵਿਧੀਆਂ ਅੰਦਰ ਵੀ ਯੂਨੀਵਰਸਿਟੀ ਦੇ ਬੱਚੇ ਆਪਣੀ ਮੁਹਾਰਤ ਦਾ ਪ੍ਰਦਰਸ਼ਨ ਕਰ ਚੰਗੇ ਪੱਧਰ 'ਤੇ ਆਪਣੀ ਧਾਂਕ ਜਮਾ ਰਹੇ ਹਨ। ਉਨਾਂ ਸਮੂਹ ਵਿਭਾਗ ਮੁਖੀਆਂ ਅਤੇ ਹਾਜਰ ਸਟਾਫ ਨੂੰ ਅਪੀਲ ਕਰਦਿਆਂ ਕਿਹਾ ਕਿ ਇਹ ਸਥਾਨ ਭਗਤੀ ਅਤੇ ਆਸਥਾ ਦਾ ਵੱਡਾ ਕੇਂਦਰ ਹੈ ਤੇ ਸਾਡਾ ਵੀ ਫਰਜ ਬਣਦਾ ਹੈ ਕਿ ਅਸੀਂ ਵੀ ਸੇਵਾ ਭਾਵਨਾ ਨਾਲ ਇੱਥੇ ਬੱਚਨ ਨੂੰ ਉੱਤਮ ਸਿੱਖਿਆ ਦਈਏ ਜਿਸ ਦਾ ਅਧਿਆਤਮਕ ਫੁੱਲ ਤੁਹਾਨੂੰ ਸਾਰੀਆਂ ਨੂੰ ਵੀ ਜ਼ਰੂਰ ਮਿਲੇਗਾ ਇਸਦੇ ਨਾਲ ਨਾਲ ਉਨਾਂ ਯਕੀਨ ਦੁਵਾਇਆ ਕਿ ਉਹ ਵਿਦੇਸ਼ੀ ਸਕੂਲ ਕਾਲਜਾਂ ਅਤੇ ਯੂਨੀਵਰਸਿਟੀਆਂ ਨਾਲ ਵੀ ਜਲਦ ਹੀ ਸਟੂਡੈਂਟ ਐਕਸਚੇਂਜ ਪ੍ਰੋਗਰਾਮ ਦੇ ਯਤਨ ਵੀ ਸ਼ੁਰੂ ਕਰਨਗੇ। ਇਸ ਮੌਕੇ ਕੁਲਜੀਤ ਸਿੰਘ ਮਿਨਹਾਸ,ਪਰਮਜੀਤ ਕੌਰ ਮਿਨਹਾਸ ਅਤੇ ਸਤਨਾਮ ਸਿੰਘ ਮਿਨਹਾਸ ਨੇ ਕਿਹਾ ਕਿ ਅੱਜ ਉਨਾਂ ਨੂੰ ਇੱਥੇ ਆ ਕੇ ਬਹੁਤ ਖੁਸ਼ੀ ਹੋਈ ਹੈ ਕਿ ਇੱਕ ਪੇਂਡੂ ਯੂਨੀਵਰਸਿਟੀ ਹੋਣ ਦੇ ਬਾਵਜੂਦ ਇੱਥੇ ਵੱਡੇ ਪੱਧਰ 'ਤੇ ਮਾਡਰਨ ਸਿੱਖਿਆ ਪ੍ਰਣਾਲੀ ਰਾਹੀਂ ਬੱਚਿਆਂ ਨੂੰ ਵਧੀਆ ਸਿੱਖਿਆ ਪਲੇਟਫਾਰਮ ਮੁਹੱਈਆ ਕਰਵਾਇਆ ਜਾ ਰਿਹਾ ਹੈ ਤੇ ਉਨਾਂ ਖ਼ਾਸਤੌਰ 'ਤੇ ਬੱਚਿਆਂ ਨੂੰ ਸੁਨੇਹਾ ਦਿੰਦਿਆਂ ਕਿਹਾ ਕਿ ਜਿੱਥੇ ਵਿਦੇਸ਼ਾਂ ਅੰਦਰ ਅੰਗਰੇਜ਼ੀ ਆਪਣਾ ਅਲੱਗ ਸਥਾਨ ਰੱਖਦੀ ਹੈ ਉੱਥੇ ਸਾਡੀ ਮਾਤ ਭਾਸ਼ਾ ਪੰਜਾਬੀ ਵੀ ਹੁਣ ਆਪਣੀ ਅਲੱਗ ਪਹਿਚਾਣ ਬਣਾ ਚੁੱਕੀ ਹੈ ਤੇ ਆਪਣੀ ਭਾਸ਼ਾ ਦਿਉ ਮੁਹਾਰਤ ਵੀ ਤੁਹਾਨੂੰ ਵਿਦੇਸ਼ਾਂ ਅੰਦਰ ਰੋਜਗਾਰ ਦੇ ਵਧੀਆ ਮੌਕੇ ਦੁਆ ਸਕਦੀ ਹੈ। ਅਖੀਰ ਵਿੱਚ ਬਾਬਾ ਜਨਕ ਸਿੰਘ ਵੱਲੋਂ ਆਏ ਮਹਿਮਾਨਾਂ ਨੂੰ ਸਨਮਾਨਤ ਕੀਤਾ ਗਿਆ।

## ਬਿਮਾਰ ਹੋਏ ਵਿਦਿਆਰਥੀਆਂ ਲਈ ਸਰਕਾਰ ਜ਼ਿੰਮੇਵਾਰ : ਪੀ ਐੱਸ ਯੂ

**ਚੰਡੀਗੜ੍ਹ (ਪੱਤਰ ਪ੍ਰੇਰਕ)**- ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਮੈਰੀਟੋਰੀਅਸ ਸਕੂਲ ਘਾਬਦਾ (ਸੰਗਰੂਰ) ਵਿਖੇ ਹੋਸਟਲ ਮੈੱਸ ਦਾ ਜ਼ਹਿਰੀਲਾ ਖਾਣਾ ਖਾਣ ਨਾਲ 74 ਵਿਦਿਆਰਥੀਆਂ ਦੇ ਬਿਮਾਰ ਹੋਣ 'ਤੇ ਪੰਜਾਬ ਸਰਕਾਰ ਦੇ ਘਟੀਆਂ ਪ੍ਰਬੰਧਾਂ ਦੀ ਸਖਤ ਨਿਖੇਧੀ ਕਰਦਿਆਂ ਮੰਗ ਕੀਤੀ ਕਿ ਜ਼ਿੰਮੇਵਾਰ ਅਧਿਕਾਰੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਇਸ ਮੌਕੇ ਪੀ ਐੱਸ ਯੂ ਦੇ ਸੂਬਾ ਪ੍ਰਧਾਨ ਰਣਵੀਰ ਸਿੰਘ ਰੰਧਾਵਾ ਜਨਰਲ ਸਕੱਤਰ ਅਮਨਦੀਪ ਸਿੰਘ ਖਿਓਵਾਲੀ ਅਤੇ ਪ੍ਰੈਸ ਸਕੱਤਰ ਮੰਗਲਜੀਤ ਪੰਡੋਰੀ ਨੇ ਕਿਹਾ ਕਿ ਇਹ ਸਰਕਾਰ ਦੇ ਘਟੀਆਂ ਪ੍ਰਬੰਧਾਂ ਕਾਰਨ ਜਹਿਰੀਲਾ ਖਾਣਾ ਖਾਣ ਨਾਲ ਮੈਰੀਟੋਰੀਅਸ ਸਕੂਲ ਦੇ ਵਿਦਿਆਰਥੀ ਪੇਟ ਦਰਦ, ਉਲਟੀਆਂ ਡਾਇਰੀਆ ਤੋਂ ਪੀੜਤ ਹੋ ਗਏ ਹਨ। ਸਰਕਾਰ ਦੇ ਮਾੜੇ ਪ੍ਰਬੰਧਾਂ ਦਾ ਸਿੱਟਾ ਹਨ। ਆਗੂਆਂ ਮੰਗ ਕੀਤੀ ਕਿ ਇਸ ਲਈ ਜ਼ਿੰਮੇਵਾਰ ਅਧਿਕਾਰੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ।

## ਕਿਸੇ ਦੀ ਹਨੇਰੀ ਜ਼ਿੰਦਗੀ ਨੂੰ ਰੋਸ਼ਨ ਕਰਨ ਲਈ ਅੱਗੇ ਆਓ : ਸੰਜੀਵ ਅਰੋੜਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਰੋਟਰੀ ਆਈ ਬੈਂਕ ਐਂਡ ਕੋਰਨੀਆ ਟ੍ਰਾਂਸਪਲਾਂਟੇਸ਼ਨ ਸੁਸਾਇਟੀ ਵੱਲੋਂ ਪ੍ਰਧਾਨ ਅਤੇ ਪ੍ਰਮੁੱਖ ਸਮਾਜ ਸੇਵਕ ਸੰਜੀਵ ਅਰੋੜਾ ਦੀ ਪ੍ਰਧਾਨਗੀ ਵਿੱਚ ਸਮਾਰੋਹ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਅਲਤਾਫ ਹੁਸੈਨ ਨਿਵਾਸੀ ਰਾਜ਼ੌਰੀ, ਜੰਮੂ-ਕਸ਼ਮੀਰ ਜੋ ਕਿ ਲੰਬੇ ਸਮੇਂ ਤੋਂ ਹਨੇਰੀ ਜ਼ਿੰਦਗੀ ਬਤੀਤ ਕਰ ਰਿਹਾ ਸੀ, ਉਸ ਨੂੰ ਨਵੀਂ ਅੱਖ ਲਗਵਾਉਣ ਲਈ ਪ੍ਰੋਗਰਾਮ ਦਾ ਆਯੋਜਨ ਬਾਲੀ ਹਸਪਤਾਲ ਮਾਡਲ ਟਾਊਨ ਵਿਖੇ ਕੀਤਾ ਗਿਆ। ਇਸ ਮੌਕੇ 'ਤੇ ਸੀ.ਐਮ.ਓ. ਕੋਰਨੀਆ ਅਤੇ ਰਿਫਰੈਕਟਿਵ ਸਰਜਨ ਸੰਕਾਰਾ ਆਈ ਹਸਪਤਾਲ ਤੋਂ ਡਾ.ਮਨੋਜ ਗੁਪਤਾ ਵਲੋਂ ਅਲਤਾਫ ਹੁਸੈਨ ਦਾ ਆਪ੍ਰੇਸ਼ਨ ਕਰਕੇ ਨਵੀਂ ਅੱਖ ਲਗਾਈ ਗਈ। ਉਨਾਂ ਨਾਲ ਆਈ ਬੈਂਕ ਲੁਧਿਆਣਾ ਦੇ ਇੰਚਾਰਜ ਮੈਡਮ ਈਸ਼ਾ ਵੀ ਮੌਜੂਦ ਸਨ। ਇਸ ਮੌਕੇ 'ਤੇ ਪ੍ਰਧਾਨ ਸੰਜੀਵ ਅਰੋੜਾ ਨੇ ਕਿਹਾ ਕਿ ਰੋਟਰੀ ਆਈ ਬੈਂਕ ਪ੍ਰਦੇਸ਼ ਵਿੱਚ ਹੀ ਨਹੀਂ ਬਲਕਿ ਪੂਰੇ ਭਾਰਤ ਵਿੱਚ ਕੋਰਨੀਆ ਬਲਾਇੰਡਨੈਸ ਤੋਂ ਪੀੜ੍ਹਿਤ ਲੋਕਾਂ ਨੂੰ ਰੋਸ਼ਨੀ ਦੇਕੇ ਬਹੁਤ ਹੀ ਸ਼ਲਾਘਾਯੋਗ ਕਾਰਜ ਕਰ ਰਿਹਾ ਹੈ ਅਤੇ ਉਨ੍ਹਾਂ ਨੇ ਕਿਹਾ ਕਿ ਅੱਖਾਂ ਸਾਡੇ ਸਰੀਰ ਦਾ ਅਨਮੋਲ ਅੰਗ ਹਨ, ਇਸ ਦੀ ਸੰਭਾਲ ਕਰਨੀ ਸਾਡੀ ਜ਼ਿੰਮੇਦਾਰੀ ਬਣਦੀ ਹੈ ਕਿਉਂਕਿ ਇਸ ਤੋਂ ਬਿਨ੍ਹਾਂ ਖੁਸ਼ਹਾਲ ਜ਼ਿੰਦਗੀ ਦੀ ਕਲਪਨਾ ਕਰਨਾ ਵੀ ਮੁਸ਼ਕਿਲ ਹੈ। ਇਸ ਲਈ ਅੱਖਾਂ ਨਾਲ ਜੁੜੀ ਹਰ ਸਮੱਸਿਆ ਨੂੰ ਹਲਕੇ ਵਿੱਚ ਨਾ ਲਓ ਅਤੇ ਥੋੜੀ ਜਿਹੀ ਸਮੱਸਿਆ ਹੋਣ ਤੇ ਤੁਰੰਤ ਡਾਕਟਰ ਤੋਂ ਸਲਾਹ ਲਓ ਅਤੇ ਇਸ ਦੇ ਨਾਲ ਮਰਨ ਤੋਂ ਬਾਅਦ ਅੱਖਾਂ ਦਾਨ ਕਰਨ ਦਾ ਸੰਕਲਪ ਲਓ, ਕਿਉਂਕਿ ਤੁਹਾਡੇ ਇਸ ਸੰਕਲਪ ਨਾਲ ਕਈ ਲੋਕਾਂ ਦੀ ਜ਼ਿੰਦਗੀ ਵਿੱਚ ਰੋਸ਼ਨੀ ਭਰੀ ਜਾ ਸਕਦੀ ਹੈ। ਅਰੋੜਾ ਨੇ ਕਿਹਾ ਕਿ ਮਰਨ ਤੋਂ ਬਾਅਦ ਅੱਖਾਂ ਦਾਨ ਕਰਕੇ ਕਿਸੀ ਹਨੇਰੀ ਜ਼ਿੰਦਗੀ ਨੂੰ ਰੋਸ਼ਨ ਕਰਨ ਦੇ ਲਈ ਸਾਨੂੰ ਅੱਗੇ ਆਉਣਾ ਚਾਹੀਦਾ ਹੈ। ਜਿਸ ਨਾਲ ਜਲਦੀ ਹੀ ਭਾਰਤ ਨੂੰ ਕੋਰਨੀਆ ਬਲਾਇੰਡਿਨੈਸ ਤੋਂ ਮੁਕਤ ਕੀਤਾ ਜਾ ਸਕੇ। ਇਸ ਮੌਕੇ ਤੇ ਚੇਅਰਮੈਨ ਜੇ.ਬੀ. ਬਹਿਲ ਨੇ ਦੱਸਿਆ ਕਿ ਅਲਤਾਫ ਹੁਸੈਨ ਜੋ ਕਿ ਲੰਬੇ ਸਮੇਂ ਤੋਂ ਦੋਨੋਂ ਅੱਖਾਂ ਤੋਂ ਕੋਰਨੀਆ ਬਲਾਇੰਡਨੈਸ ਦੇ ਕਾਰਨ ਹਨੇਰੀ ਜ਼ਿੰਦਗੀ ਬਤੀਤ ਕਰ ਰਿਹਾ ਸੀ, ਉਸ ਨੂੰ ਰੋਟਰੀ ਆਈ ਬੈਂਕ ਦੁਆਰਾ ਇਕ ਅੱਖਾ ਲਗਵਾ ਕੇ ਉਸ ਨੂੰ ਫਿਰ ਦੇਖਣ ਦੇ ਕਾਬਲ ਬਣਾ ਕੇ ਸੁਸਾਇਟੀ ਨੇ ਟੀਚੇ ਦੀ ਪੂਰਤੀ ਵਿੱਚ ਇਕ ਕਦਮ ਹੋਰ ਵਧਾਇਆ ਹੈ। ਉਨ੍ਹਾਂ ਨੇ ਦੱਸਿਆ ਕਿ ਜਿਵੇਂ ਸਾਡੇ ਸ਼ਾਸਤਰਾਂ ਵਿੱਚ ਕਨਿਆਦਾਨ ਅਤੇ ਅੰਨਦਾਨ ਦਾ ਮਹੱਤਵ ਹੈ ਉਸ ਤਰ੍ਹਾਂ ਅੱਜ ਦੇ ਸਮੇਂ ਵਿੱਚ ਅੱਖਾਂ ਦਾ ਦਾਨ ਵੀ ਸਾਡੀ ਸੰਸਕ੍ਰਿਤੀ ਦਾ ਅਭਿੰਨ ਅੰਗ ਬਣ ਰਿਹਾ ਹੈ। ਜਿਸ ਦੇ ਪ੍ਰਤੀ ਸੁਸਾਇਟੀ ਵਲੋਂ ਜਾਗਰੂਕਤਾ ਫੈਲਾਈ ਜਾ ਰਹੀ ਹੈ। ਬਹਿਲ ਨੇ ਕਿਹਾ ਕਿ ਅੱਖਾਂ ਦਾ ਦਾਨ ਹੀ ਇਕ ਇਸ ਤਰ੍ਹਾਂ ਦਾ ਦਾਨ ਹੈ ਜੋ ਵਿਅਕਤੀ ਨੂੰ ਸੰਸਾਰ ਤੋਂ ਜਾਣ ਦੇ ਬਾਅਦ ਕਰਨਾ ਹੁੰਦਾ ਹੈ। ਜੀਉਂਦੇ ਜੀਅ ਜਿਥੇ ਅਸੀਂ ਇਨਾਂ ਅੱਖਾਂ ਨਾਲ ਇਸ ਸੁੰਦਰ ਸੰਸਾਰ ਨੂੰ ਦੇਖਦੇ ਹਾਂ ਉਥੇ ਸਾਡੇ ਮਰਨ ਤੋਂ ਬਾਅਦ ਵੀ ਇਹ ਅੱਖਾਂ ਕਿਸੀ ਲਈ ਵਰਦਾਨ ਬਣਦੀਆਂ ਹਨ। ਇਸ ਲਈ ਅੱਖਾਂ ਦਾਨ ਕਰਕੇ ਤੁਹਾਡੇ ਜਾਣ ਤੋਂ ਬਾਅਦ ਵੀ ਤੁਹਾਡੀਆਂ ਅੱਖਾਂ ਜ਼ਿੰਦਾ ਰਹਿਣਗੀਆਂ। ਕਿਉਂਕਿ ਇਹ ਕਿਸੇ ਦੀ ਹਨੇਰੀ ਜ਼ਿੰਦਗੀ ਵਿੱਚ ਰੋਸ਼ਨੀ ਭਰਦੀਆਂ ਹਨ। ਇਸ ਮੌਕੇ 'ਤੇ ਡਾ.ਜਮੀਲ ਬਾਲੀ, ਮਿਸ ਕੁਲਦੀਪ ਕੋਹਲੀ, ਡਾ.ਰਾਜੀਵ ਵਰਮਾ, ਮਦਨ ਲਾਲ ਮਹਾਜਨ, ਅਵੀਨਾਸ਼ ਸੂਦ, ਵੀਨਾ ਚੋਪੜਾ, ਕੁਲਦੀਪ ਰਾਏ ਗੁਪਤਾ, ਰੇਨੂ ਕੰਵਰ ਆਦਿ ਮੌਜੂਦ ਸਨ।

## ਸਕੂਲ ਵਿਖੇ ਸਾਲਾਨਾ ਸੱਭਿਆਚਾਰਕ ਮੇਲਾ ਕਰਵਾਇਆ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਪਿੰਡ ਮੌਜੋਮਜਾਰਾ ਠੱਕਰਵਾਲ ਵਿਖੇ ਸੰਤ ਬਾਬਾ ਦੂਲਾ ਸਿੰਘ ਜੀ ਮੈਮੋਰੀਅਲ ਪਬਲਿਕ ਸਕੂਲ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਸਾਲਾਨਾ ਸਭਿਆਚਾਰਕ ਮੇਲਾ ਕਰਵਾਇਆ ਗਿਆ। ਸਕੂਲ ਦੇ ਚੇਅਰਮੈਨ ਸੰਤ ਬਾਬਾ ਹਰਕ੍ਰਿਸ਼ਨ ਸਿੰਘ ਸੋਢੀ ਠੱਕਰਵਾਲ ਪ੍ਰਧਾਨ ਨਿਰਮਲਾ ਸੰਤ ਮੰਡਲ ਪੰਜਾਬ, ਸਕੂਲ ਦੇ ਪ੍ਰਧਾਨ ਦਰਸ਼ਨ ਸਿੰਘ ਰਾਜਾ ਨੇ ਇਸ ਸਾਲਾਨਾ ਸਭਿਆਚਾਰਕ ਮੇਲੇ ਦੌਰਾਨ ਸਕੂਲੀ ਬੱਚਿਆਂ ਅਤੇ ਵਿਦਿਆਰਥਣਾਂ ਵੱਲੋਂ ਨਸ਼ਾ, ਭਰੂਣ ਹੱਤਿਆ, ਕੋਰਿਓਗਰਾਫੀ, ਰਿਸ਼ਵਤਖੋਰੀ, ਗਿੱਧਾ, ਭੰਗੜਾ, ਧਾਰਮਿਕ , ਸਭਿਆਚਾਰਕ, ਸਮਾਜਿਕ ਨਾਲ ਸੰਬੰਧਿਤ ਸਭਿਆਚਾਰਕ ਅਤੇ ਰੰਗਾਰੰਗ ਪ੍ਰੋਗਰਾਮ ਕਰਵਾਇਆ ਗਿਆ। ਪ੍ਰਬੰਧਕਾਂ ਵੱਲੋਂ ਭਾਗ ਲੈਣ ਵਾਲੇ ਵਿਦਿਆਰਥੀਆਂ ਅਤੇ ਸਹਿਯੋਗੀਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਬੰਧਕਾਂ ਵੱਲੋਂ ਸਾਲਾਨਾ ਸਭਿਆਚਾਰਕ ਮੇਲੇ ਦੌਰਾਨ ਸਕੂਲੀ ਬੱਚਿਆਂ ਅਤੇ ਉਨ੍ਹਾਂ ਦੇ ਮਾਤਾ ਪਿਤਾ ਨੇ ਹਾਜਰੀ ਭਰੀ। ਸੋਢੀ ਠੱਕਰਵਾਲ ਤੇ ਰਾਜਾ ਨੇ ਸਮੂਹ ਸਹਿਯੋਗੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਬੀਬੀ ਬਲਵੀਰ ਕੌਰ, ਬੀਬੀ ਸੰਤੋਸ਼ ਕੌਰ, ਸਰਬਜੀਤ ਸਿੰਘ ਸਾਬੀ, ਗੁਰਪ੍ਰੀਤ ਸਿੰਘ ਗੋਪੀ, ਪ੍ਰਿੰਸੀਪਲ ਮੰਗਤ ਸਿੰਘ, ਪਰਮਜੀਤ ਕੌਰ ਵਾਇਸ ਪ੍ਰਿੰਸੀਪਲ, ਸਰਪੰਚ ਜਸਵੀਰ ਸਿੰਘ ਮੌਜੋਮਜਾਰਾ, ਲੱਕੀ ਮੌਜੋਮਜਾਰਾ, ਕਿਰਨਦੀਪ ਕੌਰ, ਨਿਸਾ, ਮਨਦੀਪ ਕੌਰ, ਪੂਜਾ, ਨਰਿੰਦਰ ਕੌਰ, ਅਚਲ, ਸੁਨੈਨਾ, ਨਵਦੀਪ ਕੌਰ, ਜੋਤੀ, ਜਸਪ੍ਰੀਤ ਕੌਰ, ਦੀਸ਼ਕਾ ਸ਼ਰਮਾ, ਨੀਸ਼ਾ ਕੁਮਾਰੀ , ਜੋਤੀ, ਸਹਿਲ ਆਦਿ ਹਾਜਰ ਸਨ।

## ਆਈ ਏ ਐੱਸ ਸੋਨਲ ਗੋਇਲ ਨੇ ਨੌਜਵਾਨਾਂ ਨਾਲ ਸਫਲਤਾ ਦਾ ਗੁਰਮੰਤਰ ਕੀਤਾ ਸਾਂਝਾ

**ਜਲੰਧਰ, (ਸੁਰਿੰਦਰ ਕੁਮਾਰ)**

ਲਵਲੀ ਪ੍ਰੋਫੈਸਨਲ ਯੂਨੀਵਰਸਿਟੀ ਵਿਖੇ ਵਿਦਿਆਰਥੀਆਂ ਨੂੰ ਦੇਸ਼ ਦੇ ਵਿਕਾਸ ਵਿਚ ਨੌਜਵਾਨਾਂ ਦੀ ਭਾਗੀਦਾਰੀ ਨਵੀਂ ਦਿੱਲੀ ਵਿੱਚ ਤ੍ਰਿਪੁਰਾ ਦੇ ਰੈਜੀਡੈਂਟ ਕਮਿਸਨਰ ਅਤੇ ਸੀਨੀਅਰ ਆਈਏਐਸ ਅਧਿਕਾਰੀ ਸੋਨਲ ਗੋਇਲ ਨੇ ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਦੇ ਸ਼ਾਂਤੀ ਮਿੱਤਲ ਆਡੀਟੋਰੀਅਮ ਵਿੱਚ ਦੇਸ਼ ਦੇ ਵਿਕਾਸ ਵਿੱਚ ਨੌਜਵਾਨਾਂ ਦੀ ਭਾਗੀਦਾਰੀ ਵਿਸ਼ੇ 'ਤੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਸੋਨਲ ਗੋਇਲ ਨੂੰ ਸੁਣਨ ਅਤੇ ਪ੍ਰੇਰਨਾ ਲੈਣ ਲਈ ਦੋ ਹਜ਼ਾਰ ਤੋਂ ਵੱਧ ਵਿਦਿਆਰਥੀ ਪ੍ਰੋਗਰਾਮ ਵਿੱਚ ਪੁੱਜੇ ਹੋਏ ਸਨ। ਸੋਨਲ ਨੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨੌਜਵਾਨਾਂ ਦੀ ਸਰਗਰਮ ਭਾਗੀਦਾਰੀ ਹੀ ਦੇਸ਼ ਦੀ ਖੁਸ਼ਹਾਲੀ ਅਤੇ ਤਰੱਕੀ ਦਾ ਰਾਹ ਪੱਧਰਾ ਕਰੇਗੀ। ਕਿਸੇ ਵੀ ਦੇਸ਼ ਦੀ ਸਭ ਤੋਂ ਵੱਡੀ ਤਾਕਤ ਉਸ ਦੇ ਨੌਜਵਾਨ ਹੁੰਦੇ ਹਨ। ਯੁਵਾ ਸ਼ਕਤੀ ਨੇ ਦੇਸ਼ ਨੂੰ ਵੱਖ-ਵੱਖ ਖੇਤਰਾਂ ਵਿੱਚ ਨਵੀਆਂ ਬੁਲੰਦੀਆਂ 'ਤੇ ਪਹੁੰਚਾਇਆ ਹੈ। ਇਸ ਲਈ ਉਨ੍ਹਾਂ ਨੂੰ ਦੇਸ਼ ਦੇ ਸਰਵਪੱਖੀ ਵਿਕਾਸ ਦੇ ਮੁੱਦਿਆਂ ਵਿੱਚ ਵੀ ਸਰਗਰਮੀ ਨਾਲ ਸਾਮਲ ਹੋਣਾ ਚਾਹੀਦਾ ਹੈ। ਹਾਲ ਹੀ ਵਿੱਚ, ਕੇਂਦਰੀ ਮੰਤਰੀ ਕਿਰਨ ਰਿਜਿਜੂ ਦੁਆਰਾ ਨਵੀਂ ਦਿੱਲੀ ਵਿੱਚ ਆਈਏਐਸ ਸੋਨਲ ਗੋਇਲ ਦੁਆਰਾ ਨੌਜਵਾਨਾਂ ਦੇ ਮਾਰਗਦਰਸ਼ਨ ਲਈ ਲਿਖੀ ਗਈ ਕਿਤਾਬ 'ਨੇਸ਼ਨ ਕਾਲਿੰਗ' ਦਾ ਉਦਘਾਟਨ ਕੀਤਾ ਗਿਆ ਹੈ। ਜਿਸ ਦਾ ਜ਼ਿਕਰ ਉਨ੍ਹਾਂ ਪ੍ਰੋਗਰਾਮ ਦੌਰਾਨ ਕੀਤਾ। ਸੋਨਲ ਦੀ ਕਿਤਾਬ 'ਨੇਸ਼ਨ ਕਾਲਿੰਗ' ਉਨ੍ਹਾਂ ਹਜਾਰਾਂ ਨੌਜਵਾਨਾਂ ਲਈ ਹੈ, ਜਿਨ੍ਹਾਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਬਿਹਤਰ ਮਾਰਗਦਰਸ਼ਨ ਦੀ ਲੋੜ ਹੈ। ਸੋਨਲ ਨੇ ਆਪਣੇ ਟੀਚਿਆਂ ਅਤੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲਣ ਲਈ ਨੌਜਵਾਨਾਂ ਨਾਲ ਆਪਣਾ ਇੱਕ ਗੁਰਮੰਤਰ ਵੀ ਸਾਂਝਾ ਕੀਤਾ। ਸੋਨਲ ਨੌਜਵਾਨਾਂ ਲਈ ਰੋਲ ਮਾਡਲ ਵਜੋਂ ਜਾਣੀ ਜਾਂਦੀ ਹੈ। ਸੋਸਲ ਮੀਡੀਆ 'ਤੇ ਲੱਖਾਂ ਲੋਕ ਖਾਸ ਕਰਕੇ ਨੌਜਵਾਨ ਉਸ ਨੂੰ ਫਾਲੋ ਕਰਦੇ ਹਨ। ਲਗਭਗ ਇੱਕ ਦਹਾਕੇ ਤੋਂ, ਸੋਨਲ ਸਿਵਲ ਸੇਵਾਵਾਂ ਵਿੱਚ ਸ਼ਾਮਲ ਹੋਣ ਦੇ ਚਾਹਵਾਨ ਉਮੀਦਵਾਰਾਂ ਲਈ ਇੱਕ ਮਾਰਗਦਰਸ਼ਕ ਦੀ ਭੂਮਿਕਾ ਨਿਭਾ ਰਹੀ ਹੈ। ਪ੍ਰੋਗਰਾਮ ਦੇ ਅੰਤ ਵਿੱਚ ਸੋਨਲ ਗੋਇਲ ਨੇ ਉੱਥੇ ਮੌਜੂਦ ਕਈ ਵਿਦਿਆਰਥੀਆਂ ਨੂੰ ਨਾ ਸਿਰਫ ਕਿਤਾਬ ਦੇ ਆਟੋਗ੍ਰਾਫ ਦਿੱਤੇ ਸਗੋਂ ਉਨ੍ਹਾਂ ਨਾਲ ਆਪਣੀ ਫੋਟੋ ਵੀ ਕਲਿੱਕ ਕਰਵਾਈ। ਯੂਨੀਵਰਸਿਟੀ ਅਤੇ ਇਸ ਦੇ ਵਿਦਿਆਰਥੀਆਂ ਦੀ ਪ੍ਰਸ਼ੰਸਾ ਕਰਦਿਆਂ ਸੋਨਲ ਨੇ ਉਨ੍ਹਾਂ ਨੂੰ ਜ਼ਿੰਦਗੀ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕੀਤਾ ਅਤੇ ਉਨ੍ਹਾਂ ਨੂੰ ਵਿਕਸਤ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਦਾ ਸੱਦਾ ਵੀ ਦਿੱਤਾ।



4-DEC-PAGE-10.qxd 12/3/2023 8:54 PM Page 1



# ਜਥੇਬੰਦੀਆਂ ਵੱਲੋਂ 6 ਨੂੰ ਮੁੱਖ ਮੰਤਰੀ ਦੀ ਰਿਹਾਇਸ਼ ਦੇ ਘਿਰਾਓ ਦੇ ਸੱਦੇ ਨੂੰ ਸਫਲ ਬਣਾਉਣ ਲਈ ਪਿੰਡਾਂ 'ਚ ਲਾਮਬੰਦੀ



ਨਰੇਗਾ ਵਰਕਰਾਂ ਨਾਲ ਅੰਬੇਡਕਰ ਮਜ਼ਦੂਰ ਚੇਤਨਾ ਮੰਚ ਦੇ ਕਨਵੀਨਰ ਕਰਨੈਲ ਸਿੰਘ ਨੀਲੋਵਾਲ ਅਤੇ ਕੈਪਟਨ ਹਰਭਜਨ ਸਿੰਘ।

**ਦਿੜ੍ਹਬਾ (ਜਸਵੀਰ ਲਾਡੀ)**

ਪੰਜਾਬ ਦੀਆਂ 27 ਐਸ ਸੀ/ਬੀ ਸੀ ਮੁਲਾਜ਼ਮ ਅਤੇ ਸਮਾਜਿਕ ਜਥੇਬੰਦੀਆਂ ਵੱਲੋਂ ਛੇ ਦਸੰਬਰ ਨੂੰ ਡਾਕਟਰ ਭੀਮ ਰਾਓ ਅੰਬੇਡਕਰ ਦੇ ਪ੍ਰੀਨਿਰਵਾਣ ਦਿਵਸ ਤੇ ਸੰਵਿਧਾਨਕ ਹੱਕਾਂ ਦੀ ਪ੍ਰਾਪਤੀ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਦੇ ਘਿਰਾਓ ਦੇ ਸੱਦੇ ਨੂੰ ਸਫਲ ਬਣਾਉਣ ਲਈ ਪਿੰਡਾਂ 'ਚ ਵੱਡੇ ਪੱਧਰ 'ਤੇ ਲਾਮਬੰਦੀ ਕੀਤੀ ਜਾ ਰਹੀ ਹੈ। ਬੀਤੇ ਦਿਨੀਂ ਅੰਬੇਡਕਰ ਮਜ਼ਦੂਰ ਚੇਤਨਾ ਮੰਚ ਪੰਜਾਬ ਦੇ ਕਨਵੀਨਰ ਕਰਨੈਲ ਸਿੰਘ ਨੀਲੋਵਾਲ ਅਤੇ ਕੈਪਟਨ ਹਰਭਜਨ ਸਿੰਘ ਨੇ ਛਾਜਲੀ, ਗੋਬਿੰਦਗੜ੍ਹ ਜੇਜੀਆਂ, ਖੋਖਰ ਅਤੇ ਨੀਲੋਵਾਲ ਆਦਿ ਪਿੰਡਾਂ ਦੇ ਨਰੇਗਾ ਵਰਕਰਾਂ ਕੋਲ ਪਹੁੰਚ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਨੁਸੂਚਿਤ ਜਾਤੀ ਤੇ ਪਛੜਾ ਵਰਗ ਸਮਾਜ ਦੇ ਕਿਰਤੀਆਂ, ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਵਿਦਿਆਰਥੀਆਂ ਦੀਆਂ ਸੰਵਿਧਾਨਕ ਮੰਗਾਂ ਨੂੰ ਜਾਣਬੁੱਝ ਕੇ ਅਣਗੌਲਿਆਂ ਕਰ ਰਹੀ ਹੈ, ਜਿਸ ਕਾਰਨ ਉਕਤ ਵਰਗ ਅੰਦਰ ਸੂਬਾ ਸਰਕਾਰ ਖ਼ਿਲਾਫ ਭਾਰੀ ਰੋਸ ਹੈ। ਉਨ੍ਹਾਂ ਕਿਹਾ ਕਿ ਦੇਸ਼ 'ਚ ਪਹਿਲੀ ਵਾਰ ਹੋਇਆ ਹੈ ਕਿ ਦੀਵਾਲੀ ਵਰਗੇ ਪ੍ਰਸਿੱਧ ਤਿਉਹਾਰ 'ਤੇ ਵੀ ਸਰਕਾਰ ਮੁਲਾਜ਼ਮਾਂ ਨੂੰ ਡੀ.ਏ. ਦੀ ਕਿਸ਼ਤ ਦੇਣ ਤੋਂ ਅਸਮਰਥ ਰਹੀ ਹੈ। ਕੇਂਦਰ ਨਾਲੋਂ 12 ਪ੍ਰਤੀਸ਼ਤ ਡੀ ਏ ਪਹਿਲਾਂ ਹੀ ਘੱਟ ਮਿਲਦਾ ਹੈ। ਸਾਲਾਨਾ ਬਜਟ 'ਚ ਆਬਾਦੀ ਅਨੁਸਾਰ ਐਸ. ਸੀ. ਲਈ 40 ਫੀਸਦੀ ਅਤੇ ਬੀ. ਸੀ. ਲਈ 22 ਫੀਸਦੀ ਰਾਖਵਾਂ ਬਜਟ ਰੱਖਣਾ, ਜਾਅਲੀ ਐਸ. ਸੀ. ਸਰਟੀਫਿਕੇਟ ਬਣਾ ਕੇ ਨੌਕਰੀਆਂ ਲੈਣ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਕਰਨਾ, 15-07-2021 ਦਾ ਪੱਤਰ ਰੱਦ ਕਰਨਾ ਆਦਿ ਲਟਕ ਰਹੀਆਂ ਮੰਗਾਂ ਵੱਲ ਕੋਈ ਧਿਆਨ ਨਾ ਦੇਣ ਦੇ ਰੋਸ ਵਜੋਂ 6 ਦਸੰਬਰ ਨੂੰ ਮੁੱਖ ਮੰਤਰੀ ਖ਼ਿਲਾਫ ਦਿੱਤੇ ਜਾ ਧਰਨੇ 'ਚ ਵੱਡੀ ਪੱਧਰ 'ਤੇ ਲੋਕ ਸ਼ਮੂਲੀਅਤ ਕਰਨਗੇ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੰਧਾਵਾ ਦੇ ਵਿਦਿਆਰਥੀਆਂ ਨੇ ਕੀਤਾ ਉਦਯੋਗਿਕ ਦੌਰਾ

**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੰਧਾਵਾ, ਫਤਹਿਗੜ੍ਹ ਸਾਹਿਬ ਦੇ ਵਿਦਿਆਰਥੀਆਂ ਨੇ ਨੈਸ਼ਨਲ ਸਕਿੱਲ ਕੁਆਲੀਫਿਕੇਸ਼ਨ ਫਰੇਮਵਰਕ ਸਕੀਮ ਅਧੀਨ ਮਾਤਾ ਗੁਜਰੀ ਕਾਲਜ, ਫਤਹਿਗੜ੍ਹ ਸਾਹਿਬ ਦੇ ਖੇਤੀਬਾੜੀ ਫਾਰਮ ਦਾ ਉਦਯੋਗਿਕ ਦੌਰਾ ਕੀਤਾ। ਸਕੂਲ ਦੇ ਪ੍ਰਿੰਸੀਪਲ ਨਰਿੰਦਰ ਕੌਰ ਨੇ ਕਾਲਜ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਅਤੇ ਖੇਤੀਬਾੜੀ ਵਿਭਾਗ ਦੇ ਸਟਾਫ ਦਾ ਉਨ੍ਹਾਂ ਦੇ ਸਕੂਲ ਦੇ ਵਿਦਿਆਰਥੀਆਂ ਨੂੰ ਖੇਤੀਬਾੜੀ ਨਾਲ ਸਬੰਧਤ ਉਚੇਰੀ ਵਿੱਦਿਆ ਦੇ ਵਿਕਲਪਾਂ ਅਤੇ ਖੇਤੀਬਾੜੀ ਨਾਲ ਜੁੜੇ ਸਹਾਇਕ ਧੰਦਿਆਂ ਬਾਰੇ ਜਾਣੂ ਕਰਵਾਉਣ ਲਈ ਧੰਨਵਾਦ ਕਰਦਿਆਂ ਕਿਹਾ ਕਿ ਇਹ ਉਦਯੋਗਿਕ ਦੌਰਾ ਸਕੂਲ ਦੇ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਰਿਹਾ ਹੈ। ਡਾ. ਕਸ਼ਮੀਰ ਸਿੰਘ ਨੇ ਦੱਸਿਆ ਕਿ ਕਾਲਜ ਵਿਖੇ ਬੀ.ਐਸ.ਸੀ. ਆਨਰਜ਼ ਐਗਰੀਕਲਚਰ ਦੇ ਕੋਰਸ ਵਿੱਚ 120 ਸੀਟਾਂ ਹਨ ਜੋ ਪਿਛਲੇ ਲੰਮੇ ਸਮੇਂ ਤੋਂ ਸਫਲਤਾਪੂਰਵਕ ਚੱਲ ਰਿਹਾ



ਹੈ। ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਦੱਸਿਆ ਕਿ ਪਿਛਲੇ ਕੁਝ ਦਿਨਾਂ ਤੋਂ ਵੱਖ-ਵੱਖ ਨਾਮਵਰ ਸਕੂਲਾਂ ਦੇ ਪ੍ਰਬੰਧਕਾਂ ਨੇ ਆਪਣੇ ਵਿਦਿਆਰਥੀਆਂ ਨੂੰ ਉਚੇਰੀ ਵਿੱਦਿਆ ਸਬੰਧੀ ਜਾਣਕਾਰੀ ਦਿਵਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਉੱਚਕੋਟੀ ਦੇ ਵਿੱਦਿਅਕ ਅਦਾਰੇ ਮਾਤਾ ਗੁਜਰੀ ਕਾਲਜ ਦੀ ਚੋਣ ਕੀਤੀ ਹੈ ਜੋ ਕਿ ਸਾਡੇ ਲਈ ਮਾਣ ਵਾਲੀ ਗੱਲ ਹੈ। ਖੇਤੀਬਾੜੀ ਵਿਭਾਗ ਦੇ ਮੁਖੀ ਡਾ. ਸੰਦੀਪ ਕੁਮਾਰ ਸਿੰਘ ਨੇ ਇਸ ਉਦਯੋਗਿਕ ਦੌਰੇ ਦੌਰਾਨ ਸਕੂਲ ਦੇ ਵਿਦਿਆਰਥੀਆਂ ਨੂੰ ਖੇਤੀਬਾੜੀ ਨਾਲ ਸਬੰਧਤ ਉਪਯੋਗੀ ਸੰਦਾਂ, ਡ੍ਰਿਪ ਸਿੰਚਾਈ, ਮੌਸਮ ਨਿਰੀਖਣ ਸ਼ਾਲਾ, ਵਰਮੀ ਕੰਪੋਸਟ, ਆਰਗੈਨਿਕ ਫਾਰਮਿੰਗ, ਸੌਇਲ ਸੈਂਪਲਿੰਗ, ਪੌਲੀ ਹਾਊਸ ਅਧੀਨ ਸਬਜ਼ੀਆਂ ਦੀ ਕਾਸ਼ਤ, ਵਿਗਿਆਨਕ ਤਰੀਕੇ ਨਾਲ ਫਲ, ਫੁੱਲਾਂ ਅਤੇ ਸਬਜ਼ੀਆਂ ਦੀ ਖੇਤੀ ਅਤੇ ਪਰਾਲੀ ਨੂੰ ਅੱਗ ਲਗਾਉਣ ਤੋਂ ਬਚਾਉਣ ਲਈ ਸੁਪਰਸੀਡਰ ਦੀ ਵਰਤੋਂ ਸਬੰਧੀ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕੀਤੀ ਗਈ। ਸਕੂਲ ਦੇ ਅਧਿਆਪਕ ਕਮਲਦੀਪ ਸਿੰਘ ਅਤੇ ਮੈਡਮ ਪ੍ਰੇਮੋ ਬਾਈ ਨੇ ਦੱਸਿਆ ਕਿ ਇਹ ਦੌਰਾ ਉਨ੍ਹਾਂ ਦੇ ਵਿਦਿਆਰਥੀਆਂ ਲਈ ਜਾਣਕਾਰੀ ਭਰਪੂਰ ਰਿਹਾ ਹੈ। ਇਸ ਮੌਕੇ ਕਾਲਜ ਦੇ ਖੇਤੀਬਾੜੀ ਵਿਭਾਗ ਦੇ ਡਾ. ਹੇਮਰਾਜ, ਡਾ. ਨਿਕੇਸ਼, ਇੰਜੀ. ਅਮਿਤ ਮਿਸਰਾ, ਪ੍ਰੋ. ਪੂਨਮ ਅਤੇ ਪ੍ਰੋ. ਤਲਵਿੰਦਰ ਸਿੰਘ ਆਦਿ ਹਾਜ਼ਰ ਸਨ।

## ਸਰਕਾਰੀ ਕੰਨਿਆ ਸ. ਸ. ਸਕੂਲ ਮਹਿਰਾਜ ਵੱਲੋਂ ਏਡਜ਼ ਦਿਵਸ 'ਤੇ ਜਾਗਰੂਕਤਾ ਰੈਲੀ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਰਘਵੀਰ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਸਕੂਲ ਪ੍ਰਿੰਸੀਪਲ ਗੀਤਾ ਅਰੋੜਾ ਦੀ ਅਗਵਾਈ ਹੇਠ ਅਤੇ ਐੱਨਐੱਸਐੱਸ ਯੂਨਿਟ ਵੱਲੋਂ ਪ੍ਰੋਗਰਾਮ ਅਫਸਰ ਮੋਹਿਤ ਭੰਡਾਰੀ ਦੀ ਨਿਗਰਾਨੀ ਹੇਠ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਹਿਰਾਜ ਵੱਲੋਂ ਏਡਜ਼ ਦੀ ਬਿਮਾਰੀ ਤੋਂ ਬਚਾਅ ਲਈ ਇੱਕ ਜਾਗਰੂਕਤਾ ਰੈਲੀ ਕੱਢੀ ਗਈ। ਪ੍ਰਿੰਸੀਪਲ ਗੀਤਾ ਅਰੋੜਾ ਨੇ ਰੈਲੀ ਨੂੰ ਝੰਡੀ ਦੇ ਕੇ ਰਵਾਨਾ ਕੀਤਾ। ਇਹ ਰੈਲੀ ਨਗਰ ਮਹਿਰਾਜ ਦੇ ਬਾਜ਼ਾਰਾਂ ਵਿੱਚੋਂ ਹੋ ਕੇ ਸਕੂਲ ਵਾਪਿਸ ਪਹੁੰਚੀ। ਸਕੂਲ ਦੇ ਸਾਇੰਸ ਅਧਿਆਪਕ ਪਰਮਿੰਦਰਜੀਤ ਕੌਰ ਅਤੇ ਮੋਨਿਕਾ ਗੁਪਤਾ ਨੇ ਬੱਚਿਆਂ ਨੂੰ ਏਡਜ਼ ਦੇ ਕਾਰਨਾਂ ਅਤੇ ਬਚਾਅ ਸਬੰਧੀ ਵਿਸਥਾਰ ਨਾਲ ਜਾਣੂ ਕਰਵਾਇਆ। ਸਮਾਪਤੀ 'ਤੇ ਬੱਚਿਆਂ ਨੂੰ ਐੱਨਐੱਸਐੱਸ ਯੂਨਿਟ ਵੱਲੋਂ ਰਿਫਰੈਸ਼ਮੈਂਟ ਦਿੱਤੀ ਗਈ।

## ਓਮ ਪ੍ਰਕਾਸ਼ ਨੂੰ ਸੇਵਾ ਮੁਕਤੀ 'ਤੇ ਵਿਦਾਇਗੀ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪੰਜਾਬ ਪੁਲਸ ਵਿੱਚ ਲੰਬਾ ਸਮਾਂ ਬਤੌਰ ਵਾਇਰਲੈਸ ਆਪਰੇਟਰ ਸੇਵਾਵਾਂ ਨਿਭਾਉਣ ਵਾਲੇ ਓਮ ਪ੍ਰਕਾਸ਼ ਸੇਵਾ ਮੁਕਤ ਹੋ ਗਏ। ਆਪਣੀ ਸਰਵਿਸ ਦਾ ਲੰਮਾ ਸਮਾਂ ਸਬ ਡਵੀਜ਼ਨ ਪਾਤੜਾਂ ਥਾਣਾ ਸਦਰ ਪਾਤੜਾਂ ਵਿਖੇ ਇਮਾਨਦਾਰੀ ਅਤੇ ਤਨਦੇਹੀ ਨਾਲ ਡਿਊਟੀ ਨਿਭਾਉਣ ਵਾਲੇ ਓਮ ਪ੍ਰਕਾਸ਼ ਇੰਸਪੈਕਟਰ ਦਾ ਰੈਂਕ ਲੈ ਕੇ ਥਾਣਾ ਘੱਗਾ ਤੋਂ ਸੇਵਾ ਮੁਕਤ ਹੋਏ ਹਨ। ਉਨ੍ਹਾਂ ਦੀ ਸੇਵਾ ਮੁਕਤੀ ਮੌਕੇ ਥਾਣਾ ਘੱਗਾ ਦੇ ਸਮੂਹ ਸਾਥੀ ਕਰਮਚਾਰੀਆਂ ਨੇ ਸ਼ਾਨਦਾਰ ਵਿਦਾਇਗੀ ਦਿੱਤੀ। ਇਸ ਦੌਰਾਨ ਥਾਣਾ ਮੁਖੀ ਘੱਗਾ ਇੰਸਪੈਕਟਰ ਅਮਨਪਾਲ ਸਿੰਘ ਵਿਰਕ ਨੇ ਕਿਹਾ ਕਿ ਇੱਕ ਮੁਲਾਜ਼ਮ ਦੀ ਜ਼ਿੰਦਗੀ ਵਿੱਚ ਸੇਵਾ ਮੁਕਤੀ ਦੇ ਪਲ ਉਸ ਦੀ ਜ਼ਿੰਦਗੀ ਦੇ ਸਭ ਤੋਂ ਅਹਿਮ ਪਲਾਂ ਵਿੱਚ ਹੁੰਦੇ ਹਨ ਜਦੋਂ ਉਹ ਆਪਣੇ ਵਿਭਾਗ ਵਿੱਚ ਸੇਵਾ ਨਿਭਾ ਕੇ ਰੁਖ਼ਸਤ ਹੁੰਦਾ ਹੈ। ਉਨ੍ਹਾਂ ਬਤੌਰ ਇੰਸਪੈਕਟਰ ਸੇਵਾ ਮੁਕਤ ਹੋਏ ਓਮ ਪ੍ਰਕਾਸ਼ ਨੂੰ ਮੁਬਾਰਕਬਾਦ ਦਿੰਦਿਆਂ ਉਨ੍ਹਾਂ ਦੀ ਰਹਿੰਦੇ ਪਲ ਸੁਖਾਵੇਂ ਹੋਣ ਦੀ ਕਾਮਨਾ ਕੀਤੀ।

# ਵੱਖ-ਵੱਖ ਸੂਬਿਆਂ ਵੱਲੋਂ ਸੱਭਿਆਚਾਰਕ ਪੇਸ਼ਕਾਰੀਆਂ





**ਲਹਿਰਾਗਾਗਾ (ਪਵਨ ਸ਼ਰਮਾ)**-ਇੱਥੇ ਸੀਬਾ ਕੈਂਪਸ ਵਿੱਚ ਚੱਲ ਰਿਹਾ ਦੇਸ਼ ਪੱਧਰੀ ਬਾਲ-ਮੇਲਾ ਰਾਸ਼ਟਰੀ ਬਾਲ ਆਨੰਦ ਮਹਾਂਉਤਸਵ-2023 ਸਫਲਤਾਪੂਰਵਕ ਅਮਿੱਟ ਯਾਦਾਂ ਛੱਡਦਿਆਂ ਸੰਪੰਨ ਹੋ ਗਿਆ। ਪੰਜਵੇ ਦਿਨ ਨੂੰ ਯਾਦਗਾਰੀ ਬਣਾਉਂਦਿਆਂ 20 ਸੂਬਿਆਂ ਦੀਆਂ ਟੀਮਾਂ ਨੇ ਡਾ. ਐਸ. ਐਨ. ਸੂਬਾ ਰਾਓ ਨੂੰ ਸਮਰਪਤ ਕੀਤੇ ਬਲਾਕ ਚ ਪੌਦੇ ਲਾਏ। ਕੇਰਲਾ ਦੀ ਟੀਮ ਪੰਜਾਬ ਦੀ ਮਿੱਟੀ ਯਾਦਗਾਰ ਵਜੋਂ ਲੈ ਕੇ ਗਈ। ਅੰਤਿਮ ਸੈਸ਼ਨ ਦੌਰਾਨ ਹਰਿਆਣਾ, ਮੱਧ ਪ੍ਰਦੇਸ਼, ਕੇਰਲਾ, ਮਹਾਰਾਸ਼ਟਰ, ਬਿਹਾਰ, ਉਤਰਾਖੰਡ, ਹਿਮਾਚਲ ਪ੍ਰਦੇਸ਼, ਦਿੱਲੀ, ਰਾਜਸਥਾਨ, ਪੱਛਮੀ ਬੰਗਾਲ ਅਤੇ ਆਂਧਰਾ ਪ੍ਰਦੇਸ਼ ਦੀਆਂ ਟੀਮਾਂ ਨੇ ਆਪਣੀਆਂ ਸੱਭਿਆਚਾਰਕ ਪੇਸ਼ਕਾਰੀਆਂ ਰਾਹੀਂ ਚੰਗਾ ਰੰਗ ਬੰਨ੍ਹਿਆ। ਨੈਸ਼ਨਲ ਯੂਥ ਪ੍ਰੋਜੈਕਟ ਦੇ ਫਾਊਂਡਰ ਟਰੱਸਟੀ ਰਣ ਸਿੰਘ ਪਰਮਾਰ ਨੇ ਕਿਹਾ ਕਿ ਡਾ. ਸੂਬਾ ਰਾਓ ਦੇ ਵਿਛੋੜੇ ਤੋ ਬਾਅਦ ਦੇਸ਼ ਪੱਧਰੀ ਬਾਲ-ਮੇਲੇ ਦਾ ਆਯੋਜਨ ਚੁਣੌਤੀ ਭਰਿਆ ਸੀ, ਪ੍ਰੰਤੂ ਜਿਸ ਤਰ੍ਹਾਂ ਪੰਜਾਬ ਨੇ ਮੇਜ਼ਬਾਨੀ ਕਰਕੇ ਇਸ ਬਾਲ-ਮੇਲੇ ਨੂੰ ਯਾਦਗਾਰੀ ਬਣਾਇਆ ਹੈ, ਅਸੀਂ ਡਾ. ਸੂਬਾ ਰਾਓ ਦੇ ਮਿਸ਼ਨ ਨੂੰ ਜਾਰੀ ਰੱਖਾਂਗੇ। ਮਹਾਰਾਸ਼ਟਰ ਤੋਂ ਆਏ ਭਾਰਤ ਕੀ ਸੰਤਾਨ ਪ੍ਰੋਗਰਾਮ ਦੇ ਨਿਰਦੇਸ਼ਕ ਨਰਿੰਦਰ ਵਾਂਗਾਓਕਰ ਨੇ ਕਿਹਾ ਕਿ ਨਵੀਂ ਪੀੜ੍ਹੀ ਅੰਦਰ ਨਰੋਏ ਵਿਚਾਰਾਂ ਦੇ ਪਸਾਰ ਲਈ ਅਜਿਹੇ ਬਾਲ-ਮੇਲਿਆਂ ਦਾ ਆਯੋਜਨ ਜਾਰੀ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਤੋਂ ਮਿਲਿਆ ਪਿਆਰ ਉਨ੍ਹਾਂ ਅੰਦਰ ਊਰਜਾ ਦਾ ਸੰਚਾਰ ਕਰਦਾ ਹੈ। ਇਸ ਦੌਰਾਨ ਨੈਸ਼ਨਲ ਯੂਥ ਪ੍ਰੋਜੈਕਟ ਅਤੇ ਸੀਬਾ ਵੱਲੋਂ ਪ੍ਰਕਾਸ਼ਿਤ ਵਿਸ਼ੇਸ਼ ਸੋਵੀਨਾਰ ਵੀ ਰਿਲੀਜ਼ ਕੀਤਾ ਗਿਆ। ਸੀਬਾ ਅਤੇ ਬਾਲ-ਮੇਲੇ ਦੇ ਪ੍ਰਬੰਧਕ ਕੰਵਲਜੀਤ ਸਿੰਘ ਢੀਂਡਸਾ ਨੇ ਬੱਚਿਆਂ ਨੂੰ ਸੰਬੋਧਨ ਕੀਤਾ। ਇਸ ਮੌਕੇ ਧਰਮਿੰਦਰ ਕੁਮਾਰ, ਵਿਨੈ ਗੁਪਤਾ, ਐਲ ਐਨ ਤਿਆਗੀ, ਆਰ ਐਸ ਅਗਰਵਾਲ, ਸੁਬੀਰ ਕੁਮਾਰ, ਸੁਨੀਤੀ ਬੈਨਰਜੀ, ਮਨੋਜ ਕੁਮਾਰ, ਮਹਿਰੂਫ ਮੁਹੰਮਦ, ਸਾਗਰ ਰੋਕੜੇ, ਹਰਦੇਵ ਗਾਰੂ, ਮਮਤਾ ਸ਼ਰਮਾ, ਨੀਲ ਸਾਂਗਵਾਨ, ਕੇ ਵੀ ਭਾਰਗਵ, ਰਾਜੇਸ਼ ਗਿਰੀ, ਪ੍ਰਦੀਪ ਮਾਪਕਰ, ਅਤੇ ਸ਼ੀਤਲ ਜੈਨ ਨੂੰ ਪ੍ਰਬੰਧਕਾਂ ਨੇ ਸਨਮਾਨਤ ਕੀਤਾ।

# ਪਿੰਡਾਂ ਨੂੰ ਓ ਡੀ ਐੱਫ ਪਲੱਸ ਘੋਸ਼ਿਤ ਕਰਨ ਦੀ ਪ੍ਰਗਤੀ ਸੰਬੰਧੀ ਵਿਸ਼ੇਸ਼ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਡਾ. ਰੂਹੀ ਦੁੱਗ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਦੀ ਪ੍ਰਧਾਨਗੀ ਹੇਠ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਫੇਜ਼-2 ਪਿੰਡਾਂ ਨੂੰ ਓ.ਡੀ.ਐਫ.ਪਲੱਸ ਘੋਸ਼ਿਤ ਕਰਨ ਦੀ ਪ੍ਰਗਤੀ ਸਬੰਧੀ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਮੀਟਿੰਗ ਵਿੱਚ ਮਨਮੋਹਨ ਸਿੰਘ ਰੰਧਾਵਾ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਮੁਕਤਸਰ ਸਾਹਿਬ, ਕਾਰਜਕਾਰੀ ਇੰਜੀਨੀਅਰ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਐਸ.ਡੀ.ਓ. ਪੰਚਾਇਤੀ ਰਾਜ ਅਤੇ ਜ਼ਿਲ੍ਹਾ ਸੈਨੀਟੇਸ਼ਨ ਸੈੱਲ ਸ੍ਰੀ ਮੁਕਤਸਰ ਸਾਹਿਬ ਅਤੇ ਬਲਾਕ ਵਿਕਾਸ ਪੰਚਾਇਤ ਅਫਸਰ ਮੁਕਤਸਰ, ਗਿੱਦੜਬਾਹਾ, ਮਲੋਟ ਅਤੇ ਲੰਬੀ ਹਾਜ਼ਰ ਸਨ। ਡਿਪਟੀ ਕਮਿਸ਼ਨਰ ਨੇ ਸਬੰਧਤ ਵਿਕਾਸ ਏਜੰਸੀਆਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਆਪਸੀ ਤਾਲਮੇਲ ਨਾਲ ਸੋਲਿਡ ਵੇਸਟ ਅਤੇ ਲਿਕੁਇਡ ਵੇਸਟ ਅਧੀਨ ਚੱਲ ਰਹੇ ਵਿਕਾਸ ਕੰਮਾਂ ਨੂੰ ਨਿਸ਼ਚਤ ਮਿਤੀ ਤੱਕ ਮੁਕੰਮਲ ਕਰਨ ਅਤੇ ਜ਼ਿਲ੍ਹੇ ਵਿਚ 75 ਪ੍ਰਤੀਸ਼ਤ ਪਿੰਡਾਂ ਨੂੰ ਓ.ਡੀ.ਐਫ. ਪਲਸ ਕਰਨ ਦਾ ਟੀਚਾ ਪ੍ਰਾਪਤ ਕਰਨ ਤਾਂ ਜੋ ਸਰਕਾਰੀ ਸਕੀਮਾਂ ਦਾ ਲੋਕਾਂ ਨੂੰ ਫਾਇਦਾ ਮਿਲ ਸਕੇ। ਮੀਟਿੰਗ ਵਿਚ ਕਾਰਜਕਾਰੀ ਇੰਜੀਨੀਅਰ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਨੇ ਦੱਸਿਆ ਕਿ ਜ਼ਿਜ਼ਲ੍ਹੇ ਦੇ 231 ਨੰਬਰ ਪਿੰਡਾਂ ਵਿਚੋਂ 137 ਨੰਬਰ ਪਿੰਡਾਂ ਨੂੰ ਓ.ਡੀ.ਐਫ. ਪਲਸ ਘੋਸ਼ਿਤ ਕੀਤਾ ਜਾ ਚੁੱਕਾ ਹੈ, ਜਿਸ ਵਿੱਚੋਂ 71 ਨੰਬਰ ਪਿੰਡ ਲਿਕੁਇਡ ਵੇਸਟ ਮੈਨੇਜਮੈਂਟ ਅਧੀਨ ਅਤੇ 66 ਨੰਬਰ ਪਿੰਡ ਸੋਲਿਡ ਵੇਸਟ ਮੈਨੇਜਮੈਂਟ ਅਧੀਨ ਕਵਰ ਕੀਤੇ ਗਏ ਹਨ। ਮੀਟਿੰਗ ਦੌਰਾਨ ਐਸ.ਡੀ.ਓ. ਪੰਚਾਇਤੀ ਰਾਜ ਵੱਲੋਂ ਦੱਸਿਆ ਗਿਆ ਕਿ ਲਿਕੁਇਡ ਵੇਸਟ ਮੈਨੇਜਮੈਂਟ ਅਧੀਨ 15 ਨੰਬਰ ਪਿੰਡਾਂ ਦਾ ਕੰਮ ਪ੍ਰਗਤੀ ਅਧੀਨ ਹੈ, ਜਿਨ੍ਹਾਂ ਵਿਚੋਂ 6 ਨੰਬਰ ਪਿੰਡਾਂ ਦਾ ਕੰਮ 5 ਦਸੰਬਰ ਤੱਕ ਮੁਕੰਮਲ ਕਰ ਲਿਆ ਜਾਵੇਗਾ। ਇਸ ਤੋਂ ਇਲਾਵਾ ਬੀ.ਡੀ.ਪੀ.ਓ. ਲੰਬੀ ਨੇ ਦੱਸਿਆ ਕਿ ਸੋਲਿਡ ਵੇਸਟ ਮੈਨੇਜਮੈਂਟ ਅਧੀਨ 5 ਨੰਬਰ ਪਿੰਡਾਂ ਦਾ ਕੰਮ ਪ੍ਰਗਤੀ ਅਧੀਨ ਹੈ ਜਿਨ੍ਹਾਂ ਵਿਚੋਂ 3 ਪਿੰਡਾਂ ਦਾ ਕੰਮ ਮਿਤੀ 3 ਦਸੰਬਰ ਤੱਕ ਮੁਕੰਮਲ ਕਰ ਲਿਆ ਜਾਵੇਗਾ। ਇਸੇ ਤਰ੍ਹਾ ਬੀ.ਡੀ.ਪੀ.ਓ. ਮਲੋਟ ਨੇ ਦੱਸਿਆ ਕਿ 5 ਪਿੰਡਾਂ ਦਾ ਕੰਮ ਪ੍ਰਗਤੀ ਅਧੀਨ ਹੈ, ਜਿਨ੍ਹਾਂ ਵਿਚੋਂ 3 ਪਿੰਡਾਂ ਦਾ ਕੰਮ 5 ਦਸੰਬਰ ਤੱਕ ਮੁਕੰਮਲ ਕਰ ਲਿਆ ਜਾਵੇਗਾ। ਬੀ.ਡੀ.ਪੀ.ਓ. ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ 10 ਨੰਬਰ ਪਿੰਡਾਂ ਦਾ ਕੰਮ ਪ੍ਰਗਤੀ ਅਧੀਨ ਹੈ, ਜਿਨ੍ਹਾਂ ਵਿਚੋਂ 5 ਨੰਬਰ ਪਿੰਡਾਂ ਦਾ ਕੰਮ ਮਿਤੀ 4 ਦਸੰਬਰ ਤੱਕ ਪੂਰਾ ਕਰ ਲਿਆ ਜਾਵੇਗਾ। ਬੀ.ਡੀ.ਪੀ.ਓ. ਗਿੱਦੜਬਾਹਾ ਨੇ ਦੱਸਿਆ ਕਿ 5 ਨੰਬਰ ਪਿੰਡਾਂ ਦਾ ਕੰਮ ਪ੍ਰਗਤੀ ਅਧੀਨ ਹੈ ਅਤੇ 3 ਪਿੰਡਾਂ ਦਾ ਕੰਮ 3 ਦਸੰਬਰ ਤੱਕ ਮੁਕੰਮਲ ਕਰ ਲਿਆ ਜਾਵੇਗਾ।

## ਗੁਰੂ ਕਾਸ਼ੀ ਸਾਹਿਤ ਅਕਾਦਮੀ ਨੇ ਆਨਲਾਈਨ ਕਵੀ ਦਰਬਾਰ ਕਰਵਾਇਆ





**ਸੰਗਤ ਮੰਡੀ (ਰਾਜਦੀਪ ਜੋਸ਼ੀ)**-ਗੁਰੂ ਕਾਸ਼ੀ ਸਾਹਿਤ ਅਕਾਦਮੀ ਦਮਦਮਾ ਸਾਹਿਬ ਰਜਿ: ਪੰਜਾਬ ਵੱਲੋਂ 30 ਨਵੰਬਰ ਪੰਜਾਬੀ ਮਾਹ ਦੇ ਆਖਰੀ ਦਿਨ ਮੌਕੇ ਪੰਜਾਬੀ ਮਾਂ ਬੋਲੀ ਨੂੰ ਸਮਰਪਤ ਸੰਸਥਾਪਕ ਪ੍ਰਧਾਨ ਹਰਗੋਬਿੰਦ ਸਿੰਘ ਸੇਖਪੁਰੀਆ ਦੀ ਪ੍ਰਧਾਨਗੀ ਹੇਠ ਆਨਲਾਈਨ ਪੰਜਾਬੀ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਪ੍ਰੋ. ਬੀਰ ਇੰਦਰ ਸਰਾਂ (ਚੇਅਰਮੈਨ ਕਲਮਾਂ ਦੇ ਰੰਗ ਸਾਹਿਤ ਸਭਾ ਰਜਿ: ਫਰੀਦਕੋਟ), ਪ੍ਰੋ. ਕੇਵਲਜੀਤ ਸਿੰਘ ਕੰਵਲ, ਸਿਕੰਦਰ ਸਿੰਘ ਚੰਦਭਾਨ, ਜਗਦੀਸ਼ ਕੌਰ ਇਲਾਹਾਬਾਦ ਅਤੇ ਕੰਵਰਜੀਤ ਸਿੰਘ ਤੇ ਗਗਨ ਫੂਲ ਨੇ ਕਵੀ ਦਰਬਾਰ ਦਾ ਸੰਚਾਲਨ ਕੀਤਾ। ਹਾਜ਼ਰ ਕਵੀਆਂ ਨੇ ਜਿੱਥੇ ਆਪਣੀ ਆਪਣੀ ਕਵਿਤਾ ਸੁਣਾਈ ਉੱਥੇ ਹੀ ਪੰਜਾਬੀ ਭਾਸ਼ਾ ਨੂੰ ਲੈ ਕੇ ਬਹੁਤ ਸਾਰੀਆਂ ਵਿਚਾਰਾਂ ਵੀ ਹੋਈਆਂ ਅਤੇ ਕਵੀ ਦਰਬਾਰ ਦੇਰ ਰਾਤ ਤੱਕ ਚੱਲਿਆ। ਕਵੀ ਦਰਬਾਰ ਵਿੱਚ ਸ਼ਿਰਕਤ ਕਰਨ ਵਾਲੀਆਂ ਸ਼ਖ਼ਸੀਅਤਾਂ ਨੂੰ ਸਨਮਾਨਤ ਕੀਤਾ ਗਿਆ ਅਤੇ ਅੰਤ 'ਚ ਪ੍ਰਧਾਨ ਨੇ ਸਭਨਾਂ ਦਾ ਧੰਨਵਾਦ ਕੀਤਾ।

## ਦਰਸ਼ਨ ਸਿੰਘ ਦੀ ਸੇਵਾ-ਮੁਕਤੀ 'ਤੇ ਵਿਦਾਇਗੀ ਪਾਰਟੀ ਦਿੱਤੀ



**ਕੋਟਕਪੂਰਾ (ਰਛਪਾਲ ਭੁੱਲਰ)**-ਸਰਕਾਰੀ ਬ੍ਰਿਜਿੰਦਰਾ ਕਾਲਜ ਫਰੀਦਕੋਟ ਵਿਖੇ ਬਤੌਰ ਬੇਲਦਾਰ ਲਗਭਗ 33 ਸਾਲ ਦੀ ਸ਼ਾਨਦਾਰ ਸੇਵਾਵਾਂ ਨਿਭਾਉਣ ਉਪਰੰਤ ਦਰਸ਼ਨ ਸਿੰਘ 30 ਨਵੰਬਰ ਨੂੰ ਸੇਵਾਮੁਕਤ ਹੋ ਗਏ ਹਨ। ਇਸ ਮੌਕੇ ਕਾਲਜ ਦੇ ਸਮੂਹ ਸਟਾਫ ਮੈਂਬਰਾਂ, ਦਰਜਾ ਚਾਰ ਤੇ ਦਰਜਾ ਤਿੰਨ ਮੁਲਾਜ਼ਮਾਂ ਵੱਲੋਂ ਵਿਦਾਇਗੀ ਪਾਰਟੀ ਕੀਤੀ ਗਈ। ਕਾਲਜ ਦੇ ਪ੍ਰਿੰਸੀਪਲ ਰਾਜੇਸ਼ ਕੁਮਾਰ, ਵਾਇਸ ਪ੍ਰਿੰਸੀਪਲ ਮੈਡਮ ਪੂਜਾ ਭੱਲਾ, ਸੇਵਾ ਮੁਕਤ ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ, ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਦੇ ਜ਼ਿਲ੍ਹਾ ਚੇਅਰਮੈਨ ਨਛੱਤਰ ਸਿੰਘ ਭਾਣਾ, ਜਨਰਲ ਸਕੱਤਰ ਬਲਕਾਰ ਸਿੰਘ (ਮੰਡੀ ਬੋਰਡ), ਪ੍ਰੈੱਸ ਸਕੱਤਰ ਗੁਰਪ੍ਰੀਤ ਸਿੰਘ ਸਿੱਧੂ ਨੇ ਆਪਣੇ ਸੰਬੋਧਨ ਵਿੱਚ ਸਾਥੀ ਦਰਸ਼ਨ ਸਿੰਘ ਵੱਲੋਂ ਕਾਲਜ ਅਤੇ ਜਥੇਬੰਦੀ ਪ੍ਰਤੀ ਨਿਭਾਈਆਂ ਸ਼ਾਨਦਾਰ ਸੇਵਾਵਾਂ ਦੀ ਭਰਪੂਰ ਸਲਾਘਾ ਕੀਤੀ ਗਈ ਅਤੇ ਦੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਸਮੂਹ ਸਟਾਫ ਮੈਂਬਰਾਂ ਅਤੇ ਜਥੇਬੰਦੀ ਦੇ ਆਗੂਆਂ ਵੱਲੋਂ ਸਾਨਦਾਰ ਤੋਹਫੇ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

# ਗੁਰਦਾਸਪੁਰ ਰੈਲੀ ਲਈ ਰਵਾਨਾ ਹੋਇਆ 'ਆਪ' ਦਾ ਕਾਫਲਾ



**ਮਖੂ (ਰਛਪਾਲ ਸਿੰਘ ਸੰਧੂ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਲੋਕ ਸਭਾ ਹਲਕਾ ਗੁਰਦਾਸਪੁਰ ਵਿਖੇ ਆਮ ਆਦਮੀ ਪਾਰਟੀ ਦੀ ਹੋ ਰਹੀ ਰੈਲੀ ਵਿਚ ਜਾਣ ਲਈ ਵਿਧਾਨ ਸਭਾ ਹਲਕਾ ਜ਼ੀਰਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਨਰੇਸ਼ ਕਟਾਰੀਆ ਅਤੇ ਸੀਨੀਅਰ ਯੂਥ ਆਗੂ ਸ਼ੰਕਰ ਕਟਾਰੀਆ ਦੀ ਅਗਵਾਈ ਹੇਠ ਦਾਣਾ ਮੰਡੀ ਮਖੂ ਤੋਂ ਵਿਧਾਨ ਸਭਾ ਹਲਕਾ ਜ਼ੀਰਾ ਤੋਂ ਆਮ ਆਦਮੀ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਦਾ ਕਾਫਲਾ ਰਵਾਨਾ ਹੋਇਆ। ਇਸ ਰੈਲੀ ਵਿਚ ਵਿਸ਼ੇਸ਼ ਤੌਰ 'ਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਦਿੱਲੀ ਪਹੁੰਚ ਰਹੇ ਹਨ। ਵਿਧਾਇਕ ਨਰੇਸ਼ ਕਟਾਰੀਆ ਅਤੇ ਯੂਥ ਆਗੂ ਸ਼ੰਕਰ ਕਟਾਰੀਆ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ 'ਚ 'ਆਪ' ਦੀ ਸਰਕਾਰ ਬਣਦਿਆਂ ਹੀ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਇਕ ਇਕ ਕਰਕੇ ਸਾਰੀਆਂ ਗਰੰਟੀਆਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਵਰਿੰਦਰ ਠੁਕਰਾਲ ਸਾਬਕਾ ਪ੍ਰਧਾਨ ਨਗਰ ਪੰਚਾਇਤ ਮਖੂ, ਡਾ. ਰਜੀਵ ਅਹੂਜਾ ਰਵੀ ਸਾਬਕਾ ਐਮ ਸੀ, ਬਲਵੀਰ ਲਹਿਰਾ, ਪਵਨ ਕਟਾਰੀਆ ਯੂਥ ਆਗੂ, ਪ੍ਰਸ਼ਾਂਤ ਕਟਾਰੀਆ ਯੂਥ ਆਗੂ, ਸੰਦੀਪ ਠੁਕਰਾਲ ਬਲਾਕ ਪ੍ਰਧਾਨ, ਸੌਰਵ ਅਹੂਜਾ ਬਲਾਕ ਪ੍ਰਧਾਨ, ਰਣਜੀਤ ਸਿੰਘ ਰਾਣਾ ਬਾਹਰਵਾਲੀ ਆਗੂ 'ਆਪ', ਸ਼ਮਸ਼ੇਰ ਸਿੰਘ ਸ਼ੇਰਾ, ਭੀਮ ਠੁਕਰਾਲ, ਅਜੇ ਕੰਧਾਰੀ, ਵਿਵੇਕ ਮੋਗਾ, ਅਨਿਲ ਧਵਨ ਡੀਸੀ, ਬਰਜਿੰਦਰ ਸਿੰਘ ਖਾਲਸਾ, ਗੁਰਵਿੰਦਰ ਸਿੰਘ ਬੱਬੂ, ਅਰਸ਼ਦੀਪ ਸਿੰਘ, ਬਲਦੇਵ ਸਿੰਘ, ਗੁਰਦਿੱਤ ਸਿੰਘ ਢਿੱਲੋਂ, ਦਲਜੀਤ ਸਿੰਘ ਅਵਾਨ, ਸਾਜਨ ਸਿਕਰੀ, ਨਰੇਸ਼ ਮੋਗਾ, ਇਕਬਾਲ ਸਿੰਘ ਸਹਾਲੀ, ਸਚਿਨ ਬਜਾਜ, ਰਮਨਦੀਪ ਸਿੰਘ ਆਦਿ ਹਾਜ਼ਰ ਸਨ।

## ਏਡਜ਼ ਕੰਟਰੋਲ ਸੁਸਾਇਟੀ ਸੈਂਟਰਲ ਕਲੱਬ ਮੋਗਾ ਵਿਖੇ ਸੈਮੀਨਾਰ

**ਮੋਗਾ (ਅਮਰਜੀਤ ਬੱਬਰੀ)**-ਸ੍ਰੀ ਅਤੁਲ ਕਸਾਨਾ ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੋਗਾ ਦੀ ਅਗਵਾਈ ਹੇਠ ਅਤੇ ਮੈਂਬਰ ਸੱਕਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮਿਤੀ 1 ਦਸੰਬਰ 2023 ਨੂੰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮੋਗਾ ਵੱਲੋਂ ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਸੈਂਟਰਲ ਕਲੱਬ ਮੋਗਾ ਵਿਖੇ ਵਿਸ਼ਵ ਏਡਜ਼ ਦਿਵਸ ਸਬੰਧੀ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ ।ਇਸ ਮੌਕੇ ਰਜੇਸ਼ ਸ਼ਰਮਾ ਪੈਨਲ ਵਕੀਲ ਵੱਲੋਂ ਕਾਨੂੰਨੀ ਅਧਿਕਾਰਾਂ ਬਾਰੇ ਜਾਗਰੂਕ ਕਰਨ ਤੋਂ ਇਲਾਵਾ ਫੀਲਡ ਵਿੱਚ ਜਾ ਕੇ ਕੰਮ ਕਰਨ ਵਾਲੇ ਕਲੱਬਾਂ ਦੇ ਵੱਖਰੇ-ਵੱਖਰੇ ਮੈਂਬਰਾਂ ਨੂੰ ਲੋਕਾਂ ਦੇ ਕਾਨੂੰਨੀ ਅਧਿਕਾਰਾਂ ਬਾਰੇ ਜਾਗਰੂਕ ਕਰਨ ਲਈ ਵੀ ਪ੍ਰੇਰਤ ਕੀਤਾ ਅਤੇ ਏਡਜ਼ ਤੋਂ ਬਚਣ ਦੇ ਤਰੀਕਿਆਂ ਅਤੇ ਇਸ ਦੇ ਮਾੜੇ ਪ੍ਰਭਾਵਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ।ਇਸ ਮੌਕੇ ਦੀਪਕ ਅਰੋੜਾ ਪ੍ਰੋਜੈਕਟ ਮੈਨੇਜਰ, ਪ੍ਰਿਤਪਾਲ ਸਿੰਘ, ਲਖਵੀਰ ਸਿੰਘ ਤੇ ਕਾਉਂਸਲਰ ਮਿਸ ਸ਼ਿਵਾਨੀ ਤੇ ਸੁਮਨ ਹਾਜ਼ਰ ਸਨ।

# ਅਕਾਲ ਅਕੈਡਮੀ ਦੌਲਾ ਵਿਖੇ ਗੁਰਪੁਰਬ ਨੂੰ ਸਮਰਪਤ ਸਮਾਗਮ





**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਕਲਗੀਧਰ ਟਰਸਟ ਬੜੂ ਸਾਹਿਬ ਵੱਲੋਂ ਚਲਾਏ ਜਾ ਰਹੇ ਵਿੱਦਿਅਕ ਅਦਾਰੇ ਅਕਾਲ ਅਕੈਡਮੀ ਦੌਲਾ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਪ੍ਰਿੰਸੀਪਲ ਸੁਖਵਿੰਦਰ ਕੌਰ ਦੀ ਅਗਵਾਈ ਵਿੱਚ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 554ਵੇਂ ਆਗਮਨ ਪੁਰਬ ਨੂੰ ਸਮਰਪਤ ਧਾਰਮਿਕ ਸਮਾਗਮ ਕਰਵਾਏ ਗਏ। ਇਸ ਮੌਕੇ ਅਕਾਲ ਅਕੈਡਮੀ ਵਿਖੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਵੀ ਕੀਤੀ। ਭੋਗ ਉਪਰੰਤ ਅਕਾਲ ਅਕੈਡਮੀ ਦੇ ਬੱਚਿਆਂ ਦੁਆਰਾ ਸ਼ਬਦ ਗਾਇਨ, ਕਵਿਤਾ, ਕਵੀਸ਼ਰੀ, ਕੋਰੀਓਗ੍ਰਾਫੀ, ਪੰਜਾਬੀ, ਹਿੰਦੀ, ਇੰਗਲਿਸ਼ ਡਰਾਮਾ ਅਤੇ ਗਤਕੇ ਦਾ ਸਟੇਜ ਤੇ ਪ੍ਰਦਰਸ਼ਨ ਕੀਤਾ। ਇਸ ਮੌਕੇ ਅਕਾਲ ਅਕੈਡਮੀ ਦੇ ਵਿਦਿਆਰਥੀਆਂ ਵੱਲੋਂ ਵੱਖ ਵੱਖ ਵਿਸ਼ਿਆਂ ਨਾਲ ਸਬੰਧਤ ਅਤੇ ਗੁਰਮਤਿ ਸਬੰਧੀ ਪ੍ਰਦਰਸ਼ਨੀ ਵੀ ਲਗਾਈ ਗਈ। ਇਸ ਮੌਕੇ ਮੈਡਮ ਅਮਨਦੀਪ ਕੌਰ ਅਤੇ ਵਿਦਿਆਰਥਣਾਂ ਵੱਲੋਂ ਸਟੇਜ ਸੰਚਾਲਨ ਦੀ ਭੂਮਿਕਾ ਬਾਖੂਬੀ ਨਿਭਾਈ ਗਈ। ਇਸ ਮੌਕੇ ਅਕੈਡਮੀ ਦੇ ਪੁਰਾਣੇ ਵਿਦਿਆਰਥੀ ਮਨਕੀਰਤ ਕੌਰ, ਭੁਪਿੰਦਰ ਸਿੰਘ ਅਤੇ ਰਾਮ ਸਿੰਘ ਨੇ ਆਪਣੀਆਂ ਯਾਦਾਂ ਨੂੰ ਸੰਗਤ ਨਾਲ ਸਾਂਝਾ ਕੀਤਾ। ਇਸ ਮੌਕੇ ਪ੍ਰਿੰਸੀਪਲ ਸੁਖਵਿੰਦਰ ਕੌਰ ਨੇ ਗੁਰੂ ਜੀ ਵੱਲੋਂ ਦੱਸੇ ਹੋਏ ਸੱਚੇ ਮਾਰਗ 'ਤੇ ਚੱਲਣ ਪ੍ਰੇਰਿਤ ਕੀਤਾ।।

## ਪੰਜਾਬ ਪੱਧਰੀ ਖੇਡਾਂ 'ਚੋਂ ਤੀਸਰਾ ਸਥਾਨ ਪ੍ਰਾਪਤ ਕਰਕੇ ਸਕੂਲ ਪਹੁੰਚਣ 'ਤੇ ਭਰਵਾਂ ਸਵਾਗਤ



**ਸੰਗਤ ਮੰਡੀ (ਰਾਜਦੀਪ ਜੋਸ਼ੀ)**-ਪਟਿਆਲਾ ਵਿੱਚ ਚੱਲੀਆਂ ਪੰਜਾਬ ਪੱਧਰੀ ਖੇਡਾਂ ਵਿੱਚ ਬਠਿੰਡਾ ਜ਼ਿਲ੍ਹੇ ਦੀ ਤਰਫੋਂ ਯੋਗਾ ਲੜਕੀਆਂ ਟੀਮ ਨੇ ਤੀਸਰਾ ਸਥਾਨ ਪ੍ਰਾਪਤ ਕਰਨ ਤੋਂ ਬਆਦ ਅੱਜ ਜਦੋਂ ਆਪਣੇ ਜੱਦੀ ਸਕੂਲ ਸਰਕਾਰੀ ਪ੍ਰਾਇਮਰੀ ਸਕੂਲ ਕਾਲਝਰਾਨੀ ਪਹੁੰਚੇ ਤਾਂ ਸਕੂਲ ਮੁਖੀ ਨਰੇਸ਼ ਕੁਮਾਰ, ਚੇਅਰਮੈਨ ਰਾਜਿੰਦਰ ਕੁਮਾਰ ਅਤੇ ਸਮੂਹ ਸਟਾਫ ਨੇ ਇਨ੍ਹਾਂ ਖਿਡਾਰੀਆਂ ਦੇ ਹਾਰ ਪਾ ਕੇ ਅਤੇ ਮੂੰਹ ਮਿੱਠਾ ਕਰਵਾ ਕੇ ਸਵਾਗਤ ਕੀਤਾ। ਨਰੇਸ਼ ਕੁਮਾਰ ਨੇ ਕਿਹਾ ਕਿ ਇਸ ਜਿੱਤ ਨਾਲ ਇਨ੍ਹਾਂ ਖਿਡਾਰੀਆਂ ਨੇ ਪੰਜਾਬ ਵਿੱਚ ਆਪਣੇ ਜ਼ਿਲ੍ਹੇ ਦਾ, ਮਾਤਾ ਪਿਤਾ ਦਾ ਅਤੇ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ। ਇਨ੍ਹਾਂ ਖਿਡਾਰੀਆਂ 'ਤੇ ਸਾਨੂੰ ਹਮੇਸ਼ਾ ਮਾਣ ਰਹੇਗਾ। ਉਨ੍ਹਾਂ ਨੇ ਖਿਡਾਰੀਆਂ ਦੀ ਤਿਆਰੀ ਕਰਵਾਉਣ ਵਾਲੇ ਮਾਸਟਰ ਜਗਪ੍ਰੀਤ ਸਿੰਘ ਨੂੰ ਵੀ ਵਧਾਈ ਦਿੱਤੀ। ਇਸ ਮੌਕੇ ਮੈਡਮ ਸੁਖਵਿੰਦਰ ਕੌਰ, ਪਰਮਜੀਤ ਕੌਰ, ਲਖਵੀਰ ਕੌਰ, ਅਮਨਦੀਪ ਕੌਰ, ਹਰਮਨਦੀਪ ਕੌਰ ਅਤੇ ਮਾਸਟਰ ਵਿਜੈ ਕੁਮਾਰ ਹਾਜ਼ਰ ਸਨ।

# ਓਵਰ ਬਰਿੱਜ ਬਣਾਉਣ ਸੰਬੰਧੀ ਰੇਲਵੇ ਵਿਭਾਗ ਲਵੇਗਾ ਅੰਤਮ ਫ਼ੈਸਲਾ : ਐੱਸ ਡੀ ਐੱਮ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**

ਅੱਜ ਪੰਜਾਬ ਜਨਰਲਿਸਟ ਐਸੋਸੀਏਸ਼ਨ ਅਤੇ ਪ੍ਰੈੱਸ ਟਰੱਸਟ ਪੰਜਾਬ ਦੀ ਸਾਂਝੀ ਮੀਟਿੰਗ ਵਿੱਚ ਪੁੱਜੇ ਐੱਸ.ਡੀ.ਐੱਮ ਧੂਰੀ ਅਮਿਤ ਗੁਪਤਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਵੇਂ ਪੰਜਾਬ ਸਰਕਾਰ ਵੱਲੋਂ ਟਰੈਫਿਕ ਸਮੱਸਿਆ ਨੂੰ ਹੱਲ ਕਰਨ ਲਈ ਸ਼ਹਿਰ ਅੰਦਰਲੀ ਰੇਲਵੇ ਕਰਾਸਿੰਗ 'ਤੇ ਓਵਰ ਬਰਿੱਜ ਬਣਾਉਣ ਲਈ ਕਰੀਬ 33 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ, ਪਰ ਪੁਲ ਬਣਾਉਣ ਸਬੰਧੀ ਅੰਤਿਮ ਫ਼ੈਸਲਾ ਕੇਂਦਰੀ ਰੇਲਵੇ ਵਿਭਾਗ ਵੱਲੋਂ ਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਰੇਲਵੇ ਵਿਭਾਗ ਨੂੰ ਲੋਕ ਨਿਰਮਾਣ ਵਿਭਾਗ ਰਾਹੀਂ ਪੁਲ ਬਣਾਉਣ ਸਬੰਧੀ ਤਿੰਨ ਵੱਖ ਵੱਖ ਤਜਵੀਜ਼ਾਂ ਬਣਾ ਕੇ ਭੇਜੀਆਂ ਗਈਆਂ ਹਨ ਅਤੇ ਇੱਕ ਤਜਵੀਜ਼ ਦੇ ਫਾਈਨਲ ਹੋਣ ਤੋਂ ਤੁਰੰਤ ਬਾਅਦ ਹੀ ਬਰਿੱਜ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਸਕੇਗਾ।

ਬੇਸਹਾਰਾ ਪਸ਼ੂਆਂ ਦੀ ਸਮੱਸਿਆ ਬਾਰੇ ਉਨ੍ਹਾਂ ਕਿਹਾ ਕਿ ਜਿੱਥੇ ਪ੍ਰਸ਼ਾਸਨਿਕ ਪੱਧਰ 'ਤੇ ਇਸ ਦਾ ਹੱਲ ਕਰਨ ਦੀ ਕੋਸ਼ਿਸ ਕੀਤੀ ਜਾ ਰਹੀ ਹੈ, ਉਥੇ ਲੋਕਾਂ ਨੂੰ ਜਾਗਰੂਕ ਹੋਣ ਦੀ ਲੋੜ ਹੈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਡੀ.ਐੱਸ.ਪੀ. ਧੂਰੀ ਤਲਵਿੰਦਰ ਸਿੰਘ ਗਿੱਲ ਨੇ ਕਿਹਾ ਕਿ ਸ਼ਹਿਰ ਅੰਦਰ ਟਰੈਫਿਕ ਸਮੱਸਿਆ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਪੁਲਸ ਲਗਾਤਾਰ ਤੱਤਪਰ ਹੈ। ਉਨ੍ਹਾਂ ਲੋਕਾਂ ਨੂੰ ਨਸ਼ੇ ਦੀ ਰੋਕਥਾਮ ਲਈ ਪੁਲਸ ਦਾ ਸਹਿਯੋਗ ਦੇਣ ਦੀ ਅਪੀਲ ਵੀ ਕੀਤੀ। ਜਥੇਬੰਦੀ ਦੇ ਪ੍ਰਧਾਨ ਸੰਜੇ ਲਹਿਰੀ, ਚੇਅਰਮੈਨ ਸੰਜੀਵ ਜੈਨ ਆਦਿ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਸਹਿਯੋਗ ਦੇਣ ਦੀ ਪੇਸ਼ਕਸ਼ ਕਰਦਿਆਂ ਭਰਵੇਂ ਸਹਿਯੋਗ ਦੀ ਆਸ ਕਰਦਿਆਂ ਉਨ੍ਹਾਂ ਨੂੰ ਧੂਰੀ ਸ਼ਹਿਰ ਦੀਆਂ ਅਨੇਕਾਂ ਮੁਸ਼ਕਲਾਂ ਤੋਂ ਜਾਣੂ ਕਰਵਾਇਆ ਅਤੇ ਦੋਵਾਂ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਵਿਸ਼ਵਾਸ ਦਿਵਾਇਆ ਕਿ ਪੱਤਰਕਾਰ ਸਮਾਜ ਦਾ ਅਟੁੱਟ ਅੰਗ ਹਨ ਅਤੇ ਪ੍ਰਸ਼ਾਸਨ ਦੇ ਕੰਮਕਾਜ ਵਿੱਚ ਪੱਤਰਕਾਰ ਭਾਈਚਾਰੇ ਦਾ ਵਡਮੁੱਲਾ ਯੋਗਦਾਨ ਹੈ ਅਤੇ ਭਵਿੱਖ ਵਿੱਚ ਵੀ ਸ਼ਹਿਰ ਦੀਆਂ ਸਮੱਸਿਆਵਾਂ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਉਣ ਦੀ ਅਪੀਲ ਵੀ ਕੀਤੀ। ਇਸ ਮੌਕੇ ਮਨੋਹਰ ਸਿੰਘ ਸੱਗੂ, ਰਾਜੇਸ਼ਵਰ ਪਿੰਟੂ, ਹਰਦੀਪ ਸਿੰਘ ਸੋਢੀ, ਦਵਿੰਦਰ ਖੀਪਲ, ਸੰਦੀਪ ਸਿੰਗਲਾ, ਬਿੰਨੀ ਗਰਗ, ਵਿਕਾਸ ਸੇਠ, ਹਰਜੀਤ ਢੀਂਗਰਾ, ਵਿਨੋਦ ਵਰਮਾ, ਪ੍ਰਵੀਨ ਗਰਗ, ਵਿਨੋਦ ਗੁਪਤਾ, ਪੁਸ਼ਪਿੰਦਰ ਅੱਤਰੀ, ਰਵਿੰਦਰ ਜੌਲੀ, ਜਾਵੇਦ ਅੰਜੁਮ, ਧਰਮਵੀਰ ਸਿੰਘ, ਨਵਦੀਪ ਸ਼ਰਮਾ, ਸੁਰਿੰਦਰ ਬਾਂਸਲ, ਸੁਖਵੰਤ ਭੁੱਲਰ, ਰਾਜੇਸ਼ ਟੋਨੀ, ਅਮਨਦੀਪ ਗਰਗ, ਵਿਕਾਸ ਵਰਮਾ, ਜਸਵੀਰ ਮਾਨ, ਕੁਲਵਿੰਦਰ ਮਿੰਟੂ, ਅਮਿਤ ਗੁਪਤਾ ਆਦਿ ਵੀ ਹਾਜ਼ਰ ਸਨ।





# ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ 17 ਨੂੰ ਪੈਨਸ਼ਨਰਜ਼ ਡੇ ਮਨਾਉਣ ਦਾ ਫੈਸਲਾ





**ਦੋਰਾਹਾ (ਹਰਮਿੰਦਰ ਸੇਠ)**

ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੋਰਾਹਾ ਦੀ ਮਹੀਨਾਵਾਰ ਮੀਟਿੰਗ ਪਵਨ ਕੁਮਾਰ ਕੌਸ਼ਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਮੁੱਖ ਮੰਤਰੀ ਵਲੋਂ ਪੈਨਸ਼ਨਰਜ਼ ਜਾਇੰਟ ਫਰੰਟ ਨਾਲ ਮਿਤੀ ਤੈਅ ਕਰਕੇ ਮੀਟਿੰਗ ਨਾ ਕਰਨਾ, ਪੈਨਸ਼ਨਰਜ਼ ਜਾਇੰਟ ਫਰੰਟ ਨੂੰ ਅਣਡਿੱਠ ਕਰਨਾ, ਬਜ਼ੁਰਗਾਂ ਦਾ ਅਪਮਾਨ ਕਰਨ ਬਰਾਬਰ ਹੈ, ਦੀ ਸਖਤ ਨਿਖੇਧੀ ਕੀਤੀ ਗਈ। ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਇਹ ਕਹਿਣਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ 'ਤੇ ਪੈਨਸ਼ਨਰਜ਼ ਮੰਗਾਂ ਨੂੰ ਪਹਿਲ ਦੇ ਅਧਾਰ 'ਤੇ ਲਾਗੂ ਕੀਤਾ ਜਾਵੇਗਾ, ਕੋਈ ਧਰਨਾ ਤੇ ਮੁਜ਼ਾਹਰਾ ਕਰਨ ਦੀ ਨੌਬਤ ਨਹੀਂ ਆਵੇਗੀ। ਹੁਣ ਦੇਖਣ ਨੂੰ ਕੀ ਮਿਲਦਾ ਹੈ ਉਹੋ ਧਰਨੇ, ਮੁਜ਼ਾਹਰੇ ਕਰਨੇ ਪੈ ਰਹੇ ਹਨ ਅਤੇ ਖਾਣ ਨੂੰ ਡਾਂਗਾਂ ਮਿਲਦੀਆਂ ਹਨ। ਸਿਤਮ ਦੀ ਗੱਲ ਇਹ ਹੈ ਕਿ ਸਰਕਾਰ ਪੈਨਸ਼ਨਰਜ਼ ਦੀਆਂ ਮੰਨੀਆਂ ਮੰਗਾ ਨੂੰ ਲਾਗੂ ਕਰਨ ਦਾ ਹੁੰਗਾਰਾ ਵੀ ਨਹੀਂ ਭਰਦੀ। ਹਿਮਾਚਲ ਤੇ ਛੱਤੀਸਗੜ੍ਹ ਦੀਆਂ ਸਰਕਾਰਾਂ ਨੇ ਤਾਂ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰ ਦਿੱਤੀ ਪ੍ਰੰਤੂ ਪੰਜਾਬ ਸਰਕਾਰ ਲਾਗੂ ਨਹੀਂ ਕਰ ਰਹੀ। ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਨੇ 17 ਦਸੰਬਰ ਨੂੰ ਪੈਨਸ਼ਨਰਜ਼-ਡੇ ਮਨਾਉਣ ਦਾ ਫੈਸਲਾ ਕੀਤਾ ਹੈ। ਇਸ ਦਿਨ ਸਰਵਉੱਚ ਨਿਆਲਿਆ ਨੇ ਮੁਲਾਜ਼ਮਾਂ ਦੇ ਹੱਕ ਵਿੱਚ ਸਾਰੇ ਮੁਲਾਜ਼ਮਾਂ ਨੂੰ ਪੈਨਸ਼ਨ ਦੇਣ ਦੇ ਹੱਕ ਵਿੱਚ ਇਤਿਹਾਸਕ ਫੈਸਲਾ ਸੁਣਾਇਆ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਪੈਨਸ਼ਨ ਮੁਲਾਜ਼ਮਾ ਦਾ ਹੱਕ ਹੈ ਇਹ ਕੋਈ ਭੀਖ ਨਹੀਂ। ਮੀਟਿੰਗ 'ਚ ਰਣਜੀਤ ਸਿੰਘ ਟਿਵਾਣਾ, ਰੁਪਿੰਦਰ ਸਿੰਘ, ਕਮਲਜੀਤ ਸਿੰਘ, ਪਿਆਰਾ ਸਿੰਘ ਕਰਮ ਸਿੰਘ ਜਟਾਣਾ ਨੇ ਵੀ ਆਪਣੇ ਵਿਚਾਰ ਰੱਖੇ।

## ਹਾਰਟ ਪਬਲਿਕ ਸਕੂਲ ਵਿਖੇ ਸਲਾਨਾ ਸਪੋਰਟਸ ਮੀਟ 2023 ਕਰਾਈ



**ਦਿੜ੍ਹਬਾ (ਜਸਵੀਰ ਲਾਡੀ)**-ਇੱਥੋਂ ਥੋੜ੍ਹੀ ਦੂਰ ਪਿੰਡ ਛਾਜਲੀ ਵਿਖੇ ਚੱਲ ਰਹੇ ਹੋਲੀ ਹਾਰਟ ਪਬਲਿਕ ਸੀਨੀਅਰ ਸਕੈਂਡਰੀ ਸਕੂਲ ਵਿਖੇ ਸਲਾਨਾ ਸਪੋਰਟਸ ਮੀਟ 2023 ਕਰਾਈ ਗਈ। ਜਿਸ ਵਿੱਚ ਸਕੂਲ ਦੇ ਬੱਚਿਆਂ ਨੇ ਵੱਖ ਵੱਖ ਖੇਡਾਂ ਵਿੱਚ ਭਾਗ ਲਿਆ। ਜਿਸ ਵਿੱਚ 60 ਮੀਟਰ , 200 ਮੀਟਰ, 1000 ਮੀਟਰ, ਵਾਕ ਰੇਸ, ਲੌਂਗ ਜੰਪ, ਸ਼ਾਟਪੁੱਟ, ਜੈਵਲਿਨ ਥਰੋ, ਰਲੇਅ ਰੇਸ ਆਦਿ ਖੇਡਾਂ ਵਿੱਚ ਭਾਗ ਲਿਆ। ਇਹ ਸਪੋਰਟਸ ਮੀਟ ਹਰ ਸਾਲ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਕਰਾਈ ਜਾਂਦੀ ਹੈ। ਜਿਸ ਨਾਲ ਬੱਚਿਆਂ ਵਿੱਚ ਆਕਦਿਮਕ ਗੁਣਾਂ ਦੇ ਨਾਲ ਨਾਲ ਸਰੀਰਕ ਖੇਤਰ ਵਿੱਚ ਵੀ ਮਜ਼ਬੂਤ ਗੁਣ ਪੈਦਾ ਹੋ ਸਕਣ। ਸਕੂਲ ਦੇ ਚੇਅਰਮੈਨ ਮਨਦੀਪ ਚੱਠਾ ਨੇ ਕਿਹਾ ਕਿ ਸਾਡਾ ਸਕੂਲ ਬੱਚਿਆਂ ਦੇ ਵਿਕਾਸ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਇਸ ਸਾਲ ਵੱਖ ਵੱਖ ਖੇਡਾਂ ਵਿੱਚ 170 ਬੱਚਿਆਂ ਨੇ ਮੈਡਲ ਪ੍ਰਾਪਤ ਕੀਤੇ ਹਨ। ਇਸ ਸਕੂਲ ਵਿੱਚੋਂ ਸਟੇਟ ਪੱਧਰ 'ਤੇ ਵੀ ਬੱਚਿਆਂ ਨੇ ਮੱਲਾਂ ਮਾਰੀਆਂ ਹਨ। ਸਕੂਲ ਦੇ ਚੇਅਰਮੈਨ ਮਨਦੀਪ ਚੱਠਾ , ਡਾਇ: ਅੰਮ੍ਰਿਤਪਾਲ ਸਿੰਘ ਅਤੇ ਪ੍ਰਿੰਸੀਪਲ ਮੈਡਮ ਮਮਤਾ ਰਾਣੀ ਨੇ ਜੇਤੂ ਖਿਡਾਰੀਆਂ ਨੂੰ ਇਨਾਮ ਦਿੱਤੇ। ਸਕੂਲ ਵਿੱਚ ਬਣੇ ਹਾਉਸਾਂ ਵਿੱਚੋਂ ਕਲਪਨਾ ਚਾਵਲਾ ਹਾਊਸ ਆਪਣੀ ਇਸ ਸਾਲ ਦੀ ਕਾਰਗੁਜ਼ਾਰੀ ਵਿੱਚ ਜੇਤੂ ਰਿਹਾ। ਮੈਡਮ ਨਿਸ਼ੂ ਰਾਣੀ ਨੂੰ ਸੌ ਪ੍ਰਤੀਸ਼ਤ ਹਾਜ਼ਰੀ ਲਈ ਸਨਮਾਨਤ ਕੀਤਾ ਗਿਆ। ਡੀ.ਪੀ.ਈ. ਮਨਦੀਪ ਸਿੰਘ, ਹਰਿਮੰਦਰ ਸਿੰਘ ਅਤੇ ਲਖਵਿੰਦਰ ਸਿੰਘ ਨੂੰ ਵੀ ਚੰਗੀ ਕਾਰਗੁਜ਼ਾਰੀ ਲਈ ਸਕੂਲ ਮੈਨੇਜਮੈਂਟ ਵੱਲੋਂ ਸਨਮਾਨਤ ਕੀਤਾ ਗਿਆ।

# ਵਿਧਾਇਕ ਦਿਆਲਪੁਰਾ ਦਾ ਬੈਂਕ ਕਾਲੋਨੀ ਵਾਸੀਆਂ ਵੱਲੋਂ ਸਨਮਾਨ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਅੱਜ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦਾ ਬੈਂਕ ਕਾਲੋਨੀ ਵੈਲਫੇਅਰ ਸੁਸਾਇਟੀ ਵਲੋਂ ਕਾਲੋਨੀ ਦਾ ਸੀਵਰੇਜ ਸਿਸਟਮ ਚਾਲੂ ਕਰਨ 'ਤੇ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ ਅਤੇ ਲੱਡੂ ਵੰਡੇ ਗਏ। ਸੁਸਾਇਟੀ ਪ੍ਰਧਾਨ ਡਾ. ਜਸਵੀਰ ਸਿੰਘ ਅਤੇ ਸਮੂਹ ਕਾਲੋਨੀ ਵਾਸੀਆਂ ਨੇ ਵਿਧਾਇਕ ਦਿਆਲਪੁਰਾ ਦਾ ਸਨਮਾਨ ਕਰਦਿਆਂ ਕਿਹਾ ਕਿ ਉਹ ਪਿਛਲੇ ਕਈ ਸਾਲਾਂ ਤੋਂ ਸੀਵਰੇਜ ਦੇ ਗੰਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਬੜੀ ਵੱਡੀ ਸਮੱਸਿਆ ਤੋਂ ਪ੍ਰੇਸ਼ਾਨ ਸਨ ਜਿਸ ਨੂੰ ਵਿਧਾਇਕ ਨੇ ਆਪਣੇ ਕੀਤੇ ਵਾਅਦੇ ਅਨੁਸਾਰ ਇਸ ਸਮੱਸਿਆ ਦਾ ਹੱਲ ਕਰ ਲੋਕਾਂ ਨੂੰ ਵੱਡੀ ਰਾਹਤ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸੀਵਰੇਜ ਜਾਮ ਕਾਰਨ ਕਾਲੋਨੀ ਦੀਆਂ ਗਲੀਆਂ ਵਿਚ ਗੰਦਾ ਪਾਣੀ ਖੜ੍ਹਾ ਰਹਿੰਦਾ ਸੀ ਜਿਸ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਹੁੰਦੀ ਸੀ ਪਰ ਹੁਣ ਨਿਕਾਸੀ ਹੋਣ ਕਾਰਨ ਇੱਥੋਂ ਦੇ ਲੋਕਾਂ ਵਿਚ ਖੁਸ਼ੀ ਦੀ ਲਹਿਰ ਹੈ ਕਿ ਉਨ੍ਹਾਂ ਨੂੰ ਇਸ ਗੰਦਗੀ ਤੋਂ ਛੁਟਕਾਰਾ ਮਿਲਿਆ।

ਇਸ ਮੌਕੇ ਸੁਸਾਇਟੀ ਪ੍ਰਧਾਨ ਡਾ. ਜਸਵੀਰ ਸਿੰਘ ਨੇ ਕਾਲੋਨੀ ਦੀਆਂ ਕੁਝ ਹੋਰ ਮੰਗਾਂ ਵੀ ਰੱਖੀਆਂ ਜਿਸ ਨੂੰ ਵਿਧਾਇਕ ਵਲੋਂ ਤੁਰੰਤ ਹੱਲ ਕਰਨ ਦਾ ਮੌਕਾ ਦਿੱਤਾ। ਇਸ ਮੌਕੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਕਿਹਾ ਕਿ ਉਨ੍ਹਾਂ ਵਲੋਂ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕੀਤੇ ਜਾ ਰਹੇ ਹਨ ਜਿਸ ਤਹਿਤ ਉਨ੍ਹਾਂ ਬੈਂਕ ਕਾਲੋਨੀ ਵਾਸੀਆਂ ਨਾਲ ਵਾਅਦਾ ਕੀਤਾ ਸੀ ਕਿ ਇਸ ਗੰਦੇ ਪਾਣੀ ਦੀ ਨਿਕਾਸੀ ਲਈ ਉਹ ਸੀਵਰੇਜ ਸਿਸਟਮ ਨੂੰ ਠੀਕ ਕਰਵਾਉਣਗੇ। ਇਸ ਮੌਕੇ ਉਪ ਪ੍ਰਧਾਨ ਗੁਰਚਰਨ ਸਿੰਘ ਖਹਿਰਾ, ਜਨਰਲ ਸਕੱਤਰ ਧਰਮਿੰਦਰ ਸਿੰਘ ਵਿੱਕੀ, ਖਜ਼ਾਨਚੀ ਅਭਿਸ਼ੇਕ ਸ਼ਰਮਾ, ਹਰਦਿਲ ਮੋਹਨ ਸਿੰਘ ਮਾਂਗਟ, ਸੁਖਵਿੰਦਰ ਸਿੰਘ ਗਿੱਲ ਪੀ.ਏ., ਪ੍ਰਵੀਨ ਮੱਕੜ, ਇੰਸਪੈਕਟਰ ਸੁਖਦੇਵ ਸਿੰਘ ਬਿੱਟੂ, ਭੁਪਿੰਦਰ ਸਿੰਘ ਆਦਿ ਵੀ ਮੌਜੂਦ ਸਨ।

# ਸਰਕਾਰੀ ਕੰਨਿਆ ਸਮਾਰਟ ਸਕੂਲ ਸੰਘੋਲ ਦੇ ਵਿਦਿਆਰਥੀਆਂ ਨੇ ਕੀਤਾ ਵਿੱਦਿਅਕ ਦੌਰਾ

**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਡਿਪਟੀ ਕਮਿਸ਼ਨਰ ਦਫਤਰ ਫਤਹਿਗੜ੍ਹ ਸਾਹਿਬ ਵੱਲੋਂ ਸਵੈ-ਇੱਛਕ ਸਮਾਜ ਸੇਵਾ ਨੂੰ ਉਤਸ਼ਾਹਿਤ ਕਰਨ ਲਈ 'ਸਾਥ ਟਾਈਮ ਬੈਂਕ' ਪ੍ਰੋਗਰਾਮ ਅਧੀਨ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸੰਘੋਲ ਦੇ ਵਿਦਿਆਰਥੀਆਂ ਦੀ ਕਰੀਅਰ ਕਾਉਂਸਲਿੰਗ ਲਈ ਮਾਤਾ ਗੁਜਰੀ ਕਾਲਜ ਵਿਖੇ ਵਿਸ਼ੇਸ਼ ਵਿੱਦਿਅਕ ਦੌਰੇ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਕੂਲ ਵਿੱਚ ਸਾਇੰਸ ਅਤੇ ਆਰਟਸ ਦੇ ਪੰਜਾਹ ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਸਕੂਲ ਦੇ ਪ੍ਰਿੰਸੀਪਲ ਜਸਬੀਰ ਸਿੰਘ ਨੇ ਕਾਲਜ ਦੇ ਪ੍ਰਿੰਸੀਪਲ ਡਾ. ਕਸਮੀਰ ਸਿੰਘ ਅਤੇ ਸਮੂਹ ਕਾਲਜ ਸਟਾਫ ਦਾ ਵਿਦਿਆਰਥੀਆਂ ਦੀ ਉਚੇਰੀ ਵਿੱਦਿਆ ਲਈ ਕੈਰੀਅਰ ਕਾਊਂਸਲਿੰਗ ਕਰਨ 'ਤੇ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਇਹ ਵਿੱਦਿਅਕ ਦੌਰਾ ਸਕੂਲ ਦੇ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਰਿਹਾ ਹੈ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਸਕੂਲ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਕਾਲਜ ਵਿਖੇ ਸਵਾਗਤ ਕਰਦਿਆਂ ਕਿਹਾ ਕਿ ਇਸ ਵਿੱਦਿਅਕ ਦੌਰੇ ਦੌਰਾਨ ਵਿਦਿਆਰਥੀਆਂ ਨੇ ਉਚੇਰੀ ਵਿੱਦਿਆ ਦੇ ਵਿਕਲਪਾਂ ਅਤੇ ਰੁਜ਼ਗਾਰ ਦੇ ਮੌਕਿਆਂ ਤੋਂ ਇਲਾਵਾ ਕਾਲਜ ਦੀਆਂ ਵੱਖ-ਵੱਖ ਸਹੂਲਤਾਂ ਅਤੇ ਸੁਵਿਧਾਵਾਂ ਬਾਰੇ ਵਡਮੁੱਲੀ ਜਾਣਕਾਰੀ ਪ੍ਰਾਪਤ ਕੀਤੀ। ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਵਿਦਿਆਰਥੀਆਂ ਨਾਲ ਸਿਵਲ ਸੇਵਾਵਾਂ, ਫੌਜ, ਪੁਲਸ, ਬੈਂਕਿੰਗ ਖੇਤਰ, ਰੇਲਵੇ ਵਿੱਚ ਭਰਤੀ ਅਤੇ ਅਧਿਆਪਨ ਦੇ ਕਿੱਤੇ ਵਿੱਚ ਲੋੜੀਂਦੀ ਯੋਗਤਾ ਅਤੇ ਇਨ੍ਹਾਂ ਦੇ ਇਮਤਿਹਾਨ ਦੀ ਤਿਆਰੀ ਸਬੰਧੀ ਮਹੱਤਵਪੂਰਨ ਨੁਕਤੇ ਸਾਂਝੇ ਕੀਤੇ। ਇਸ ਮੌਕੇ ਕਾਲਜ ਦੇ ਮੈਨੇਜਮੈਂਟ ਸਟੱਡੀਜ਼ ਵਿਭਾਗ ਦੇ ਮੁਖੀ ਡਾ. ਕਮਲਪ੍ਰੀਤ ਕੌਰ, ਕੰਪਿਊਟਰ ਸਾਇੰਸ ਵਿਭਾਗ ਦੇ ਡਾ. ਦਵਿੰਦਰ ਸਿੰਘ, ਕੈਮਿਸਟਰੀ ਵਿਭਾਗ ਦੇ ਪ੍ਰੋ. ਸੀਮਾ ਮਹੇਸ਼ਵਰੀ, ਬਾਇਓਟੈਕਨਾਲੋਜੀ ਵਿਭਾਗ ਦੀ ਮੁਖੀ ਡਾ. ਨੀਤੂ ਤ੍ਰੇਹਨ ਅਤੇ ਡਾ. ਜਗਦੀਸ਼ ਸਿੰਘ, ਬਾਟਨੀ ਅਤੇ ਵਾਤਾਵਰਣ ਵਿਭਾਗ ਦੇ ਮੁਖੀ ਪ੍ਰੋ. ਲਵਨੀਤ ਕੌਰ, ਫਿਜ਼ਿਕਸ ਵਿਭਾਗ ਦੇ ਡਾ. ਨਵਜੀਤ ਕੌਰ, ਗਣਿਤ ਵਿਭਾਗ ਦੇ ਪ੍ਰੋ. ਸ਼ਾਮ ਬਾਂਸਲ, ਖੇਤੀਬਾੜੀ ਵਿਭਾਗ ਦੇ ਡਾ. ਰਵਿੰਦਰ ਕੁਮਾਰ, ਅਰਥ ਸ਼ਾਸਤਰ ਵਿਭਾਗ ਦੇ ਪ੍ਰੋ. ਜੁਪਿੰਦਰ ਸਿੰਘ, ਸੰਗੀਤ ਵਿਭਾਗ ਦੀ ਮੁਖੀ ਡਾ. ਸੀਮਾ ਰਾਣੀ, ਫਾਈਨ ਆਰਟਸ ਵਿਭਾਗ ਦੀ ਮੁਖੀ ਡਾ. ਅਵਨੀਤ ਕੌਰ, ਮਨੋਵਿਗਿਆਨ ਵਿਭਾਗ ਦੀ ਮੁਖੀ ਡਾ. ਹਰਦੀਪ ਕੌਰ ਅਤੇ ਪੱਤਰਕਾਰੀ ਵਿਭਾਗ ਦੇ ਮੁਖੀ ਪ੍ਰੋ. ਹਰਗੁਣਪ੍ਰੀਤ ਸਿੰਘ ਨੇ ਵਿਦਿਆਰਥੀਆਂ ਨਾਲ ਉਚੇਰੀ ਸਿੱਖਿਆ ਨਾਲ ਸੰਬੰਧਿਤ ਵੱਖ-ਵੱਖ ਮਹੱਤਵਪੂਰਨ ਵਿਸ਼ਿਆਂ ਸਬੰਧੀ ਜਾਣਕਾਰੀ ਸਾਂਝੀ ਕੀਤੀ। ਸਮਾਰਟ ਸਕੂਲ ਸੰਘੋਲ ਦੇ ਅਧਿਆਪਕ ਸਾਹਿਬਾਨ ਬਲਵਿੰਦਰ ਕੌਰ ਅਤੇ ਮੈਡਮ ਸੋਨੀਆ ਨੇ ਇਸ ਦੌਰੇ ਨੂੰ ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਬਹੁਤ ਉਪਯੋਗੀ ਅਤੇ ਜਾਣਕਾਰੀ ਭਰਪੂਰ ਦੱਸਿਆ।



## ਸੰਪੂਰਨ ਜਾਣਕਾਰੀ ਤੇ ਪ੍ਰਹੇਜ਼ ਹੀ ਏਡਜ਼ ਦਾ ਇਲਾਜ : ਡਾ. ਰਾਏ



**ਮਾਨਸਾ (ਪਮਾਰ)**-ਜ਼ਿਲ੍ਹਾ ਹਸਪਤਾਲ ਮਾਨਸਾ ਵਿਖੇ ਵਿਸ਼ਵ ਏਡਜ਼ ਦਿਵਸ ਸਿਵਲ ਸਰਜਨ ਮਾਨਸਾ ਡਾ. ਰਣਜੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਹੇਠ ਮਨਾਇਆ ਗਿਆ। ਡਾ.ਬਲਜੀਤ ਕੌਰ ਸੀਨੀਅਰ ਮੈਡੀਕਲ ਅਫਸਰ ਮਾਨਸਾ ਨੇ ਦੱਸਿਆ ਕਿ ਏਡਜ਼ ਇੱਕ ਲਾ-ਇਲਾਜ ਬਿਮਾਰੀ ਹੈ, ਪ੍ਰੰਤੂ ਪਰਹੇਜ਼ ਹੀ ਇਸ ਬਿਮਾਰੀ ਦਾ ਇਲਾਜ ਹੈ, ਬਿਮਾਰੀ ਦੇ ਫੈਲਣ ਦਾ ਮੁੱਖ ਕਾਰਨ ਦੂਸ਼ਿਤ ਸੂਈਆਂ ਸਰਿੰਜਾਂ,ਦੂਸ਼ਿਤ ਖ਼ੂਨ, ਅਣਸੁਰੱਖਿਅਤ ਸੈਕਸੂਅਲ ਸੰਬੰਧ, ਮਾਂ ਤੋਂ ਬੱਚੇ ਨੂੰ ਵੀ ਹੋ ਸਕਦੀ ਹੈ। ਅਜੋਕੇ ਸਮੇਂ ਵਿਚ ਨੱਕ, ਕੰਨ ਬਿੰਨ੍ਹਣ ਲਈ ਵਰਤੀਆਂ ਦੂਸ਼ਿਤ ਸੂਈਆਂ, ਟੈਟੂ ਖੁਦਵਾਉਣ ਸਮੇਂ ਵੀ ਇਹ ਬਿਮਾਰੀ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਵਿਸ਼ਵ ਭਰ ਵਿੱਚ ਇਸ ਦਿਵਸ ਨੂੰ ਮਨਾਉਣ ਦੀ ਪ੍ਰਥਾ ਸੰਯੁਕਤ ਰਾਸ਼ਟਰ ਵਲੋਂ 1987 ਤੋਂ ਇਸ ਬਿਮਾਰੀ ਦੇ ਖਾਤਮੇ ਨੂੰ ਧਿਆਨ 'ਚ ਰੱਖਦੇ ਸ਼ੁਰੂ ਕੀਤੀ ਗਈ ਸੀ। ਇਸ ਮੌਕੇ ਡਾ.ਵਰੁਨ ਮਿੱਤਲ ਨੋਡਲ ਅਫਸਰ ਨੇ ਦੱਸਿਆ ਕਿ ਇਹ ਬਿਮਾਰੀ ਇਕ ਵਾਇਰਸ ਰਾਹੀਂ ਫੈਲਦੀ ਹੈ ਜਿਸ ਨੂੰ ਹਿਊਮਨ ਇਮਿਊਨ ਡੈਫੀਸ਼ੈਂਸੀ ਵਾਇਰਸ ਕਿਹਾ ਜਾਂਦਾ ਹੈ। ਇਹ ਸਾਡੇ ਸਰੀਰ ਵਿਚਲੀ ਰੋਗਾਂ ਵਿਰੁੱਧ ਲੜਨ ਵਾਲੀ ਸ਼ਕਤੀ ਨੂੰ ਖ਼ਤਮ ਕਰ ਦਿੰਦੀ ਹੈ ਜੋ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਰੱਖਦੀ ਹੈ, ਇਸ ਭਿਆਨਕ ਬੀਮਾਰੀ ਨੂੰ ਫੈਲਾਉਣ ਵਿੱਚ ਦੇਹ ਵਪਾਰ ਦਾ ਵੱਡਾ ਹੱਥ ਹੈ। ਇਸ ਦਾ ਮੁੱਖ ਕਾਰਨ ਅਗਿਆਨਤਾ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਸੰਪੂਰਨ ਜਾਣਕਾਰੀ ਅਤੇ ਪਰਹੇਜ਼ ਹੀ ਇਸ ਬਿਮਾਰੀ ਦਾ ਇੱਕੋ ਇੱਕ ਹੱਲ ਹੈ । ਇਸ ਮੌਕੇ ਸੀਮਾ ਬਾਂਸਲ ਡਾਟਾ ਅਪਰੇਟਰ, ਅਮੀਸ਼ ਗੋਇਲ, ਸੀਮਾ ਰਾਣੀ, ਰਣਜੀਤ ਕੌਰ, ਬਿੰਦਰ ਕੁਮਾਰ ਤੋਂ ਇਲਾਵਾ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਅਤੇ ਕਰਮਚਾਰੀ ਵੀ ਮੌਜੂਦ ਸਨ।

# 3 ਕਿੱਲੋ 100 ਗ੍ਰਾਮ ਹੈਰੋਇਨ ਬਰਾਮਦ; 3 ਦੋਸ਼ੀ ਗ੍ਰਿਫਤਾਰ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਅਸ਼ਵਨੀ ਕਪੂਰ ਆਈਪੀਐੱਸ ਐੱਸਐੱਸਪੀ ਤਰਨ ਤਾਰਨ ਵੱਲੋਂ ਨਸ਼ਾ ਤਸਕਰਾਂ ਨੂੰ ਨੱਥ ਪਾਉਣ ਲਈ ਲਗਾਤਾਰ ਠੋਸ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਸਬੰਧੀ ਮਨਿੰਦਰ ਸਿੰਘ ਆਈਪੀਐੱਸ ਐੱਸਪੀ ਹੈੱਡਕੁਆਰਟਰ ਤਰਨ ਤਾਰਨ ਅਡੀਸ਼ਨਲ ਚਾਰਜ ਐੱਸਪੀ (ਡੀ) ਤਰਨ ਤਾਰਨ ਦੀ ਨਿਗਰਾਨੀ ਹੇਠ ਅਰੁਣ ਸ਼ਰਮਾ ਡੀਐੱਸਪੀ (ਡੀ) ਤਰਨ ਤਾਰਨ ਵੱਲੋਂ ਨਸ਼ਾ ਤਸਕਰਾਂ ਨੂੰ ਕਾਬੂ ਕਰਨ ਲਈ ਵੱਖ-ਵੱਖ ਟੀਮਾਂ ਤਿਆਰ ਕਰਕੇ ਭੇਜੀਆਂ ਗਈਆਂ ਸਨ, ਜਿਸ 'ਤੇ ਇੰਸਪੈਕਟਰ ਪ੍ਰਭਜੀਤ ਸਿੰਘ ਇੰਚਾਰਜ ਸੀਆਈਏ ਤਰਨ ਤਾਰਨ ਸਮੇਤ ਪੁਲਸ ਪਾਰਟੀ ਗਸ਼ਤ ਵਾ ਤਲਾਸ਼ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਸੀਆਈਏ ਸੋਰੋਂ ਤੋਂ ਤੋਂ ਝਬਾਲ, ਸੁਰਸਿੰਘ, ਭਿੱਖੀਵਿੰਡ, ਖੇਮਕਰਨ ਆਦਿ ਨੂੰ ਜਾ ਰਹੇ ਸੀ। ਜਦ ਪੁਲਸ ਪਾਰਟੀ ਗੰਦਾ ਨਾਲਾ ਅੰਮ੍ਰਿਤਸਰ ਰੋਡ ਭਿੱਖੀਵਿੰਡ ਮੌਜੂਦ ਸੀ ਤਾਂ ਅੰਮ੍ਰਿਤਸਰ ਸਾਈਡ ਤਰਫੋਂ ਇੱਕ ਸਵਿਫਟ ਡਿਜ਼ਾਇਰ ਕਾਰ ਨੰਬਰੀ -05—0176 ਰੰਗ ਚਿੱਟਾ ਆਉਂਦੀ ਦਿਖਾਈ ਦਿੱਤੀ, ਜਿਸ ਨੂੰ ਪੁਲਸ ਪਾਰਟੀ ਨੇ ਰੁਕਣ ਦਾ ਇਸ਼ਾਰਾ ਕੀਤਾ। ਕਾਰ ਚਾਲਕ ਗੱਡੀ ਰੋਕਣ ਦੀ ਬਜਾਏ ਇਕਦਮ ਤੇਜ਼ ਰਫਤਾਰ ਨਾਲ ਭਜਾ ਕੇ ਲੈ ਗਿਆ। ਪੁਲਸ ਪਾਰਟੀ ਨੇ ਸਮੇਤ ਸਾਥੀ ਕਰਮਚਾਰੀਆਂ ਗੱਡੀ ਸਵਿਫਟ ਦਾ ਪਿੱਛਾ ਕੀਤਾ ਤਾਂ ਸ੍ਰੀ ਅਨੰਦਪੁਰ ਸਤਿਸੰਗ ਭਵਨ ਭਿੱਖੀਵਿੰਡ ਨੇੜੇ ਨੌਜਵਾਨ ਗੱਡੀ ਛੱਡ ਕੇ ਦੌੜਨ ਲੱਗੇ ਤਾਂ ਕਾਰ ਡਰਾਈਵਰ ਨੂੰ ਗੱਡੀ ਵਿੱਚ ਅਤੇ ਦੋ ਨੌਜਵਾਨਾਂ ਦਾ ਪੁਲਸ ਪਾਰਟੀ ਨੇ ਪਿੱਛਾ ਕਰਕੇ ਕਾਬੂ ਕੀਤਾ ਅਤੇ ਇੱਕ ਨੌਜਵਾਨ ਭੱਜਣ ਵਿੱਚ ਕਾਮਯਾਬ ਹੋ ਗਿਆ, ਜਿਸ 'ਤੇ ਇੰਚਾਰਜ ਸੀਆਈਏ ਸਟਾਫ ਤਰਨ ਤਾਰਨ ਵੱਲੋਂ ਅਰੁਣ ਸ਼ਰਮਾ ਡੀਐੱਸਪੀ (ਡੀ) ਤਰਨ ਤਾਰਨ ਦੀ ਹਾਜ਼ਰੀ ਵਿੱਚ ਉਕਤ ਦੋਸ਼ੀਆਂ ਦੀ ਤਲਾਸ਼ੀ ਹਸਬ ਜ਼ਾਬਤਾ ਅਮਲ ਵਿੱਚ ਲਿਆਂਦੀ ਤਾਂ ਕਾਬੂ ਕੀਤੇ ਨੌਜਵਾਨ ਅਰਸ਼ਦੀਪ ਸਿੰਘ ਉਰਫ ਅਰਸ਼ ਪੁੱਤਰ ਸੁਖਵੰਤ ਸਿੰਘ ਉਕਤ ਦੇ ਕਬਜ਼ੇ ਵਿੱਚੋਂ 510 ਗ੍ਰਾਮ ਹੈਰੋਇਨ ਬਰਾਮਦ ਹੋਈ। ਕਾਬੂ ਕੀਤੇ ਦੂਸਰੇ ਨੌਜਵਾਨ ਜੱਗਬੀਰ ਸਿੰਘ ਉਰਫ ਜੱਗਾ ਪੁੱਤਰ ਕਾਬਲ ਸਿੰਘ ਉਕਤ ਦੇ ਕਬਜ਼ੇ ਵਿੱਚੋਂ 510 ਗ੍ਰਾਮ ਹੈਰੋਇਨ ਬ੍ਰਾਮਦ ਹੋਈ ਅਤੇ ਕਾਰ ਦੀ ਡਰਾਈਵਰ ਸੀਟ ਤੇ ਬੈਠੇ ਨੌਜਵਾਨ ਅਰਸ਼ਦੀਪ ਸਿੰਘ ਉਰਫ ਅਰਸ਼ ਪੁੱਤਰ ਹਰਪਾਲ ਸਿੰਘ ਪੁੱਤਰ ਹੰਸਾ ਸਿੰਘ ਵਾਸੀ ਮਹਿੰਦੀਪੁਰ ਦੀ ਤਲਾਸ਼ੀ ਕਰਨ ਤੇ ਉਸਦੇ ਕਬਜ਼ੇ ਵਿੱਚੋਂ 2 ਕਿਲੋ 80 ਗ੍ਰਾਮ ਹੈਰੋਇਨ ਬ੍ਰਾਮਦ ਹੋਈ। ਉਕਤ ਦੋਸ਼ੀਆਂ ਪਾਸੋਂ ਕੁੱਲ 3 ਕਿਲੋ 100 ਗ੍ਰਾਮ ਹੈਰੋਇਨ ਅਤੇ ਇੱਕ ਸਵਿਫਟ ਡਿਜ਼ਾਇਰ ਕਾਰ ਨੰਬਰੀ -05—0176 ਰੰਗ ਚਿੱਟਾ ਬ੍ਰਾਮਦ ਕਰਕੇ ਮੁਕੱਦਮਾ ਨੰਬਰ 173 ਜੁਰਮ 21ਸੀ/25/29 ਐੱਨਡੀਪੀਐੱਸ ਐਕਟ ਦੇ ਅਧੀਨ ਥਾਣਾ ਭਿੱਖੀਵਿੰਡ ਦਰਜ ਰਜਿਸਟਰ ਕਰਕੇ ਅਗਲੀ ਤਫਤੀਸ਼ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਦੋਸ਼ੀਆਂ ਨੂੰ ਪੇਸ਼ ਅਦਾਲਤ ਕਰਕੇ ਰਿਮਾਂਡ ਹਾਸਲ ਕੀਤਾ ਜਾ ਹਾ ਹੈ, ਦੌਰਾਨੇ ਰਿਮਾਂਡ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਸਾਬਕਾ ਕੌਂਸਲਰ ਜਤਿੰਦਰ ਪਰਦੇਸੀ 'ਦੇ ਘਰ 'ਤੇ ਹਮਲਾ, ਪੁਲਸ ਜਾਂਚ 'ਚ ਜੁਟੀ



ਗੁਰਦਾਸਪੁਰ, (ਦਿਨੇਸ਼ ਕੁਮਾਰ)-ਹਨੂੰਮਾਨ ਚੌਕ ਵਿੱਚ ਪੈਂਦੇ ਬੇਰੀਆਂ ਮੁਹੱਲੇ ਵਿੱਚ ਬੀਤੀ ਰਾਤ ਗੁੰਡਾਗਰਦੀ ਦਾ ਨੰਗਾ ਨਾਚ ਵੇਖਣ ਨੂੰ ਮਿਲਿਆ। ਸੱਤ ਨੌਜਵਾਨ ਚਾਰ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਤੇਜ਼ਧਾਰ ਅਤੇ ਦਸਤੀ ਹਥਿਆਰਾਂ ਨਾਲ ਲੈਸ ਹੋ ਕੇ ਆਏ ਅਤੇ ਭਾਜਪਾ ਦੇ ਉੱਘੇ ਆਗੂ ਅਤੇ ਸਾਬਕਾ ਕੌਂਸਲਰ ਜਤਿੰਦਰ ਪਰਦੇਸੀ ਦੇ ਘਰ 'ਤੇ ਹਮਲਾ ਕਰ ਦਿੱਤਾ। ਸਾਰੇ ਹਮਲਾਵਰਾਂ ਨੇ ਮੂੰਹ ਤੇ ਕੱਪੜੇ ਲਪੇਟੇ ਹੋਏ ਸਨ ਅਤੇ ਚਾਰ ਮੋਟਰਸਾਈਕਲਾਂ ਵਿੱਚੋਂ ਸਿਰਫ ਇੱਕ ਦੀ ਨੰਬਰ ਪਲੇਟ ਹੀ ਨਜ਼ਰ ਆ ਰਹੀ ਸੀ।

ਹਮਲਾਵਰਾਂ ਨੇ ਜਤਿੰਦਰ ਪਰਦੇਸੀ ਦੇ ਗੇਟ ਅਤੇ ਅੰਦਰ ਲੱਗੇ ਮੋਟਰਸਾਈਕਲ ਤੇ ਤੇਜ਼ਧਾਰ ਅਤੇ ਦਸਤੀ ਹਥਿਆਰਾ ਨਾਲ ਵਾਰ ਕੀਤੇ ਅਤੇ ਸਰੇ ਧਮਕਿਆ ਦਿੰਦੇ ਹੋਏ ਮੌਕੇ ਤੋਂ ਫਰਾਰ ਹੋ ਗਏ, ਹਾਲਾਂਕਿ ਨੇੜੇ ਦੇ ਸੀਸੀਟੀਵੀ ਕੈਮਰੇ ਵਿੱਚ ਹਮਲਾਵਰਾਂ ਦੇ ਆਉਂਦਿਆਂ ਅਤੇ ਜਾਂਦਿਆਂ ਦੀਆਂ ਤਸਵੀਰਾਂ ਕੈਦ ਹੋਈਆਂ ਹਨ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਸਾਬਕਾ ਕੌਂਸਲਰ ਜਤਿੰਦਰ ਪਰਦੇਸੀ ਨੇ ਦੱਸਿਆ ਕਿ ਪਿਛਲੇ ਲਗਭਗ 4-5 ਮਹੀਨੇ ਤੋਂ ਉਹ ਗੋਡਿਆਂ ਦਾ ਆਪ੍ਰੇਸ਼ਨ ਹੋਣ ਦੇ ਕਾਰਨ ਘਰ ਵਿਚ ਹੀ ਸੀ। ਰਾਤ ਕਰੀਬ 8 ਵਜੇ ਉਹ ਕਿਸੇ ਪ੍ਰੋਗਰਾਮ ਤੋਂ ਘਰ ਵਾਪਿਸ ਆਏ ਤਾਂ ਵੇਖਿਆ ਕਿ ਲਗਭਗ 7 ਹਥਿਆਰਾਂ ਨਾਲ ਲੈਸ ਨੌਜਵਾਨ ਮੋਟਰਸਾਈਕਲ ਆਦਿ ਤੇ ਦਾਤਰਾਂ ਨਾਲ ਭੰਨਤੋੜ ਕਰ ਰਹੇ ਸਨ ਤੇ ਜੇ ਉਹ ਅਗੇ ਜਾਂਦੇ ਤਾਂ ਉਨ੍ਹਾਂ 'ਤੇ ਵੀ ਹਮਲਾ ਹੋ ਸਕਦਾ ਸੀ।

ਉਨ੍ਹਾਂ ਤੁਰੰਤ ਪੁਲਸ ਕੰਟਰੋਲ ਰੂਮ 'ਤੇ ਸੂਚਨਾ ਦਿੱਤੀ। ਉਨ੍ਹਾਂ ਪੁਲਸ ਪ੍ਰਸ਼ਾਸਨ ਕੋਲੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਹਮਲਾਵਰਾਂ ਦਾ ਜਲਦ ਪਤਾ ਲਗਾ ਕੇ ਕਾਰਵਾਈ ਕੀਤੀ ਜਾਵੇ। ਉਥੇ ਹੀ ਸੂਚਨਾ ਮਿਲਦੇ ਹੀ ਥਾਣਾ ਸਿਟੀ ਗੁਰਦਾਸਪੁਰ ਦੀ ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਬੁਰਜ ਸਾਹਿਬ ਦੀ ਮੀਟਿੰਗ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਬੁਰਜ ਸਾਹਿਬ ਧਾਰੀਵਾਲ ਦੀ ਮੀਟਿੰਗ ਜ਼ੋਨ ਦੇ ਪ੍ਰਧਾਨ ਹਰਚਰਨ ਸਿੰਘ ਧਾਰੀਵਾਲ ਕਲਾਂ ਤੇ ਸਕੱਤਰ ਸਤਨਾਮ ਸਿੰਘ ਖਾਨਮਲੱਕ ਦੀ ਅਗਵਾਈ ਵਿੱਚ ਹੋਈ। ਇਥੇ ਇਤਿਹਾਸਕ ਗੁਰਦੁਆਰਾ ਬੁਰਜ ਸਾਹਿਬ ਦੇ ਦੀਵਾਨ ਹਾਲ ਵਿੱਚ ਹੋਈ ਮੀਟਿੰਗ ਵਿੱਚ ਜ਼ਿਲ੍ਹਾ ਆਗੂ ਬਾਬਾ ਸੁਖਦੇਵ ਸਿੰਘ ਨੱਤ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

ਇਸ ਮੌਕੇ ਵੱਖ-ਵੱਖ ਮੁੱਦਿਆਂ ਅਤੇ ਮੰਗਾਂ ਸਬੰਧੀ ਵਿਚਾਰ ਚਰਚਾ ਕਰਦਿਆਂ ਬੁਲਾਰਿਆਂ ਨੇ ਪੰਜਾਬ ਦੇ ਮੁੱਖ ਮੰਤਰੀ ਨੇ ਗੰਨੇ ਦਾ 11 ਰੁਪਏ ਭਾਅ ਵਧਾਉਣ ਦੇ ਐਲਾਨ ਨੂੰ ਕਿਸਾਨਾਂ ਨਾਲ ਕੋਝਾ ਮਜ਼ਾਕ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਤੇ ਕੇਂਦਰ ਨੇ ਮੰਨੀਆਂ ਹੋਈਆਂ ਮੰਗਾਂ ਜਲਦ ਲਾਗੂ ਨਾ ਕੀਤੀਆਂ ਤਾਂ 18 ਜਥੇਬੰਦੀਆਂ ਦੇ ਸਾਂਝੇ ਮਿਸ਼ਨ ਤੇ ਚਲਦਿਆਂ ਕਾਰਪੋਰੇਟ ਭਜਾਓ ਪੰਜਾਬ ਬਚਾਓ ਮਿਸ਼ਨ ਅਨੁਸਾਰ ਲੰਮੇ ਸੰਘਰਸ਼ ਕੀਤੇ ਜਾਣਗੇ। ਕਿਸਾਨਾਂ ਦੀ ਮੰਗਾਂ ਜਿਵੇਂ ਨੈਸ਼ਨਲ ਹਾਈਵੇ ਦਾ ਪੂਰਾ ਮੈਪ ਤੇ ਪੂਰੀ ਪੇਮੈਂਟ, ਹੜ੍ਹਾਂ ਦੇ ਹੋਏ ਨੁਕਸਾਨ ਦਾ ਯੋਗ ਮੁਆਵਜ਼ਾ, ਕਿਸਾਨਾਂ, ਮਜ਼ਦੂਰਾ ਦਾਂ ਸਾਰਾ ਕਰਜ਼ਾ ਮਾਫ, ਮਨਰੇਗਾ ਵਿੱਚ ਘੱਟੋ-ਘੱਟ 200 ਦਿਨ ਕੰਮ ਦਿੱਤਾ ਜਾਵੇ, ਐੱਮਐੱਸਪੀ ਦੀ ਕਾਨੂੰਨੀ ਗਰੰਟੀ, ਕਿਸਾਨਾਂ ਤੇ ਪਾਏ ਪਰਚੇ ਰੱਦ ਕੀਤੇ ਜਾਣ, ਨਸ਼ੇ ਦੀ ਮਾਰ ਹੇਠ ਪੰਜਾਬ ਨੂੰ ਬਚਾਉਣ ਲਈ ਠੋਸ ਕਦਮ ਚੁੱਕਿਆ ਜਾਵੇ ਆਦਿ।

ਮੀਟਿੰਗ ਦੌਰਾਨ ਜ਼ੋਨ ਦੇ ਪਿੰਡਾਂ ਦੀਆਂ ਇਕਾਈਆਂ ਦੀ ਕਾਰਗੁਜ਼ਾਰੀ ਅਤੇ ਫੰਡਾਂ ਦਾ ਲੇਖਾ ਜੋਖਾ ਵੀ ਕੀਤਾ ਗਿਆ।

ਮੀਟਿੰਗ ਵਿੱਚ ਹੇਮ ਸਿੰਘ ਸਰਸਪੁਰ, ਅਮਰੀਕ ਸਿੰਘ, ਦਵਿੰਦਰ ਸਿੰਘ ਲੋਧੀਪੁਰ, ਸ਼ਮਸ਼ੇਰ ਸਿੰਘ ਭਖਾਰੀਹਾਰਨੀਆਂ, ਹਰਜਿੰਦਰ ਕੌਰ, ਸਰਬਜੀਤ ਕੌਰ ਬੱਬਰੀ, ਪਿੰਕੀ ਕਲਿਆਣਪੁਰ, ਪਰਮਜੀਤ ਕੌਰ ਤਿੱਬੜ, ਗੁਰਨਾਮ ਸਿੰਘ ਅਲਾਵਲਪੁਰ, ਗੁਰਪ੍ਰੀਤ ਸਿੰਘ ਭੁੰਬਲੀ, ਸਰਬਜੀਤ ਰੁੜਾ ਬੁੱਟਰ, ਸਰਬਜੀਤ ਬਿਧੀਪੁਰ, ਅਜੀਤ ਸਿੰਘ, ਸ਼ਾਮ ਸਿੰਘ ਗਿੱਲਮੰਝ, ਸਰਬਜੀਤ ਜ਼ਫਰਵਾਲ, ਹਰਦੀਪ ਕੌਰ ਖੁੰਡਾ ਆਦਿ ਕਮੇਟੀ ਮੈਂਬਰ ਸ਼ਾਮਲ ਸਨ।

## ਪਿੰਡ ਬੁਲਾਰਾ ਦੇ ਨੌਜਵਾਨ ਦੀ ਇੰਗਲੈਂਡ 'ਚ ਮੌਤ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)—ਅਜੇ ਕੁਝ ਦਿਨ ਪਹਿਲਾਂ ਹੀ ਇੰਗਲੈਂਡ 'ਚ ਸਟੱਡੀ ਬੇਸ 'ਤੇ ਗਏ ਹਲਕਾ ਮਜੀਠਾ ਦੇ ਪਿੰਡ ਬੁਲਾਰਾ ਦੇ ਨੌਜਵਾਨ ਦੀ ਇੰਗਲੈਂਡ ਵਿੱਚ ਕਰੀਬ 20 ਦਿਨ ਬਾਅਦ ਹੀ ਮੌਤ ਹੋ ਜਾਣ ਦੀ ਖਬਰ ਹੈ। ਮਿਲੀ ਜਾਣਕਾਰੀ ਅਨੁਸਾਰ ਵਿਧਾਨ ਸਭਾ ਹਲਕਾ ਮਜੀਠਾ ਦੇ ਪਿੰਡ ਬੁਲਾਰਾ ਦੇ 22 ਸਾਲਾ ਨੌਜਵਾਨ ਲਕਸ਼ਦੀਪ ਸਿੰਘ ਪੁੱਤਰ ਲਖਵਿੰਦਰ ਸਿੰਘ ਦੀ ਇੰਗਲੈਂਡ ਦੇ ਵਿਲਨਹਾਲ ਸ਼ਹਿਰ 'ਚ ਮਾਮੂਲੀ ਬਿਮਾਰੀ ਪਿੱਛੋਂ ਮੌਤ ਹੋ ਗਈ। ਉਸ ਦੇ ਪਰਿਵਾਰ 'ਚ ਮਾਂ ਤੋਂ ਇਲਾਵਾ ਇਕ ਭੈਣ ਹੈ। ਤਕਰੀਬਨ 20 ਦਿਨ ਪਹਿਲਾਂ ਵਿਦੇਸ਼ 'ਚ ਪੜ੍ਹਾਈ ਕਰਨ ਗਿਆ ਸੀ। ਖਬਰ ਮਿਲਣ 'ਤੇ ਸਮੁੱਚੇ ਪਿੰਡ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ।

## ਸ਼੍ਰੀ ਸ਼੍ਰੀ 108 ਸੁਆਮੀ ਗੁਰਦੀਪ ਗਿਰੀ ਮਹਾਰਾਜ ਵੱਲੋਂ ਸਾਲਾਨਾ ਕੈਲੰਡਰ ਰਿਲੀਜ਼



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਮਾਤਾ ਸਵਿੱਤਰੀ ਬਾਈ ਫੁੱਲੇ ਐਜੂਕੇਸ਼ਨ ਸੋਸ਼ਲ ਵੈੱਲਫੇਅਰ ਸੋਸਾਇਟੀ ਪਠਾਨਕੋਟ ਦਾ ਸਾਲਾਨਾ ਕੈਲੰਡਰ ਸ਼੍ਰੀ ਸ਼੍ਰੀ 108 ਸੁਆਮੀ ਗੁਰਦੀਪ ਗਿਰੀ ਮਹਾਰਾਜ ਵਲੋਂ ਰਿਲੀਜ਼ ਕੀਤਾ ਗਿਆ। ਮਾਤਾ ਸਵਿੱਤਰੀ ਬਾਈ ਫੁੱਲੇ ਐਜੂਕੇਸ਼ਨ ਸੋਸ਼ਲ ਵੈੱਲਫੇਅਰ ਸੋਸਾਇਟੀ ਪਠਾਨਕੋਟ ਦੀ ਟੀਮ ਜਗਤ ਗਿਰੀ ਆਸ਼ਰਮ ਪਹੁੰਚੀ। ਸੋਸਾਇਟੀ ਵੱਲੋਂ ਤਿਆਰ ਕੀਤਾ ਗਿਆ ਸਾਲਾਨਾ ਕੈਲੰਡਰ ਸ਼੍ਰੀ ਸ਼੍ਰੀ 108 ਸੁਆਮੀ ਗੁਰਦੀਪ ਗਿਰੀ ਮਹਾਰਾਜ ਜੀ ਵਲੋਂ ਰਿਲੀਜ਼ ਕੀਤਾ ਗਿਆ । ਇਸ ਸਮੇਂ ਵੱਖ-ਵੱਖ ਸੋਸਾਇਟੀਆਂ ਦੇ ਪ੍ਰਧਾਨ ਤੇ ਸੋਸਾਇਟੀ ਮੈਂਬਰ ਸਹਿਬਾਨ ਵੀ ਪਹੁੰਚੇ ਹੋਏ ਸਨ। ਇਸ ਸਮੇਂ ਸੋਸਾਇਟੀ ਦੇ ਚੇਅਰਮੈਨ ਦਰਸ਼ਨ ਲਾਲ ਪਾਠੀ ਨੇ ਕਿਹਾ ਕਿ ਇਹ ਸੋਸਾਇਟੀ ਹਮੇਸ਼ਾ ਲੋੜਵੰਦ ਸਮਾਜ ਦੇ ਨਾਲ ਖੜੀ ਹੈ। ਸਾਡਾ ਮੁੱਖ ਮਕਸਦ ਸਿੱਖਿਆ ਦੇ ਮਿਨਾਰ ਨੂੰ ਉਪਰ ਚੁੱਕਣਾ ਹੈ। ਇਸ ਸਮੇਂ ਦਰ ਨ ਲਾਲ ਪਾਠੀ, ਮਮਤਾ ਰਾਣੀ ਪ੍ਰਧਾਨ, ਬਿਮਲਾ ਦੇਵੀ ਵਾਇਸ ਪ੍ਰਧਾਨ, ਪੂਜਾ ਦੇਵੀ, ਲਵਪ੍ਰੀਤ ਕੌਰ, ਬਲਵੰਤ ਰਾਏ ਪਾਠੀ, ਨੰਦ ਲਾਲ ਪਾਠੀ, ਸਤਨਾਮ ਸਿੰਘ ਪ੍ਰਧਾਨ ਬਿਰਧ ਆਸ਼ਰਮ ਝਾਖੋਲਾਹੜੀ, ਅਰਸ਼ਦੀਪ ਸਿੰਘ ਸਰਮਾਲ, ਨਰਿੰਦਰ ਕੁਮਾਰ, ਨਿੰਦੀ ਮੰਗਿਆਲ, ਕਰਨ ਕੁਮਾਰ ਅਤੇ ਬਿੱਲਾ ਦੌਲਤਪੁਰ ਹਾਜ਼ਰ ਸਨ।

## ਲੋਕਾਂ ਦੀ ਸਿਹਤ ਨਾਲ ਖਿਲਵਾੜ ਬਰਦਾਸ਼ਤ ਨਹੀਂ ਕਰਾਂਗੇ: ਡਾ. ਔਲਖ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਆਮ ਲੋਕਾਂ ਦੀ ਸਿਹਤ ਨਾਲ ਖਿਲਵਾੜ ਬਿਲਕੁਲ ਬਰਦਾਸ਼ਤ ਨਹੀਂ ਹੋਵੇਗਾ। ਜੇਕਰ ਕੋਈ ਵੀ ਦੁਕਾਨਦਾਰ ਮਿਲਾਵਟੀ ਖਾਣ-ਪਾਣ ਦੀਆਂ ਵਸਤੂਆ ਗਾਹਕਾਂ ਨੂੰ ਦਿੰਦਾ ਹੈ ਤਾਂ ਉਸਦੀ ਤੁਰੰਤ ਸ਼ਿਕਾਇਤ ਮਿਲਣ 'ਤੇ ਕਾਰਵਾਈ ਅਮਲ ਵਿੱਚ ਲਿਆਈ ਜਾਂਦੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਸਿਹਤ ਅਫਸਰ ਡਾ. ਸੁਖਬੀਰ ਕੌਰ ਔਲਖ ਨੇ ਗੱਲਬਾਤ ਦੌਰਾਨ ਕੀਤਾ। ਐਂਟੀ ਪਲਿਊਸ਼ਨ ਆਰਗੇਨਾਈਜੇਸ਼ਨ ਪੰਜਾਬ ਦੇ ਪ੍ਰਧਾਨ ਐਡਵੋਕੇਟ ਆਦੇਸ਼ ਅਗਨੀਹੋਤਰੀ ਦੀ ਅਗਵਾਈ ਹੇਠ ਮਿਲੇ ਵਫਦ ਕੋਲੋਂ ਡਾ. ਔਲਖ ਨੇ ਲੋਕਾਂ ਦੀ ਸਿਹਤ ਨੂੰ ਮੁੱਖ ਰੱਖਦੇ ਹੋਏ ਸਹਿਯੋਗ ਦੀ ਮੰਗ ਕੀਤੀ ਅਤੇ ਕਿਹਾ ਕਿ ਮਿਲਾਵਟਖੋਰੀ ਕਰਨ ਵਾਲਿਆਂ ਦੇ ਖਿਲਾਫ ਕਾਰਵਾਈ ਲਈ ਸਿਹਤ ਵਿਭਾਗ ਨੂੰ ਸਹਿਯੋਗ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਲਗਾਤਾਰ ਮਿਲਾਵਟਖੋਰਾਂ ਖਿਲਾਫ ਮੁਹਿੰਮ ਚਲਾਈ ਜਾਂਦੀ ਹੈ, ਜਿਸਦੇ ਤਹਿਤ ਮਿਲਾਵਟੀ ਖਾਦ ਪਦਾਰਥਾਂ ਨੂੰ ਜਿਥੇ ਨਸ਼ਟ ਕੀਤਾ ਜਾਂਦਾ ਹੈ, ਉਥੇ ਹੀ ਸੈਂਪਲ ਭਰ ਕੇ ਮਿਲਾਵਟਖੋਰੀ ਕਰਨ ਵਾਲਿਆਂ ਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾਂਦੀ ਹੈ। ਜੇਕਰ ਕਿਸੇ ਵੀ ਜ਼ਿਲ੍ਹਾ ਵਾਸੀ ਨੂੰ ਕੋਈ ਮਿਲਾਵਟਖੋਰੀ ਬਾਬਤ ਸ਼ਿਕਾਇਤ ਹੈ ਤਾਂ ਤੁਰੰਤ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ, ਜਿਸ 'ਤੇ ਤੁਰੰਤ ਕਾਰਵਾਈ ਕੀਤੀ ਜਾਵੇਗੀ। ਜ਼ਿਲ੍ਹੇ ਵਿੱਚ ਖਾਣ-ਪਾਣ ਦਾ ਕੰਮ ਕਰਨ ਵਾਲੇ 800 ਲੋਕਾਂ ਕੋਲੋਂ ਲਾਇਸੰਸ ਹਨ। ਉਨ੍ਹਾਂ ਸਾਰਿਆਂ ਨੂੰ ਲਾਇਸੰਸ ਰੀਨਿਊ ਕਰਵਾਉਣ ਦੀ ਅਪੀਲ ਕੀਤੀ ਅਤੇ ਨਵਾਂ ਖਾਣ-ਪਾਣ ਦਾ ਕੰਮ ਕਰਨ ਵਾਲਿਆਂ ਤੁਰੰਤ ਨਵੇਂ ਲਾਇਸੰਸ ਬਣਵਾਉਣ ਲਈ ਕਿਹਾ। ਇਸ ਮੌਕੇ ਆਰਗੇਨਾਈਜੇਸ਼ਨ ਦੇ ਪ੍ਰਧਾਨ ਐਡਵੋਕੇਟ ਆਦੇਸ਼ ਅਗਨੀਹੋਤਰੀ, ਗੁਰਿੰਦਰ ਸਿੰਘ ਟਿੰਕੂ, ਹੈਰੀ ਨਾਗਪਾਲ ਵੱਲੋਂ ਜ਼ਿਲ੍ਹਾ ਸਿਹਤ ਅਫਸਰ ਡਾ. ਸੁਖਬੀਰ ਕੌਰ ਔਲਖ ਅਤੇ ਅਸਿਸਟੈਂਟ ਸਿਵਲ ਸਰਜਨ ਡਾ. ਦੇਵੀ ਬਾਲਾ ਨੂੰ ਚੰਗੀਆਂ ਸੇਵਾਵਾਂ ਦੇਣ ਬਦਲੇ ਸਿਰੋਪਾਓ ਅਤੇ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਤੇ ਯਕੀਨ ਦਿਵਾਇਆ ਕਿ ਸਿਹਤ ਵਿਭਾਗ ਵੱਲੋਂ ਕੀਤੇ ਜਾਣ ਵਾਲੇ ਚੰਗੇ ਕੰਮਾਂ ਵਿੱਚ ਪੂਰਨ ਸਹਿਯੋਗ ਦਿੱਤਾ ਜਾਵੇਗਾ।

## ਨਗਰ ਪੰਚਾਇਤ ਰਾਹੀਂ ਰੱਖੇ ਜਾਣਗੇ ਚੌਕੀਦਾਰ: ਧਾਲੀਵਾਲ



ਅਜਨਾਲਾ ਦਸੰਬਰ (ਸੁਖਤਿੰਦਰ ਸਿੰਘ ਰਾਜੂ)-ਪਿਛਲੇ ਦਿਨੀਂ ਅਜਨਾਲਾ ਸ਼ਹਿਰ ਵਿੱਚ ਤਿੰਨ ਚਾਰ ਦੁਕਾਨਾਂ ਵਿੱਚ ਹੋਈਆਂ ਚੋਰੀਆਂ ਦੇ ਮੱਦੇਨਜ਼ਰ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਜਨਾਲਾ ਸ਼ਹਿਰ ਦੇ ਦੁਕਾਨਦਾਰ ਭਰਾਵਾਂ ਨੂੰ ਮਿਲੇ ਅਤੇ ਉਨਾਂ ਨੂੰ ਭਰੋਸਾ ਦਿਵਾਇਆ ਕਿ ਸ਼ਹਿਰ ਵਿੱਚ ਪੁਲਸ ਦੀ ਗਸ਼ਤ ਵਧਾਈ ਜਾਵੇਗੀ ਅਤੇ ਰਾਤ ਵੇਲੇ ਦਾ ਨਾਕਾ ਵੀ ਲਗਾਇਆ ਜਾਵੇਗਾ। ਉਨ੍ਹਾਂ ਦੁਕਾਨਦਾਰਾਂ ਨੂੰ ਕਿਹਾ ਕਿ ਤੁਹਾਡਾ ਨੁਕਸਾਨ ਸਾਡਾ ਨੁਕਸਾਨ ਹੈ। ਅਸੀਂ ਚਾਹੁੰਦੇ ਹਾਂ ਕਿ ਤੁਹਾਡਾ ਵਪਾਰ ਵਧੇ। ਸ: ਧਾਲੀਵਾਲ ਨੇ ਕਿਹਾ ਕਿ ਅਜਨਾਲਾ ਸ਼ਹਿਰ ਵਿੱਚ ਚੋਰੀ ਦੀਆਂ ਵਾਰਦਾਤਾਂ ਨੂੰ ਠੱਲ੍ਹ ਪਾਉਣ ਲਈ ਸੀਸੀਟੀਵੀ ਕੈਮਰੇ ਜਲਦ ਹੀ ਲਗਵਾ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ ਨਗਰ ਪੰਚਾਇਤ ਰਾਹੀਂ ਸ਼ਹਿਰ ਵਿੱਚ 5 ਤੋਂ 6 ਚੌਕੀਦਾਰਾਂ ਦੀ ਭਰਤੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਬਾਰਡਰ ਏਰੀਆ ਹੋਣ ਕਰਕੇ ਇਥੇ ਕੁੱਝ ਮਾੜੇ ਅਨਸਰ ਇਹ ਕੰਮ ਕਰ ਰਹੇ ਹਨ ਜਿਨ੍ਹਾਂ 'ਤੇ ਜਲਦੀ ਹੀ ਨਕੇਲ ਕੱਸੀ ਜਾਵੇਗੀ।

ਇਸ ਮੌਕੇ ਨਗਰ ਪੰਚਾਇਤੀ ਦੇ ਪ੍ਰਧਾਨ ਜਸਪਾਲ ਸਿੰਘ ਢਿੱਲੋਂ, ਜਸਵਿੰਦਰ ਸਿੰਘ ਛੀਨਾ, ਰਮੇਸ਼ ਮਹਾਜਨ, ਅਵਤਾਰ ਸਿੰਘ ਟੀਟੂ, ਸੁਰਿੰਦਰ ਕੁਮਾਰ ਅਤੇ ਰਛਪਾਲ ਸਿੰਘ, ਜਸਪਿੰਦਰ ਸਿੰਘ ਛੀਨਾ, ਪਵਿੱਤਰ ਸਿੰਘ, ਦਵਿੰਦਰ ਸਿੰਘ ਸੋਨੂੰ, ਰਾਜਪਲ ਸਿੰਘ ਕੋਟਲਾ ਕਾਜ਼ੀਆਂ, ਅਮਿਤ ਪੁਰੀ, ਅਮਿਤ ਔਲ, ਗੁਰਨਾਮ ਸਿੰਘ, ਅਮਰਬੀਰ ਸਿੰਘ ਰਿੰਕੂ, ਗੁਰਿਦਰ ਸਿੰਘ, ਦੀਪਕ ਭੱਟੀ, ਗੋਰਾ ਸੱਗੂ, ਕਾਬਲ ਸਿੰਘ ਸ਼ਾਹਪੁਰ, ਮੈਡਮ ਗੀਤਾ ਗਿੱਲ ਅਤੇ ਸ਼ਿਵ ਚਾਹਲ ਆਦਿ ਹਾਜ਼ਰ ਸਨ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਲੋੜਵੰਦਾਂ ਨੂੰ ਪੈਨਸ਼ਨਾਂ ਦੇ ਚੈੱਕ ਵੰਡੇ

*** ਡਾ. ਉਬਰਾਏ ਵੱਲੋਂ ਮਨੁੱਖਤਾ ਨੂੰ ਬਚਾਉਣ ਲਈ ਕੀਤੇ ਜਾ ਰਹੇ ਹਨ ਨੇਕ ਕਾਰਜ : ਜੈਂਤੀਪੁਰ**



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਅਤੇ ਸੰਸਾਰ ਪ੍ਰਸਿਧ ਸਮਾਜ ਸੇਵੀ ਸ਼ਖਸੀਅਤ ਡਾ. ਐੱਸ. ਪੀ. ਸਿੰਘ ਓਬਰਾਏ ਦੀ ਯੋਗ ਸਰਪ੍ਰਸਤੀ ਹੇਠ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਵਿੰਦਰ ਸਿੰਘ ਮਠਾਰੂ ਅਤੇ ਸਮੂਹ ਮੈਂਬਰਾਂ ਵੱਲੋਂ ਵਿਧਵਾ ਔਰਤਾਂ, ਅੰਗਹੀਣਾਂ, ਗਰੀਬਾਂ ਅਤੇ ਲੋੜਵੰਦਾਂ ਨੂੰ ਪੈਨਸ਼ਨਾਂ ਦੇ ਚੈੱਕ ਵੰਡੇ ਗਏ ਜਿਸ ਵਿੱਚ ਮੁੱਖ ਮਹਿਮਾਨ ਵਜੋਂ ਵਿਧਾਨ ਸਭਾ ਹਲਕਾ ਬਟਾਲਾ ਦੇ ਨੌਜਵਾਨ ਸੀਨੀਅਰ ਕਾਂਗਰਸੀ ਨੇਤਾ ਐਡਵੋਕੇਟ ਅਮਨਦੀਪ ਜੈਂਤੀਪੁਰ ਸ਼ਾਮਲ ਹੋਏ ਜਦਕਿ ਵਿਸ਼ੇਸ ਮਹਿਮਾਨ ਵਜੋਂ ਜੀ. ਐੱਮ. ਗੁਰਪ੍ਰੀਤ ਸਿੰਘ ਗੋਪੀ ਉੱਪਲ, ਕੌਂਸਲਰ ਕਸਤੂਰੀ ਲਾਲ ਕਾਲਾ, ਰਮੇਸ਼ ਬੂਰਾ, ਸਰਪੰਚ ਸ਼ਾਮਲ ਹੋਏ। ਇਸ ਮੌਕੇ ਲੋੜਵੰਦਾਂ ਨੂੰ ਪੈਨਸ਼ਨਾਂ ਦੇ ਚੈਕ ਭੇਟ ਕਰਦਿਆ ਨੌਜਵਾਨ ਸਮਾਜ ਸੇਵੀ ਸ਼ਖਸੀਅਤ ਐਡਵੋਕੇਟ ਅਮਨਦੀਪ ਜੈਂਤੀਪੁਰ ਨੇ ਕਿਹਾ ਕਿ ਡਾ. ਐੱਸ. ਪੀ. ਸਿੰਘ ਓਬਰਾਏ ਵੱਲੋਂ ਆਪਣੀ ਨੇਕ ਕਿਰਤ ਕਮਾਈ ਦਾ 99 ਫੀਸਦੀ ਹਿੱਸਾ ਗਰੀਬਾਂ ਅਤੇ ਲੋੜਵੰਦਾਂ ਦੀ ਭਲਾਈ ਵਾਸਤੇ ਖਰਚ ਕੀਤਾ ਜਾ ਰਿਹਾ ਹੈ ਜਦਕਿ ਮਨੁੱਖਤਾ ਨੂੰ ਬਚਾਉਣ ਅਤੇ ਇਨਸਾਨੀਅਤ ਦੀਆਂ ਕਦਰਾਂ ਕੀਮਤਾਂ ਨੂੰ ਹੋਰ ਉੱਚਾ ਚੁੱਕਣ ਦੇ ਲਈ ਡਾ. ਓਬਰਾਏ ਵੱਲੋਂ ਦੇਸ਼-ਵਿਦੇਸ ਦੇ ਅੰਦਰ ਬਹੁਤ ਹੀ ਨੇਕ ਤੇ ਸ਼ਲਾਘਾਯੋਗ ਕਾਰਜ ਕੀਤੇ ਜਾ ਰਹੇ ਹਨ। ਨੌਜਵਾਨ ਕਾਂਗਰਸੀ ਆਗੂ ਐਡਵੋਕੇਟ ਅਮਨਦੀਪ ਜੈਂਤੀਪੁਰ ਨੇ ਕਿਹਾ ਕਿ ਡਾ. ਓਬਰਾਏ ਦੀ ਅਗਵਾਈ ਹੇਠ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਵਿੰਦਰ ਸਿੰਘ ਮਠਾਰੂ ਤੇ ਉਨ੍ਹਾਂ ਦੀ ਸਮੁੱਚੀ ਟੀਮ ਬਹੁਤ ਹੀ ਤਨਦੇਹੀ ਨਾਲ ਆਪਣੀਆਂ ਸੇਵਾਵਾਂ ਨਿਭਾਅ ਰਹੀ ਹੈ। ਇਸ ਦੌਰਾਨ ਪੈਨਸ਼ਨਾਂ ਲੈਣ ਵਾਲੇ ਪਰਿਵਾਰਾਂ ਨੇ ਡਾ. ਓਬਰਾਏ ਦਾ ਧੰਨਵਾਦ ਕੀਤਾ। ਇਸ ਮੌਕੇ ਟਰੱਸਟ ਦੇ ਜਨਰਲ ਸੈਕਟਰੀ ਰਜਿੰਦਰ ਸਿੰਘ ਹੈਪੀ, ਵਿੱਤ ਸਕੱਤਰ ਰਜਿੰਦਰ ਸਿੰਘ ਰਾਜੂ ਸਰਪੰਚ, ਤੇਜਪਾਲ ਸਿੰਘ, ਰੋਹਿਤ ਕੁਮਾਰ, ਜੋਧਵੀਰ ਸਿੰਘ, ਹਰਵਿੰਦਰ ਸਿੰਘ ਟਿੰਕੂ, ਇੰਦਰਪ੍ਰੀਤ ਸਿੰਘ ਰਿੱਕੀ, ਕੇਵਲ ਕੁਮਾਰ ਤੇ ਹੋਰ ਵੀ ਆਗੂ ਹਾਜ਼ਰ ਸਨ।

# ਸ਼੍ਰੀ ਲਕਸ਼ਮੀ ਨਾਰਾਇਣ ਮੰਦਰ ਵਿਖੇ ਤਿੰਨ ਰੋਜ਼ਾ ਮੂਰਤੀ ਸਥਾਪਨਾ ਮਹਾਂਉਤਸਵ ਧੂਮ-ਧਾਮ ਤੇ ਸ਼ਰਧਾ ਨਾਲ ਸਮਾਪਤ



ਫ਼ਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਸ਼੍ਰੀ ਲਕਸ਼ਮੀ ਨਾਰਾਇਣ ਮੰਦਿਰ ਸੁਸਾਇਟੀ ਚੌਕ ਬੂਟੀ ਦਾਸ ਦੇ ਪ੍ਰਧਾਨ ਰਾਮ ਕੁਮਾਰ ਸ਼ਰਮਾ ਦੀ ਅਗਵਾਈ ਹੇਠ ਕਰਵਾਇਆ ਗਿਆ ਤਿੰਨ ਰੋਜ਼ਾ ਮੂਰਤੀ ਸਥਾਪਨਾ ਮਹਾਂਉਤਸਵ ਧੂਮ-ਧਾਮ ਤੇ ਸ਼ਰਧਾ ਨਾਲ ਸਮਾਪਤ ਹੋ ਗਿਆ, ਜਿਸਦੇ ਆਖਰੀ ਦਿਨ ਧਿਆਨਪੁਰ ਧਾਮ ਤੋਂ ਭਰਤ ਦਾਸ, ਹਲਕਾ ਵਿਧਾਇਕ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਤੋਂ ਇਲਾਵਾ ਵੱਡੀ ਗਿਣਤੀ ਵਿਚ ਇਲਾਕਾ ਨਿਵਾਸੀਆਂ ਨੇ ਹਾਜ਼ਰੀ ਲਗਵਾਈ। ਇਸ ਮੌਕੇ 30 ਨਵੰਬਰ ਅਤੇ 1 ਦਸੰਬਰ ਨੂੰ ਮੂਰਤੀਆਂ ਦੀ ਪੂਜਾ ਕੀਤੀ ਗਈ। 2 ਦਸੰਬਰ ਨੂੰ ਮੂਰਤੀਆਂ ਦੀ ਪੂਜਾ ਤੇ ਪ੍ਰਾਨ ਪ੍ਰਤਿਸ਼ਠਾ ਹੋਈ, ਜਿਸ ਤੋਂ ਬਾਅਦ ਹਵਨ ਯੱਗ ਹੋਏ ਤੇ ਜੈਕਾਰਿਆਂ ਦੀ ਗੂੰਜ ਵਿਚ ਮੂਰਤੀਆਂ ਨੂੰ ਵਿਧੀ ਅਨੁਸਾਰ ਵੇਦ ਮੰਤਰਾਂ ਰਾਹੀਂ ਸਥਾਪਿਤ ਕੀਤਾ ਗਿਆ। ਇਸ ਤੋਂ ਪਹਿਲਾਂ ਲੋਕਾਂ ਵੱਲੋਂ 1.25 ਕਰੋੜ ਰਾਮ ਨਾਮ ਲਿਖ ਕੇ ਆਪਣੀਆਂ ਭਾਵਨਾਵਾਂ ਨੂੰ ਇਸ ਮੰਦਿਰ ਵਿਚ ਸਥਾਪਿਤ ਕਰਕੇ ਮਹਾਂਉਤਸਵ ਨੂੰ ਇਤਿਹਾਸਕ ਅਤੇ ਯਾਦਗਾਰ ਬਣਾਇਆ ਗਿਆ। ਅੰਤ ਵਿਚ ਪੂਰਨ ਅਹੂਤੀ ਪਾ ਕੇ ਆਰਤੀ ਕੀਤੀ ਗਈ ਅਤੇ ਅਤੁੱਟ ਲੰਗਰ ਭੰਡਾਰੇ ਵਰਤਾਏ ਗਏ। ਸੁਸਾਇਟੀ ਦੇ ਪ੍ਰਧਾਨ ਰਾਮ ਕੁਮਾਰ ਸ਼ਰਮਾ ਨੇ ਸ਼ਹਿਰ ਨਿਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀ ਇਸ ਜਨਮ ਭੂਮੀ ਨਾਲ ਜੁੜ ਕੇ ਮੰਦਿਰ ਦੇ ਨਿਰਮਾਣ ਕਾਰਜਾਂ ਨੂੰ ਅੱਗੇ ਵਧਾਉਣ ਲਈ ਯਤਨਸ਼ੀਲ ਹਨ, ਜਿਸ ਵਿਚ ਉਨ੍ਹਾਂ ਨੂੰ ਸ਼ਹਿਰ ਨਿਵਾਸੀਆਂ ਦੀ ਸਲਾਹ ਅਤੇ ਸਹਿਯੋਗ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਇਸ ਮਹਾਂਉਤਸਵ ਵਿਚ ਸ਼ਹਿਰ ਨਿਵਾਸੀਆਂ ਨੇ ਉਨ੍ਹਾਂ ਦਾ ਸਾਥ ਦਿੱਤਾ, ਉਸੇ ਤਰ੍ਹਾਂ ਭਵਿੱਖ ਵਿਚ ਵੀ ਉਹ ਇਸ ਦੀ ਆਸ ਰੱਖਣਗੇ। ਉਨ੍ਹਾਂ ਕਿਹਾ ਕਿ ਮੰਦਿਰ ਨੂੰ ਉਚਾਈਆਂ ਤੇ ਲੈ ਕੇ ਜਾਣ ਲਈ ਬਹੁਤ ਸਾਰੇ ਪ੍ਰੋਜੈਕਟ ਵਿਚਾਰ ਅਧੀਨ ਹਨ, ਜਿਨ੍ਹਾਂ ਨੂੰ ਪੜਾ-ਦਰ-ਪੜਾ ਨੇਪਰੇ ਚਾੜ੍ਹਿਆ ਜਾਵੇਗਾ। ਰਾਮ ਕੁਮਾਰ ਸ਼ਰਮਾ ਨੇ ਕਿਹਾ ਕਿ ਮੰਦਿਰ ਦੇ ਮੁੱਖ ਦੁਆਰ ਤੇ ਸ਼੍ਰੀ ਲਕਸ਼ਮੀ ਨਰਾਇਣ ਅਤੇ ਮੰਦਿਰ ਦੇ ਵਿਹੜੇ ਅੰਦਰ 40 ਫੁੱਟ ਹਨੂੰਮਾਨ ਜੀ ਦੀ ਮੂਰਤੀ ਨੂੰ ਤਿਆਰ ਕਰਵਾਇਆ ਜਾਵੇਗਾ, ਜੋ ਸਰਹੱਦੀ ਲੋਕਾਂ ਦੀ ਖਿੱਚ ਦਾ ਕੇਂਦਰ ਰਹਿਣਗੀਆਂ।

ਇਸ ਮੌਕੇ ਹਰੀਸ਼ ਅਰੋੜਾ, ਸੁਰੇਸ਼ ਪੁੰਜ, ਨਗੇਸ਼ ਬਾਵਾ, ਗੌਰਵ ਅਰੋੜਾ, ਅਜੇ ਬਾਵਾ, ਰਮੇਸ਼ ਸੋਨੀ, ਸੁਰੇਸ਼ ਬੱਬਲੂ, ਪਵਨ ਚੌਹਾਨ, ਰਕੇਸ਼ ਲੱਕੀ, ਸ਼ਸ਼ੀ ਡੋਗਰਾ, ਐਡਵੋਕੇਟ ਨਵਤੇਜ ਸਿੰਘ ਰੰਧਾਵਾ, ਹਰਪਾਲ ਸਿੰਘ ਚੌਹਾਨ, ਪ੍ਰਦੀਪ ਸੇਠੀ, ਗੋਬਿੰਦ ਸੂਰੀ, ਹਰਬੰਸ ਸਿੰਘ, ਸਤੀਸ਼ ਸੱਚਰ, ਪਿਆਰਾ ਲਾਲ ਸੋਨੀ, ਪਵਨ ਸੋਨੀ, ਪਵਨ ਬਾਵਾ, ਸੁਰਿੰਦਰ ਸ਼ਰਮਾ, ਸੁਨੀਲ ਗੁਲਾਟੀ, ਹਰੀਸ਼ ਕੁਮਾਰ ਆਦਿ ਹਾਜ਼ਰ ਸਨ।

# ਬਾਬਾ ਸੇਵਾ ਸਿੰਘ ਦੀ 31ਵੀਂ ਬਰਸੀ ਮਨਾਈ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਸੇਵਾ ਦੇ ਮਹਾਨ ਪੁੰਜ ਸੰਤ ਬਾਬਾ ਸੇਵਾ ਸਿੰਘ ਦੀ ਸਾਲਾਨਾ 31ਵੀਂ ਬਰਸੀ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਵਿਖੇ ਸੰਤ ਬਾਬਾ ਸੱਜਣ ਸਿੰਘ ਦੀ ਅਗਵਾਈ ਹੇਠ ਇਲਾਕੇ ਦੀਆਂ ਸੰਗਤਾਂ ਵੱਲੋਂ ਬੜੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਮਨਾਈ ਗਈ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ ਜਿਸ ਵਿੱਚ ਭਾਈ ਗੁਰਪਾਲ ਸਿੰਘ ਰਬਾਬੀ ਰਾਗੀ, ਕਵੀਸ਼ਰ ਤਰਲੋਚਨ ਸਿੰਘ ਅਤੇ ਢਾਡੀ ਭਾਈ ਗੁਰਭੇਜ ਸਿੰਘ ਚਵਿੰਡਾ ਅਤੇ ਹੋਰ ਰਾਗੀ ਜਥਿਆਂ ਵੱਲੋਂ ਧਾਰਮਿਕ ਵਾਰਾਂ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ ਗਿਆ।

ਇਸ ਮੌਕੇ ਬੁਲਾਰਿਆਂ ਵੱਲੋਂ ਬਾਬਾ ਸੇਵਾ ਸਿੰਘ ਦੇ ਜੀਵਨ ਤੇ ਬੜੇ ਵਿਸਥਾਰ ਨਾਲ ਚਾਨਣਾ ਪਾਇਆ ਗਿਆ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ ਨੇ ਆਏ ਹੋਏ ਸੰਤਾਂ ਮਹਾਂਪੁਰਖਾਂ ਨੂੰ ਜੀ ਆਇਆਂ ਕਹਿੰਦਿਆਂ ਉਨ੍ਹਾਂ ਨੂੰ ਸਿਰੋਪੇ ਪਾ ਕੇ ਸਨਮਾਨਿਤ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਤ ਬਾਬਾ ਅਮਰੀਕ ਸਿੰਘ ਨਿੱਕੇ ਘੁੰਮਣਾਂ ਵਾਲੇ, ਬਾਬਾ ਅਜੈਬ ਸਿੰਘ ਮੱਖਣਵਿੰਡੀ ਵਾਲੇ, ਬਾਬਾ ਸਰਦਾਰਾ ਸਿੰਘ ਮੋਰਚਾ ਸਾਹਿਬ, ਬਾਬਾ ਮੇਜਰ ਸਿੰਘ ਸੋਢੀ, ਬਾਬਾ ਨਵਤੇਜ ਸਿੰਘ ਚੇਲੇਆਣਾ, ਭਾਈ ਸੁਖਦੇਵ ਸਿੰਘ ਮੁੱਖ ਬੁਲਾਰਾ ਦਮਦਮੀ ਟਕਸਾਲ ਮਹਿਤਾ, ਬਾਬਾ ਗੁਰਦੇਵ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਡੇਰਾ ਭਗਤਾਂ ਦਾ ਤਰਸਿੱਕਾ, ਭਾਈ ਬੋਹੜ ਸਿੰਘ ਮਹਿਤਾ, ਭਾਈ ਅਜੀਤ ਸਿੰਘ ਮਹਿਤਾ, ਬਾਬਾ ਗੁਰਦਿਆਲ ਸਿੰਘ ਕਾਲੇਕੇ, ਬਾਬਾ ਸਮਸੇਰ ਸਿੰਘ ਸੈਦੋਲੇਹਲ, ਬਾਬਾ ਜਗੀਰ ਸਿੰਘ ਮੁੱਛਲਾ ਵਾਲੇ, ਬਾਬਾ ਬਲਵਿੰਦਰ ਸਿੰਘ, ਭਾਈ ਭੁਪਿੰਦਰ ਸਿੰਘ ਗਦਲੀ, ਭਾਈ ਬਲਬੀਰ ਸਿੰਘ ਸੂਰੋ ਪੱਡਾ, ਭਾਈ ਪਰਮਜੀਤ ਸਿੰਘ ਨੰਗਲੀ, ਪ੍ਰਿੰਸੀਪਲ ਗੁਰਸੇਵਕ ਸਿੰਘ, ਬਾਬਾ ਜੱਸਾ ਸਿੰਘ, ਰਣਜੀਤ ਸਿੰਘ ਰਾਣਾ ਬਾਬੋਵਾਲ, ਨਿੰਦਰ ਸਿੰਘ ਬਾਠ, ਭਾਈ ਸੁਲੱਖਣ ਸਿੰਘ ਗਰੰਥੀ, ਸੁਖਵਿੰਦਰ ਸਿੰਘ ਭੀਲੋਵਾਲ, ਅਵਤਾਰ ਸਿੰਘ ਸੈਕਟਰੀ ਤਾਹਿਰਪੁਰ, ਪਲਵਿੰਦਰ ਸਿੰਘ, ਬਾਬਾ ਰਾਜਾ ਸਿੰਘ ਬੁਲਾਰਾ, ਰਣਧੀਰ ਸਿੰਘ ਬਾਠ ਭੋਏ, ਬਲਜਿੰਦਰ ਸਿੰਘ ਨਿੱਝਰਵਿੰਡ, ਬਰਿੰਦਰ ਸਿੰਘ ਖਿਦੋਵਾਲੀ, ਸਿਮਰਦੀਪ ਸਿੰਘ, ਜਗਤਾਰ ਸਿੰਘ ਨਿੱਝਰਵਿੰਡ, ਪਰੇਮ ਸਿੰਘ ਤਰਫਾਨ, ਬਾਬਾ ਜੀ ਦੇ ਭਗਤ ਭਾਈ ਸੁਲੱਖਣ ਸਿੰਘ ਆਦਿ ਹਾਜ਼ਰ ਸਨ।

## ਪਠਾਨਕੋਟ ਕਾਲਜ ਆਫ ਐਜੂਕੇਸ਼ਨ ਪਠਾਨਕੋਟ ਵਿਖੇ ਵਿਸ਼ਵ ਏਡਜ਼ ਦਿਹਾੜਾ ਮਨਾਇਆ



ਗੁਰਦਾਸਪੁਰ (ਜਨਕ ਮਹਾਜਨ)-ਪਠਾਨਕੋਟ ਕਾਲਜ ਆਫ ਐਜੂਕੇਸ਼ਨ ਪਠਾਨਕੋਟ ਵਿਖੇ ਵਿਸ਼ਵ ਏਡਜ਼ ਦਿਹਾੜੇ ਦਾ ਆਯੋਜਨ ਪ੍ਰਿੰਸੀਪਲ ਡਾ. ਰੁਪਿੰਦਰ ਕੌਰ ਦੀ ਪ੍ਰਧਾਨਗੀ ਹੇਠ ਕੀਤਾ ਗਿਆ। ਇਸ ਸਮਾਗਮ ਵਿਚ ਬੀ. ਐੱਡ. ਅਤੇ ਈਟੀਟੀ ਦੇ ਵਿਦਿਆਰਥੀਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਇਸ ਮੌਕੇ ਏਡਜ਼ ਨਾਲ ਸਬੰਧਿਤ ਲੇਟ ਕਮਿਊਨਿਟੀਜ਼ ਲੀਡ ਥੀਮ 'ਤੇ ਵੱਖ-ਵੱਖ ਸਲੋਗਨ ਲਿਖਣ ਤੋਂ ਇਲਾਵਾ ਪੋਸਟਰ ਮੇਕਿੰਗ ਮੁਕਾਬਲੇ ਵੀ ਕਰਵਾਏ ਗਏ। ਪ੍ਰਿੰਸੀਪਲ ਡਾ. ਰੁਪਿੰਦਰ ਕੌਰ ਨੇ ਬੱਚਿਆਂ ਨੂੰ ਏਡਜ਼ ਸੰਬੰਧੀ ਜਾਣਕਾਰੀ ਦਿੰਦਿਆਂ ਇਸ ਤੋਂ ਬਚਣ ਦੇ ਤਰੀਕਿਆਂ ਬਾਰੇ ਦੱਸਿਆ। ਉਨ੍ਹਾਂ ਦੱਸਿਆ ਕਿ ਏਡਜ਼ ਇਕ ਨਾਮੁਰਾਦ ਬਿਮਾਰੀ ਹੈ। ਇਸ ਬਿਮਾਰੀ ਤੋਂ ਬਚਣ ਦਾ ਸਭ ਤੋਂ ਵਧੀਆ ਇਲਾਜ ਇਸ ਪ੍ਰਤੀ ਸੁਚੇਤ ਰਹਿਣਾ ਹੈ। ਇਸ ਸਮਾਗਮ ਵਿਚ ਮੈਨੇਜਮੈਂਟ ਮੈਂਬਰ ਡਾ. ਵਿਨੋਦ ਮਹਾਜਨ ਅਤੇ ਪ੍ਰੋਫੈਸਰ ਰਵੀ ਸ਼ੰਕਰ ਵੀ ਹਾਜ਼ਰ ਸਨ। ਡਾ. ਵਿਨੋਦ ਮਹਾਜਨ ਨੇ ਆਪਣੇ ਸੰਬੋਧਨ ਵਿਚ ਬੱਚਿਆਂ ਨੂੰ ਏਡਜ਼ ਬਿਮਾਰੀ ਦੇ ਲੱਛਣਾਂ ਬਾਰੇ ਦੱਸਿਆ ਅਤੇ ਕਿਹਾ ਕਿ ਉਨ੍ਹਾਂ ਕਿਹਾ ਕੋਈ ਵੀ ਸਰਿੰਜ ਇਸਤੇਮਾਲ ਕਰਨ ਤੋਂ ਪਹਿਲਾਂ ਉਸ ਦੀ ਚੰਗੀ ਤਰ੍ਹਾਂ ਜਾਂਚ ਪੜਤਾਲ ਕਰ ਲੈਣੀ ਚਾਹੀਦੀ ਹੈ ਤਾਂ ਕਿ ਉਹ ਸਰਿੰਜ ਇਸ ਤੋਂ ਪਹਿਲਾਂ ਕਿਸੇ ਹੋਰ ਮਰੀਜ਼ ਨੂੰ ਨਾ ਲੱਗੀ ਹੋਵੇ, ਇਸ ਲਈ ਸਾਨੂੰ ਇਸ ਬਿਮਾਰੀ ਦੀ ਰੋਕਥਾਮ ਲਈ ਸਾਵਧਾਨੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਮੌਕੇ ਵਿਦਿਆਰਥੀਆਂ ਵਲੋਂ ਲੋਕਾਂ ਨੂੰ ਏਡਜ਼ ਸੰਬੰਧੀ ਜਾਗਰੂਕ ਕਰਨ ਲਈ ਪੰਫਲੈਟ ਵੀ ਵੰਡੇ ਗਏ। ਇਸ ਮੌਕੇ ਜੇਤੂ ਬੱਚਿਆਂ ਨੂੰ ਕਾਲਜ ਮੈਨੇਜਮੈਂਟ ਵਲੋਂ ਸਮ੍ਰਿਤੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੁਕਾਬਲੇ ਵਿਚ ਪਹਿਲੇ ਸਥਾਨ 'ਤੇ ਚੰਚਲ, ਦੂਜੇ ਸਥਾਨ 'ਤੇ ਅੰਜਲੀ ਅਤੇ ਤੀਜੇ ਸਥਾਨ 'ਤੇ ਰਾਗਨੀ ਰਹੀ। ਇਸ ਸਮਾਗਮ ਵਿਚ ਮੈਡਮ ਊਮਾ, ਰਜਨੀਸ਼, ਨਿਧੀ, ਪੂਜਾ, ਜਯੋਤੀ, ਅਤੁਲ ਅਗਰਵਾਲ ਅਤੇ ਵਿਕਾਸ ਭੱਲਾ ਤੋਂ ਇਲਾਵਾ ਹੋਰ ਹਾਜ਼ਰ ਸਨ।

# ਕੇਂਦਰੀ ਸਭਾ ਵੱਲੋਂ ਸਰਕਾਰ ਦੇ ਲਾਇਬ੍ਰੇਰੀਆਂ ਖੋਲ੍ਹਣ ਦੇ ਫੈਸਲੇ ਦਾ ਸੁਆਗਤ

*** ਸਰਕਾਰ ਪੁਸਤਕ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਹਿੱਤ ਲਾਇਬ੍ਰੇਰੀਅਨ ਦੀਆਂ ਅਸਾਮੀਆਂ ਵੀ ਭਰੇ**



ਅੰਮ੍ਰਿਤਸਰ/ਬਾਬਾ ਬਕਾਲਾ ਸਾਹਿਬ, (ਜਸਬੀਰ ਸਿੰਘ ਪੱਟੀ/ਨਿਰਮਲ ਸਿੰਘ ਸੰਘਾ)-ਪੰਜਾਬ ਸਰਕਾਰ ਵੱਲੋਂ ਹਰ ਵਿਧਾਨ ਸਭਾ ਹਲਕੇ ਛੇ-ਛੇ ਜਨਤਕ ਲਾਇਬ੍ਰੇਰੀਆਂ ਖੋਲ੍ਹੇ ਜਾਣ ਦੇ ਫੈਸਲੇ ਦਾ ਪੰਜਾਬੀ ਲੇਖਕਾਂ ਦੀ ਸਿਰਮੌਰ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ ਨੇ ਸਵਾਗਤ ਕੀਤਾ ਹੈ। ਕੇਂਦਰੀ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ ਅਤੇ ਸੀਨੀਅਰ ਮੀਤ ਡਾ. ਹਰਜਿੰਦਰ ਸਿੰਘ ਅਟਵਾਲ ਦੇ ਹਵਾਲੇ ਨਾਲ ਕਥਾਕਾਰ ਦੀਪ ਦੇਵਿੰਦਰ ਸਿੰਘ ਨੇ ਏਥੋਂ ਜਾਰੀ ਬਿਆਨ ਵਿਚ ਸਰਕਾਰ ਵੱਲੋਂ ਲੋਕਾਂ ਨੂੰ ਪੁਸਤਕਾਂ ਸੰਗ ਜੋੜਨ ਲਈ ਲਾਇਬ੍ਰੇਰੀਆਂ ਪ੍ਰਤੀ ਲਏ ਫੈਸਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਨ੍ਹਾਂ ਲਾਇਬ੍ਰੇਰੀਆਂ ਲਈ ਮਿਆਰੀ ਪੁਸਤਕਾਂ ਲੇਖਕਾਂ ਕੋਲੋਂ ਵੀ ਖਰੀਦੀਆਂ ਜਾਣ ਤਾਂ ਕਿ ਪੱਲਿਓਂ ਪੈਸੇ ਖਰਚ ਕੇ ਕਿਤਾਬ ਛਪਵਾਉਣ ਵਾਲੇ ਲੇਖਕ ਦੀ ਆਰਥਿਕ ਮਦਦ ਹੋ ਸਕੇ।

ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਪਹਿਲਾਂ ਤੋਂ ਹੀ ਚਲ ਰਹੀਆਂ ਪਬਲਿਕ ਲਾਇਬ੍ਰੇਰੀਆਂ ਜਿਨ੍ਹਾਂ ਵਿੱਚ ਵੱਖ-ਵੱਖ ਭਾਸ਼ਾਵਾਂ ਵਿੱਚ ਮੁੱਲਵਾਨ ਪੁਸਤਕਾਂ, ਹੱਥ- ਲਿਖਤਾਂ ਅਤੇ ਖਰੜੇ ਮੌਜੂਦ ਹਨ। ਪੰਜਾਬ ਦੀਆਂ ਇਨ੍ਹਾਂ ਇਕ ਦੋ ਲਾਇਬ੍ਰੇਰੀਆਂ ਨੂੰ ਛੱਡ ਕੇ ਬਾਕੀ ਲਾਇਬ੍ਰੇਰੀਅਨ ਅਤੇ ਹੋਰ ਸਟਾਫ ਤੋਂ ਸੱਖਣੀਆਂ ਹਨ ਅਤੇ ਬਿਲਡਿੰਗਾਂ ਵੀ ਰੱਖ-ਰਖਾਵ ਦੀ ਮੰਗ ਕਰਦੀਆਂ ਹਨ। ਲੇਖਕ ਆਗੂਆਂ ਨੇ ਕਿਹਾ ਕਿ ਪੁਸਤਕ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਸਰਕਾਰ ਨੂੰ ਪਹਿਲ ਦੇ ਆਧਾਰ 'ਤੇ ਸਮੁੱਚੇ ਪੰਜਾਬ ਦੀਆਂ ਲਾਇਬ੍ਰੇਰੀਆਂ ਦੇ ਸਟਾਫ ਦੀ ਪੱਕੀ ਭਰਤੀ ਕਰਨੀ ਚਾਹੀਦੀ ਹੈ ਤਾਂ ਜੋ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਹੋਰ ਵਿੱਦਿਅਕ ਅਦਾਰੇ ਜਿਥੋਂ ਬੈਚਲਰ ਆਫ ਲਾਇਬ੍ਰੇਰੀ ਸਾਇੰਸ ਅਤੇ ਮਾਸਟਰ ਆਫ ਲਾਇਬ੍ਰੇਰੀ ਸਾਇੰਸ ਵਰਗੀ ਉੱਚ ਸਿੱਖਿਆ ਪ੍ਰਾਪਤ ਬੇਰੁਜ਼ਗਾਰਾਂ ਨੂੰ ਆਪਣੇ ਸੂਬੇ ਵਿਚ ਰੁਜ਼ਗਾਰ ਮਿਲ ਸਕੇ।

ਕੇਂਦਰੀ ਸਭਾ ਦੇ ਅਹੁਦੇਦਾਰ ਸੁਰਿੰਦਰਪ੍ਰੀਤ ਘਣੀਆਂ, ਸ਼ੈਲਿੰਦਰਜੀਤ ਰਾਜਨ, ਬਲਵਿੰਦਰ ਸੰਧੂ, ਦਲਜੀਤ ਸਿੰਘ ਸਾਹੀ, ਮਨਜੀਤ ਇੰਦਰਾ, ਭੁਪਿੰਦਰ ਕੌਰ ਪ੍ਰੀਤ, ਮੂਲ ਚੰਦ ਸ਼ਰਮਾ ਅਤੇ ਰਜਿੰਦਰ ਰਾਜਨ ਆਦਿ ਨੇ ਵੀ ਸਰਕਾਰ ਦੇ ਇਸ ਫੈਸਲੇ ਨੂੰ ਸੁਹਿਰਦਤਾ ਨਾਲ ਲਾਗੂ ਕਰਨ 'ਤੇ ਜ਼ੋਰ ਦਿੱਤਾ।

# ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ.) ਵੱਲੋਂ ਸਵੀਪ ਮੁਕਾਬਲੇ ਕਰਵਾਏ ਗਏ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਜ਼ਿਲ੍ਹਾ-ਪੱਧਰੀ ਸਵੀਪ ਮੁਕਾਬਲੇ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ.) ਅੰਮ੍ਰਿਤਸਰ ਸੁਸ਼ੀਲ ਕੁਮਾਰ ਤੁਲੀ, ਡਿਪਟੀ ਡੀਈਓ ਬਲਰਾਜ ਸਿੰਘ, ਕੋਆਰਡੀਨੇਟਰ ਪ੍ਰਿੰਸੀਪਲ ਐੱਸ. ਓ. ਈ. ਮਾਲ ਰੋਡ ਮਨਦੀਪ ਕੌਰ ਦੀ ਯੋਗ ਕਾਰਵਾਈ ਨਾਲ ਕਰਵਾਏ ਗਏ। ਐਸ. ਓ. ਈ. ਮਾਲ ਰੋਡ ਵਿਖੇ ਪ੍ਰਿੰਸੀਪਲ ਮਨਦੀਪ ਕੌਰ ਦੀ ਪ੍ਰੇਰਨਾ ਸਦਕਾ ਮਿਸ ਆਦਰਸ਼ ਸ਼ਰਮਾ, ਮਨਦੀਪ ਕੌਰ ਬੱਲ (ਲੈਕਚਰਾਰ), ਅਲਕਾ ਰਾਣੀ ਸ਼ਰਮਾ, ਬਿੰਦੂ, ਪਰਮਆਫਤਾਬ ਸਿੰਘ, ਸੰਜੇ ਕੁਮਾਰ ਅਧਿਆਪਕਾਂ ਵੱਲੋਂ ਸਕੂਲ ਦੀਆਂ ਵਿਦਿਆਰਥਣਾਂ ਤੋਂ ਤਿਆਰ ਕਰਵਾਇਆ ਗਿਆ ਭਾਸ਼ਣ, ਕਵਿਤਾ, ਪੋਸਟਰ ਮੇਕਿੰਗ ਸਲੋਗਨ ਮੁਕਾਬਲਾ ਅਤੇ ਗਿੱਧਾ ਕਰਵਾਇਆ ਗਿਆ।

ਪੋਸਟਰ ਮੇਕਿੰਗ ਪਹਿਲਾ-ਮੰਥਨ ਐੱਸ. ਓ. ਈ. ਸ਼ਾਮ ਕੁਮਾਰ, ਐੱਸ. ਓ. ਈ ਛੇਹਰਟਾ ਦੂਸਰਾ-ਗੋਪਿਕਾ ਬੁੱਧਰਾਮ ਐੱਸ. ਓ. ਈ ਮਾਲ ਰੋਡ ਸਲੋਗਨ ਰਾਈਟਿੰਗ ਪਹਿਲਾ-ਅਨੁਦੀਪ ਕੌਰ ਡੀ. ਓ. ਗੁਰਭੇਜ ਸਿੰਘ ਐਸ. ਓ. ਈ ਮਾਲ ਰੋਡ ਦੂਸਰਾ-ਸੁਖਬੀਰ ਸਿੰਘ, ਐੱਸ. ਓ. ਈ ਬਚਿੱਤਰ ਸਿੰਘ ਐੱਸ. ਓ. ਈ. ਛੇਹਰਟਾ, ਕਵਿਤਾ ਮੁਕਾਬਲਾ ਪਹਿਲਾ-ਅਸਮੀਤ ਕੌਰ ਐੱਸ. ਓ. ਈ ਮਾਲ ਰੋਡ ਦੂਸਰਾ- ਪ੍ਰਤਿਭਾ ਸਕੰਸਸ ਸਕੂਲ, ਵੇਰਕਾ, ਭਾਸ਼ਣ ਮੁਕਾਬਲਾ ਪਹਿਲਾ-ਪਲਕ ਐਸ. ਓ. ਈ. ਮਾਲ ਰੋਡ ਦੂਸਰਾ-ਸਰਬਜੋਤ ਕੌਰ ਸਕੰਸਸ ਸਕੂਲ, ਵੇਰਕਾ ਰਿਹਾ। ਪ੍ਰੋਗਰਾਮ ਦੇ ਅੰਤ ਵਿਚ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ।

# ਮਲਵਿੰਦਰ ਦੀ ਪੁਸਤਕ 'ਚੁੱਪ ਦਾ ਮਰਮ ਪਛਾਣੀਏ' ਉਪਰ ਵਿਚਾਰ ਚਰਚਾ ਸਮਾਗਮ



ਬਾਬਾ ਬਕਾਲਾ ਸਾਹਿਬ (ਡੀ. ਕੇ. ਰੈਡੀ)-ਪਿਛਲੇ 37 ਸਾਲਾਂ ਤੋਂ ਲਗਾਤਾਰ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਚਰਚਿਤ ਸਾਹਿਤਕ ਸੰਸਥਾ ਪੰਜਾਬੀ ਸਾਹਿਤ ਸਭਾ, ਬਾਬਾ ਬਕਾਲਾ ਸਾਹਿਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਸ਼ਾਇਰ ਮਲਵਿੰਦਰ ਦੀ ਵਾਰਤਕ ਪੁਸਤਕ 'ਚੁੱਪ ਦਾ ਮਰਮ ਪਛਾਣੀਏ' ਉਪਰ ਵਿਚਾਰ ਚਰਚਾ ਸਮਾਗਮ ਬਾਬਾ ਮੱਖਣ ਸ਼ਾਹ ਲੁਬਾਣਾ ਸਰਾਂ, ਬਾਬਾ ਬਕਾਲਾ ਸਾਹਿਬ ਵਿਖੇ ਕਰਵਾਇਆ ਗਿਆ। ਇਸ ਮੌਕੇ ਪ੍ਰਧਾਨਗੀ ਮੰਡਲ ਵਿੱਚ ਡਾ: ਆਸਾ ਸਿੰਘ ਘੁੰਮਣ (ਸਾਬਕਾ ਪ੍ਰਧਾਨ ਸਿਰਜਣਾ ਕੇਂਦਰ ਕਪੂਰਥਲਾ), ਸ਼ੇਲਿੰਦਰਜੀਤ ਸਿੰਘ ਰਾਜਨ (ਮੀਤ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ), ਦੀਪ ਦਵਿੰਦਰ ਸਿੰਘ (ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ), ਜਸਵਿੰਦਰ ਸਿੰਘ ਢਿੱਲੋਂ (ਪ੍ਰਧਾਨ ਪੰਜਾਬੀ ਸਾਹਿਤ ਸਭਾ ਤਰਨ ਤਾਰਨ), ਡਾ: ਮਨਜੀਤ ਸਿੰਘ ਬੱਲ (ਸਾਬਕਾ ਪ੍ਰੋਫੈਸਰ ਰਾਜਿੰਦਰਾ ਮੈਡੀਕਲ ਕਾਲਜ ਪਟਿਆਲਾ), ਡਾ: ਮੋਹਣ ਬੇਗੋਵਾਲ (ਪ੍ਰਧਾਨ ਰਾਬਤਾ ਮੁਕਾਲਮਾ ਕਾਵਿ ਅੰਮ੍ਰਿਤਸਰ), ਹਰਪਾਲ ਸਿੰਘ ਨਾਗਰਾ (ਕਾਰਜਕਾਰਨੀ ਮੈਂਬਰ ਕੇਂਦਰੀ ਪੰਜਾਬੀ ਲੇਖਕ ਸਭਾ), ਮੈਨੇਜਰ ਭਾਈ ਗੁਰਵਿੰਦਰ ਸਿੰਘ ਦੇਵੀਦਾਸਪੁਰਾ, ਡਾ: ਗਗਨਦੀਪ (ਪ੍ਰਧਾਨ ਮਝੈਲਾਂ ਦੀ ਸੱਥ), ਗਿਆਨੀ ਗੁਲਜ਼ਾਰ ਸਿੰਘ ਖੈੜਾ (ਪ੍ਰਧਾਨ ਸ਼੍ਰੋਮਣੀ ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਸਰਪ੍ਰਸਤ ਪ੍ਰਿੰ: ਰਘਬੀਰ ਸਿੰਘ ਸੋਹਲ ਅਤੇ ਪ੍ਰਧਾਨ ਸੰਤੋਖ ਸਿੰਘ ਗੁਰਾਇਆ ਸੁਸ਼ੋਭਿਤ ਹੋਏ। ਮੰਚ ਸੰਚਾਲਨ ਦੇ ਫਰਜ਼ ਨਿਭਾਉਂਦਿਆਂ ਸਭਾ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਨੇ ਸਮੁੱਚੇ ਸਮਾਗਮ ਨੂੰ ਤਰਤੀਬ ਦਿੱਤੀ। ਇਸ ਦੌਰਾਨ ਸ਼ਾਇਰ ਮਲਵਿੰਦਰ ਦੀ ਵਾਰਤਕ ਪੁਸਤਕ 'ਚੁੱਪ ਦਾ ਮਰਮ ਪਛਾਣੀਏ' ਉਪਰ ਡਾ: ਮੋਹਣ ਬੇਗੋਵਾਲ ਅਤੇ ਸੰਤੋਖ ਸਿੰਘ ਗੁਰਾਇਆ ਨੇ ਵਿਦਵਤਾ ਭਰਪੂਰ ਪਰਚੇ ਪੜ੍ਹੇ। ਇਸ ਮੌਕੇ ਸ਼ੇਲਿੰਦਰਜੀਤ ਸਿੰਘ ਰਾਜਨ ਨੇ ਪੁਸਤਕ ਬਾਰੇ ਜਾਣ-ਪਛਾਣ ਕਰਵਾਈ। ਡਾ: ਭੁਪਿੰਦਰ ਸਿੰਘ ਫੇਰਮੁਾਨ, ਬਲਜਿੰਦਰ ਮਾਂਗਟ, ਹਰਜੀਤ ਸਿੰਘ ਸੰਧੂ ਨੇ ਚਰਚਾ ਆਰੰਭ ਕਰਦਿਆਂ ਕਿਹਾ ਕਿ ਚਰਚਾ ਅਧੀਨ ਪੁਸਤਕ ਗਲਪ ਅਤੇ ਵਾਰਤਕ ਦਾ ਸੁਮੇਲ ਹੈ ਜਿਸ ਵਿੱਚੋਂ ਜ਼ਿੰਦਗੀ ਦੀ ਸੂਖਮਤਾ, ਸੰਵੇਦਨਾ ਅਤੇ ਭਾਵੁਕਤਾ ਮਹਿਸੂਸ ਹੁੰਦੀ ਹੈ। ਦੀਪ ਦਵਿੰਦਰ ਸਿੰਘ ਨੇ ਕਿਹਾ ਕਿ ਪੁਸਤਕ ਵਿਚਲੀਆਂ ਰਚਨਾਵਾਂ ਦੀਆਂ ਘਟਨਾਵਾਂ ਕਲਪਿਤ ਨਹੀਂ ਸਗੋਂ ਮਾਨਵੀ ਅਨੁਭਵ ਦੀ ਨਿਸ਼ਾਨਦੇਹੀ ਕਰਦੀਆਂ ਹਨ। ਡਾ: ਆਸਾ ਸਿੰਘ ਘੁੰਮਣ, ਮੈਨੇਜਰ ਸੁਖਦੇਵ ਸਿੰਘ ਭੁੱਲਰ ਨੇ ਕਿਹਾ ਕਿ ਸਮੁੱਚੀ ਪੁਸਤਕ ਵਿਚੋਂ ਲੇਖਕ ਦਾ ਤਰਕਵਾਦੀ ਨਜ਼ਰੀਆ ਉਸ ਦੀ ਪ੍ਰਤੀਬੱਧਤਾ ਅਤੇ ਜ਼ਿੰਦਗੀ ਦਾ ਸੰਘਰਸ਼ ਵਿਖਾਈ ਦਿੰਦੇ ਹਨ। ਹਰਪਾਲ ਸਿੰਘ ਨਾਗਰਾ, ਡਾ: ਮਨਜੀਤ ਸਿੰਘ ਬੱਲ ਨੇ ਵਧਾਈ ਦਿੰਦਿਆਂ ਕਿਹਾ ਕਿ ਮਲਵਿੰਦਰ ਕੋਲ ਸ਼ਬਦਾਵਲੀ ਬੜੀ ਸਰਲ, ਸਪੱਸ਼ਟ ਅਤੇ ਨਿਧੜਕ ਹੈ। ਡਾ: ਗਗਨਦੀਪ ਸਿੰਘ, ਡਾ: ਸਤਨਾਮ ਬਾਰੀਆ, ਡਾ: ਕੁਲਵੰਤ ਸਿੰਘ ਬਾਠ, ਮਾ: ਲਖਵਿੰਦਰ ਸਿੰਘ ਹਵੇਲੀਆਣਾ, ਅਮਰਜੀਤ ਸਿੰਘ ਘੁੱਕ, ਮੁਖਤਾਰ ਸਿੰਘ ਗਿੱਲ ਨੇ ਵੀ ਵਿਚਾਰ ਚਰਚਾ ਵਿੱਚ ਹਿੱਸਾ ਲੈਂਦਿਆਂ ਮੁੱਲਵਾਨ ਟਿੱਪਣੀਆਂ ਕੀਤੀਆਂ। ਇਸ ਦੌਰਾਨ ਡਾ: ਆਸਾ ਸਿੰਘ ਘੁੰਮਣ ਦੀ ਪੁਸਤਕ 'ਬਾਬਾ ਮੱਖਣ ਸ਼ਾਹ ਬਨਜਾਰਾ ਅਤੇ ਭਾਈ ਲੱਖੀ ਸ਼ਾਹ ਲੁਬਾਣਾ' ਵੀ ਲੋਕ ਅਰਪਿਤ ਕੀਤੀ ਗਈ। ਇਸ ਮੌਕੇ ਗਾਇਕ ਮੱਖਣ ਭੈਣੀਵਾਲਾ, ਕਾਲਾ ਰਿਆਲੀ, ਰਾਜੀਵ ਮੈਹਣੀਆਂ, ਅਕਾਸ਼ਦੀਪ ਸਿੰਘ, ਜਸਮੇਲ ਸਿੰਘ ਜੋਧੇ, ਮਨਦੀਪ ਸਿੰਘ ਬੋਪਾਰਏ, ਸਤਨਾਮ ਬਾਰੀਆ ਨੇ ਗਾਇਕੀ ਪੇਸ਼ ਕੀਤੀ।

ਇਸ ਦੌਰਾਨ ਹੋਏ ਕਵੀ ਦਰਬਾਰ ਵਿੱਚ ਜਤਿੰਦਰਪਾਲ ਕੌਰ, ਰਾਜਵਿੰਦਰ ਕੌਰ ਰਾਜ, ਜਤਿੰਦਰਪਾਲ ਕੌਰ, ਜੋਗਿੰਦਰ ਕੌਰ, ਭਗਤ ਨਰਾਇਣ, ਜਗਨ ਨਾਥ ਨਿਮਾਣਾ ਉਦੋਕੇ, ਅਵਤਾਰ ਸਿੰਘ ਗੋਇੰਦਵਾਲ, ਹਰਭਜਨ ਸਿੰਘ ਭੱਗਰੱਥ, ਸੁਖਦੇਵ ਸਿੰਘ ਗੰਗਵਾਂ, ਜਸਪਾਲ ਸਿੰਘ ਧੂਲਕਾ, ਦਰਸ਼ਨ ਨੰਦੜਾ, ਸੋਢੀ ਸੱਤੋਵਾਲੀਆ, ਸਤਰਾਜ ਜਲਾਲਾਬਾਦੀ, ਨਵਦੀਪ ਸਿੰਘ ਬਦੇਸ਼ਾ, ਸਰਬਜੀਤ ਸਿੰਘ ਪੱਡਾ, ਮਾ: ਲਖਵਿੰਦਰ ਸਿੰਘ ਮਾਨ, ਕਸ਼ਮੀਰ ਸਿੰਘ, ਬਲਵਿੰਦਰ ਸਿੰਘ ਅਠੌਲਾ, ਬਲਬੀਰ ਸਿੰਘ ਬੀਰ ਆਦਿ ਨੇ ਕਾਵਿ ਰਚਾਨਵਾਂ ਰਾਹੀਂ ਚੰਗਾ ਰੰਗ ਬੰਨ੍ਹਿਆ।

# ਆਰ. ਡੀ. ਖੋਸਲਾ ਡੀ ਏ ਵੀ ਸਕੂਲ ਵਿਖੇ 41ਵਾਂ ਇਨਾਮ ਵੰਡ ਤੇ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ



ਬਟਾਲਾ (ਤਰਲੋਕ ਬੱਗਾ)—ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦਾ 41ਵਾਂ ਇਨਾਮ ਵੰਡ ਅਤੇ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਮਾਨਯੋਗ ਮਮਤਾ ਖੁਰਾਨਾ ਸੇਠੀ ਜ਼ਿਲ੍ਹਾ ਸਿੱਖਿਆ ਅਫਸਰ ਗੁਰਦਾਸਪੁਰ ਸਨ। ਇਸ ਮੌਕੇ ਸਕੂਲ ਦੇ ਪ੍ਰਧਾਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ, ਪ੍ਰਿੰਸੀਪਲ ਡਾ: ਬਿੰਦੂ ਭੱਲਾ, ਪ੍ਰਬੰਧਕੀ ਕਮੇਟੀ ਮੈਂਬਰ ਕੇ. ਐੱਲ. ਗੁਪਤਾ, ਭੁਪਿੰਦਰ ਸਿੰਘ, ਵਰਿੰਦਰ ਕਾਂਸਰਾ, ਮੋਨਿਕਾ ਖੋਸਲਾ ਅਤੇ ਮਨੀਸ਼ਾ ਖੋਸਲਾ ਨੇ ਜੋਤੀ ਜਗਾ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਗਣੇਸ਼ ਵੰਦਨਾ ਨਾਲ ਹੋਈ। ਇਸ ਪ੍ਰੋਗਰਾਮ ਵਿੱਚ ਸਵਾਮੀ ਵਿਵੇਕਾਨੰਦ ਜੀ ਦੇ ਜੀਵਨ ਅਤੇ ਵਿਚਾਰਧਾਰਾ ਦੇ ਸਫਰ ਸਬੰਧੀ ਵੱਖ-ਵੱਖ ਪੇਸ਼ਕਾਰੀਆਂ ਦਿੱਤੀਆਂ ਗਈਆਂ ਜਿਸ ਵਿੱਚ ਰਾਸ਼ਟਰਵਾਦੀ ਚੇਤਨਾ ਅਤੇ ਅਧਿਆਤਮਿਕ ਵਿਕਾਸ ਵਿੱਚ ਉਨ੍ਹਾਂ ਵੱਲੋਂ ਨਿਭਾਈ ਗਈ ਅਹਿਮ ਭੂਮਿਕਾ ਨੂੰ ਦਰਸਾਇਆ ਗਿਆ। ਗੁਰੂ ਪ੍ਰਤੀ ਸ਼ਰਧਾ, ਗੁਰੂ ਸੇਵਾ ਅਤੇ ਗੁਰੂ ਪ੍ਰਤੀ ਅਟੁੱਟ ਸ਼ਰਧਾ ਵਾਲੇ ਇੱਕ ਆਦਰਸ਼ ਪੁਰਸ਼ ਸਵਾਮੀ ਵਿਵੇਕਾਨੰਦ ਨੇ ਭਾਰਤੀ ਸਮਾਜ ਵਿੱਚ ਜਾਗਰੂਕਤਾ ਲਿਆ ਕੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ। ਉਨ੍ਹਾਂ ਨੇ ਭਾਰਤੀ ਦਰਸ਼ਨ ਅਤੇ ਅਧਿਆਤਮਿਕ ਗਿਆਨ ਦਾ ਝੰਡਾ ਪੂਰੀ ਦੁਨੀਆ ਵਿੱਚ ਲਹਿਰਾਇਆ। ਉਹ ਨਾ ਸਿਰਫ ਗਰੀਬਾਂ ਦੇ ਸੇਵਕ ਅਤੇ ਸਮਾਜ ਸੁਧਾਰਕ ਸਨ, ਸਗੋਂ ਉਨ੍ਹਾਂ ਨੇ ਵਿਦੇਸ਼ੀ ਧਰਤੀ ਤੇ ਵੀ ਭਾਰਤ ਦੀ ਸ਼ਾਨ ਨੂੰ ਵਧਾਇਆ। ਉਨ੍ਹਾਂ ਦੇਸ਼ ਦੇ ਨੌਜਵਾਨਾਂ ਨੂੰ ਆਪਣੇ ਟੀਚਿਆਂ ਦੀ ਪ੍ਰਾਪਤੀ ਲਈ ਯਤਨਸ਼ੀਲ ਰਹਿਣ ਲਈ ਪ੍ਰੇਰਿਤ ਕੀਤਾ। ਦੇਸ਼ ਦੇ ਵਿਕਾਸ ਵਿੱਚ ਨੌਜਵਾਨ ਸ਼ਕਤੀ ਹੀ ਅਹਿਮ ਭੂਮਿਕਾ ਅਦਾ ਕਰ ਸਕਦੀ ਹੈ। ਪ੍ਰੋਗਰਾਮ ਵਿੱਚ ਵਿਦਿਆਰਥੀਆਂ ਵੱਲੋਂ ਉਨ੍ਹਾਂ ਦੇ ਜੀਵਨ ਅਤੇ ਵਿਚਾਰਧਾਰਾ ਦੇ ਸਫਰ ਨੂੰ ਬਹੁਤ ਹੀ ਖੂਬਸੂਰਤੀ ਨਾਲ ਪੇਸ਼ ਕੀਤਾ ਗਿਆ। ਬ੍ਰਹਮੋ ਸਮਾਜ ਤੋਂ ਲੈ ਕੇ ਰਾਮਕ੍ਰਿਸ਼ਨ ਮਿਸ਼ਨ ਦੀ ਸਥਾਪਨਾ ਅਤੇ ਗੁਰੂ ਪ੍ਰਤੀ ਨਿਵੇਕਲੀ ਸ਼ਰਧਾ ਅਤੇ ਸੇਵਾ ਦੀਆਂ ਘਟਨਾਵਾਂ ਨੇ ਸਾਰਿਆਂ ਦਾ ਮਨ ਮੋਹ ਲਿਆ। ਪ੍ਰੋਗਰਾਮ ਵਿੱਚ ਵਿਦਿਆਰਥੀਆਂ ਵੱਲੋਂ ਉਨ੍ਹਾਂ ਦੇ ਜੀਵਨ ਅਤੇ ਵਿਚਾਰਧਾਰਕ ਸਫਰ ਨੂੰ ਬਹੁਤ ਹੀ ਖੂਬਸੂਰਤੀ ਨਾਲ ਪੇਸ਼ ਕੀਤਾ ਗਿਆ। ਬ੍ਰਹਮੋ ਸਮਾਜ ਤੋਂ ਲੈ ਕੇ ਰਾਮਕ੍ਰਿਸ਼ਨ ਮਿਸ਼ਨ ਦੀ ਸਥਾਪਨਾ ਅਤੇ ਗੁਰੂ ਪ੍ਰਤੀ ਨਿਵੇਕਲੀ ਸ਼ਰਧਾ ਅਤੇ ਸੇਵਾ ਦੀਆਂ ਘਟਨਾਵਾਂ, ਕੰਨਿਆਕੁਮਾਰੀ ਯਾਤਰਾ ਅਤੇ ਸ਼ਿਕਾਗੋ ਯਾਤਰਾ ਨੇ ਸਾਰਿਆਂ ਦਾ ਮਨ ਮੋਹ ਲਿਆ। ਸੱਭਿਆਚਾਰਕ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਵੱਲੋਂ ਬੰਗਾਲੀ ਡਾਂਸ, ਨਵਦੁਰਗਾ ਡਾਂਸ, ਗਾਇਤਰੀ ਮੰਤਰ, ਕਲਾਸੀਕਲ ਡਾਂਸ, ਸ਼ਿਵ ਮਹਿਮਾ, ਗੰਗਾ ਵੰਦਨਾ, ਕਸ਼ਮੀਰੀ, ਹਰਿਆਣਵੀ, ਗਰਬਾ, ਘੁੰਮਰ, ਗਿੱਧਾ, ਭੰਗੜਾ ਡਾਂਸ ਆਦਿ ਪੇਸ਼ ਕਰਕੇ ਸਮਾਂ ਬੰਨ੍ਹਿਆ। ਸਕੂਲ ਪ੍ਰਿੰਸੀਪਲ ਡਾ: ਬਿੰਦੂ ਭੱਲਾ ਨੇ ਸਮੂਹ ਮਹਿਮਾਨਾਂ, ਪ੍ਰਬੰਧਕ ਕਮੇਟੀ ਮੈਂਬਰਾਂ, ਮਾਪਿਆਂ, ਮੀਡੀਆ, ਅਧਿਆਪਕਾਂ, ਨਾਨ-ਟੀਚਿੰਗ ਸਟਾਫ ਅਤੇ ਵਿਦਿਆਰਥੀਆਂ ਨੂੰ ਜੀ ਆਇਆਂ ਕਿਹਾ ਅਤੇ ਸਕੂਲ ਦੀ ਸਾਲਾਨਾ ਰਿਪੋਰਟ ਪੜ੍ਹ ਕੇ ਸੁਣਾਈ ਅਤੇ ਅਕਾਦਮਿਕ ਖੇਤਰ ਨਾਲ ਸਬੰਧਿਤ ਵਿਦਿਆਰਥੀਆਂ ਦੀਆਂ ਸਮੂਹਿਕ ਪ੍ਰਾਪਤੀਆਂ ਤੋਂ ਜਾਣੂ ਕਰਵਾਇਆ। ਯੋਗਾ ਅਤੇ ਖੇਡਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਜਿੱਥੇ ਇੱਕ ਪਾਸੇ ਇਹ ਸਕੂਲ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਸਕੂਲ ਹੈ, ਉੱਥੇ ਹੀ ਦੂਜੇ ਪਾਸੇ ਖੇਡਾਂ ਦੇ ਖੇਤਰ ਵਿੱਚ ਵੀ ਵਿਸ਼ੇਸ਼ ਭੂਮਿਕਾ ਨਿਭਾ ਰਿਹਾ ਹੈ। ਸਕੂਲ ਦੇ ਲੜਕੇ-ਲੜਕੀਆਂ ਨੇ ਕ੍ਰਿਕਟ, ਕੁਸ਼ਤੀ, ਟੇਬਲ ਟੈਨਿਸ, ਹੈਂਡਬਾਲ, ਬੈਡਮਿੰਟਨ, ਵਾਲੀਬਾਲ ਵਰਗੀਆਂ ਖੇਡਾਂ ਵਿੱਚ ਰਾਜ ਅਤੇ ਰਾਸਟਰੀ ਪੱਧਰ ਤੇ ਵਿਸ਼ੇਸ਼ ਪੁਜ਼ੀਸ਼ਨਾਂ ਹਾਸਲ ਕੀਤੀਆਂ ਹਨ। ਸਕੂਲ ਦੇ ਵਿਦਿਆਰਥੀ ਅਤੇ ਅਧਿਆਪਕ ਸਵਾਮੀ ਵਿਵੇਕਾਨੰਦ ਵੱਲੋਂ ਦਿੱਤੇ ਵਿਚਾਰਾਂ 'ਤੇ ਚੱਲਦਿਆਂ ਆਪਣੇ ਟੀਚਿਆਂ ਦੀ ਪ੍ਰਾਪਤੀ ਲਈ ਅੱਗੇ ਵੱਧ ਰਹੇ ਹਨ। ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਸਕੂਲ ਦੇ ਪ੍ਰਧਾਨ ਅਜੇ ਖੋਸਲਾ ਨੇ ਸਕੂਲ ਵਿੱਚ ਆਏ ਸਾਰੇ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ। ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਦੀ ਪ੍ਰਬੰਧਕ ਕਮੇਟੀ ਵੱਲੋਂ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਸਕੂਲ ਦੀ ਪ੍ਰਬੰਧਕੀ ਕਮੇਟੀ ਵੱਲੋਂ ਮੁੱਖ ਮਹਿਮਾਨ ਮਮਤਾ ਖੁਰਾਣਾ ਸੇਠੀ ਨੂੰ ਸ਼ਾਲ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

# ਪ੍ਰੈੱਸ ਕਲੱਬ ਦੇ ਨਵੇਂ ਚੁਣੇ ਅਹੁਦੇਦਾਰਾਂ ਨੂੰ ਚੋਣ ਅਧਿਕਾਰੀ ਨੇ ਵੰਡੇ ਜੇਤੂ ਸਰਟੀਫਿਕੇਟ



ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਪ੍ਰੈੱਸ ਕਲੱਬ ਅੰਮ੍ਰਿਤਸਰ ਦੀ ਹੋਈ ਚੋਣ ਨੂੰ ਲੈ ਕੇ ਅੱਜ ਜੇਤੂ ਉਮੀਦਵਾਰਾਂ ਨੂੰ ਚੋਣ ਅਧਿਕਾਰੀ ਅਨਿਲ ਸ਼ਰਮਾ ਤੇ ਸਹਾਇਕ ਚੋਣ ਅਧਿਕਾਰੀ ਖੁਸ਼ਬੂ ਸ਼ਰਮਾ ਨੇ ਜੇਤੂ ਸਰਟੀਫਿਕੇਟ ਵੰਡੇ ਤੇ ਪ੍ਰੈੱਸ ਕਲੱਬ ਜੋ ਕਿਸੇ ਦੀ ਨਿੱਜੀ ਸੰਪਤੀ ਨਹੀਂ ਸਗੋਂ ਜਨਤਕ ਸੰਮਤੀ ਹੈ, ਨੂੰ ਤਾਲੇ ਲਗਾਉਣ ਦੀ ਮੀਟਿੰਗ ਵਿੱਚ ਸ਼ਾਮਲ ਪੱਤਰਕਾਰਾਂ ਨੇ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਤੇ ਸਰਕਾਰ ਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਜਨਤਕ ਸੰਪਤੀ ਨੂੰ ਤਾਲੇ ਲਗਾਉਣ ਵਾਲਿਆਂ ਦੇ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇ। ਪ੍ਰੈੱਸ ਕਲੱਬ ਦੇ ਬਾਹਰ ਗੇਟ 'ਤੇ ਕੀਤੀ ਗਈ ਮੀਟਿੰਗ ਵਿੱਚ ਵੱਖ-ਵੱਖ ਅਖਬਾਰਾਂ ਦੇ ਪੱਤਰਕਾਰ ਸ਼ਾਮਲ ਹੋਏ ਤੇ ਪੰਜ ਚੁਣੇ ਗਏ ਅਹੁਦੇਦਾਰਾਂ ਨੂੰ ਜੇਤੂ ਸਰਟੀਫਿਕੇਟ ਵੰਡੇ ਗਏ। ਚੁਣੇ ਗਏ ਪ੍ਰਧਾਨ ਜਸਬੀਰ ਸਿੰਘ ਪੱਟੀ, ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਸ਼ਰਮਾ, ਜਨਰਲ ਸਕੱਤਰ ਮਮਤਾ ਸ਼ਰਮਾ, ਜਾਇੰਟ ਸਕੱਤਰ ਰਾਜੀਵ ਸ਼ਰਮਾ ਤੇ ਖਜ਼ਾਨਚੀ ਵਿਸ਼ਾਲ ਕੁਮਾਰ ਨੂੰ ਸਰਟੀਫਿਕੇਟ ਦਿੱਤੇ ਗਏ। ਪਿਛਲੇ ਲੰਮੇ ਸਮੇਂ ਤੋਂ ਅੰਮ੍ਰਿਤਸਰ ਵਿੱਚ ਡੇਰਾ ਲਾਈ ਬੈਠੇ ਜ਼ਿਲ੍ਹਾ ਸੰਪਰਕ ਅਧਿਕਾਰੀ ਸ਼ੇਰ ਜੰਗ ਸਿੰਘ ਵੱਲੋਂ ਇੱਕ ਤਰਫੀ ਨਿਭਾਈ ਜਾ ਰਹੀ ਭੂਮਿਕਾ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਤੇ ਪੰਜਾਬ ਸਰਕਾਰ ਤੇ ਵਿਸ਼ੇਸ਼ ਕਰਕੇ ਲੋਕ ਸੰਪਰਕ ਮੰਤਰੀ ਕੋਲੋਂ ਮੰਗ ਕੀਤੀ ਗਈ ਕਿ ਇਸ ਅਧਿਕਾਰੀ ਨੂੰ ਤੁਰੰਤ ਮੁਅੱਤਲ ਕਰਕੇ ਇਸ ਦੀ ਕਾਰਗੁਜ਼ਾਰੀ ਦੀ ਜਾਂਚ ਕਰਵਾਈ ਜਾਵੇ। ਪ੍ਰਧਾਨ ਜਸਬੀਰ ਸਿੰਘ ਪੱਟੀ ਨੇ ਕਿਹਾ ਕਿ ਉਹ ਪ੍ਰੈੱਸ ਕਲੱਬ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਤੇ ਲੋਕ ਸੰਪਰਕ ਮੰਤਰੀ ਨੂੰ ਪੱਤਰ ਲਿਖ ਕੇ ਮੰਗ ਕਰਨਗੇ ਕਿ ਪੱਤਰਕਾਰਾਂ ਵਿੱਚ ਧੜੇਬੰਦੀ ਪੈਦਾ ਕਰਕੇ ਸਰਕਾਰ ਦਾ ਨੁਕਸਾਨ ਕਰਨ ਵਾਲੇ ਇਸ ਅਧਿਕਾਰੀ ਵਿਰੁੱਧ ਤੁਰੰਤ ਕਾਰਵਾਈ ਕੀਤੀ ਜਾਵੇ। ਇਸੇ ਤਰ੍ਹਾਂ ਜਨਰਲ ਸਕੱਤਰ ਮਮਤਾ ਦੇਵਗਨ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਪ੍ਰੈੱਸ ਕਲੱਬ ਨੂੰ ਜੰਦਰਾ ਮਾਰ ਕੇ ਤਾਨਾਸ਼ਾਹੀ ਦਾ ਸਬੂਤ ਦਿੱਤਾ ਹੈ ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਵਾਉਣ ਲਈ ਉਹ ਜ਼ਿਲ੍ਹਾ ਪੁਲਸ ਕਮਿਸ਼ਨਰ ਨੂੰ ਮਿਲਣਗੇ ਤੇ ਇਨਸਾਫ ਨਾ ਮਿਲਿਆ ਤਾਂ ਅਦਾਲਤ ਦਾ ਦਰਵਾਜ਼ਾ ਖੜਕਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਅਗਸਤ 2023 ਵਿੱਚ ਦੋ ਸਾਲ ਦਾ ਸਮਾਂ ਪ੍ਰੈੱਸ ਕਲੱਬ ਦੀ ਬਾਡੀ ਦਾ ਸਮਾਂ ਖਤਮ ਹੋ ਗਿਆ ਸੀ ਤੇ ਅੱਜ ਤੱਕ ਇਹ ਲੋਕ ਇਸ ਸਰਕਾਰੀ ਇਮਾਰਤ 'ਤੇ ਕਿਵੇਂ ਕਾਬਜ਼ ਹਨ। ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਜ਼ਿਲ੍ਹੇ ਦੇ ਡੀ. ਸੀ. ਤੇ ਹੋਰ ਅਧਿਕਾਰੀਆਂ ਨੂੰ ਗੁੰਮਰਾਹ ਕਰਕੇ ਇੱਕ ਧਿਰ ਬਣ ਕੇ ਕੰਮ ਕਰ ਰਿਹਾ ਹੈ।

ਖਜ਼ਾਨਚੀ ਵਿਸ਼ਾਲ ਸ਼ਰਮਾ ਨੇ ਕਿਹਾ ਕਿ ਸਾਬਕਾ ਪ੍ਰਧਾਨ ਨੇ ਕਈ ਘਪਲੇ ਕੀਤੇ ਹਨ ਤੇ ਇਸ ਦੀ ਜਾਂਚ ਵਿਜੀਲੈਂਸ ਕੋਲੋਂ ਹੋਣੀ ਚਾਹੀਦੀ ਹੈ। ਵੈਟਰਨ ਪੱਤਰਕਾਰ ਦੀਪਕ ਸ਼ਰਮਾ ਨੇ ਕਿਹਾ ਕਿ ਸਾਬਕਾ ਪ੍ਰਧਾਨ ਕਿਸੇ ਚੈਨਲ ਦਾ ਕੋਈ ਪੱਤਰਕਾਰ ਨਹੀਂ ਹੈ ਪਰ ਇਹ ਸਰਕਾਰੀ ਕੋਠੀ 'ਤੇ ਕਿਸ ਹੈਸੀਅਤ ਵਿੱਚ ਕਬਜ਼ਾ ਕਰਕੇ ਬੈਠਾ ਹੈ ਤੇ ਇਸ ਦੀ ਜਾਂਚ ਕੀਤੀ ਜਾਵੇ ਤੇ ਇਸ ਕੋਲੋਂ ਸਰਕਾਰੀ ਕੋਠੀ ਤੁਰੰਤ ਖਾਲੀ ਕਰਵਾਈ ਜਾਵੇ। ਉਨ੍ਹਾਂ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਸ਼ੇਰ ਜੰਗ ਸਿੰਘ ਨੂੰ ਵੀ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਇਹ ਵਿਅਕਤੀ ਕਿਸੇ ਵਿਰੋਧੀ ਪਾਰਟੀ ਨੂੰ ਖੁਸ਼ ਕਰਨ ਲਈ ਪੱਤਰਕਾਰਾਂ ਵਿੱਚ ਦੁਫੇੜ ਪਾ ਕੇ ਸਰਕਾਰ ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਇਹ ਅਧਿਕਾਰੀ ਲੰਮੇ ਸਮੇਂ ਤੋਂ ਅੰਮ੍ਰਿਤਸਰ ਵਿੱਚ ਹੀ ਕਿਓਂ ਬੈਠਾ ਹੈ, ਇਸ ਦੀ ਵੀ ਜਾਂਚ ਹੋਣੀ ਚਾਹੀਦੀ ਹੈ। ਰਾਜੀਵ ਸ਼ਰਮਾ ਨੇ ਕਿਹਾ ਕਿ ਪ੍ਰੈੱਸ ਕਲੱਬ ਦੀ ਚੋਣ ਪੂਰੇ ਸਿਸਟਮ ਨਾਲ ਹੋ ਚੁੱਕੀ ਹੈ ਤੇ ਹੁਣ ਕਲੱਬ ਦੀ ਚੋਣ ਨਹੀਂ ਹੋ ਸਕਦੀ । ਉਨ੍ਹਾਂ ਕਿਹਾ ਕਿ ਉਹ ਅਦਾਲਤ ਦਾ ਦਰਵਾਜ਼ਾ ਖੜਕਾਉਣਗੇ ਕਿ ਪ੍ਰੈੱਸ ਕਲੱਬ ਜਨਤਕ ਸੰਪਤੀ ਨੂੰ ਜੰਦਰਾ ਮਾਰ ਕੇ ਨਿੱਜੀ ਸੰਪਤੀ ਕਿਵੇਂ ਬਣਾਇਆ ਜਾ ਰਿਹਾ ਹੈ।

ਕਾਰਜਕਾਰਨੀ ਕਮੇਟੀ ਦੀ ਚੋਣ ਕਰਨ ਲਈ ਸਾਰੇ ਅਧਿਕਾਰ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਦਿੰਦਿਆਂ ਦਿਹਾਤੀ ਪੱਤਰਕਾਰ ਪ੍ਰਿਥੀਪਾਲ ਸਿੰਘ ਹਰੀਆ ਤੇ ਬਲਜੀਤ ਸਿੰਘ ਤਲਵੰਡੀ ਨੇ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਕਾਰਜਕਾਰਨੀ ਕਮੇਟੀ ਬਣਾਉਣ ਦੇ ਸਾਰੇ ਅਧਿਕਾਰ ਨਵੇਂ ਬਣੇ ਅਹੁਦੇਦਾਰਾਂ ਨੂੰ ਦਿੱਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਲੋਕ ਸੰਪਰਕ ਅਧਿਕਾਰੀ ਦੇ ਖਿਲਾਫ ਉਹ ਦਿਹਾਤ ਵਿੱਚ ਵੀ ਪੁਤਲੇ ਸਾੜ ਕੇ ਰੋਸ ਪ੍ਰਗਟ ਕਰਨਗੇ ਤੇ ਉਸ ਵੇਲੇ ਤੱਕ ਜੰਗ ਜਾਰੀ ਰੱਖੀ ਜਾਵੇਗੀ ਜਦੋਂ ਤੱਕ ਇਸ ਨੂੰ ਮੁਅੱਤਲ ਕਰਕੇ ਇਸ ਦੇ ਸਰਕਾਰ ਵਿਰੋਧੀ ਕਾਰਨਾਮਿਆਂ ਦੀ ਜਾਂਚ ਨਹੀਂ ਕਰਵਾਈ ਜਾਂਦੀ।

